
379

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

## ਮਾਸਿਕ ਪਤ੍ਰਿਕਾ

ਜੂਨ, 1995



ਏਹੈ ਬ੍ਰਹਮ ਦੁਤੀਆ ਨੇਸਤ,
ੴ
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।।
ਅਰਜਨ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।।



# ਆਤਮ ਮਾਰਗ

ਸਾਲ ਪਹਿਲਾ - ਅੰਕ ਤੀਜਾ - ਮਾਸਿਕ - ਜੂਨ, 1995

: ਸਰਪ੍ਰਸਤ :
ਸੰਤ ਵਰਿਆਮ ਸਿੰਘ ਜੀ
ਬਾਨੀ ਤੇ ਮੁਖੀ
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ

: ਸੰਪਾਦਕ :
ਹਰਪਾਲ ਸਿੰਘ

: ਆਨਰੇਰੀ ਸੰਪਾਦਕ :
ਡਾਕਟਰ ਸ਼ਮਸ਼ੇਰ ਸਿੰਘ
ਡਾਕਟਰ ਬੀਬੀ ਤੇਜਿੰਦਰ ਮਲਹੋਤਰਾ

: ਐਡੀਟੋਰੀਅਲ ਬੋਰਡ :
ਸੰਤ ਸਾਧੂ ਸਿੰਘ ਜੀ (ਡਬਲ ਐਮ. ਏ.)
ਡਾਕਟਰ ਕੁਲਦੀਪ ਸਿੰਘ
ਸਰਮੁਖ ਸਿੰਘ ਪੰਨੂ (ਰਿਟਾ: ਸੁਪਰਡੰਟ)
ਐਨ. ਐਸ ਲੂੰਬਾ

: ਸਲਾਹਕਾਰ:
ਬੀ. ਐਸ ਆਹਲੂਵਾਲੀਆ
ਇੰਜ: ਤਰਲੋਚਨ ਸਿੰਘ
ਹਰਭਜਨ ਸਿੰਘ ਹਲਵਾਰਵੀ

ਨੋਟ: ਆਤਮ ਮਾਰਗ ਐਡੀਟੋਰੀਅਲ ਬੋਰਡ ਦੇ ਮੈਂਬਰ ਜ਼ਰੂਰੀ ਨਹੀਂ ਕਿ ਲੇਖਕਾਂ ਦੇ ਖਿਆਲਾਂ ਨਾਲ ਸਹਿਮਤ ਹੋਣ।

: ਪੱਤਰ ਵਿਹਾਰ ਅਤੇ ਚੰਦਾ ਭੇਜਣ ਲਈ ਪਤਾ:
ਕੋਠੀ ਨੰ: 781, ਫੇਜ਼ 3 ਬੀ-1, ਸੈਕਟਰ 60,
ਐਸ. ਏ. ਐਸ. ਨਗਰ (ਮੋਹਾਲੀ) - 160055

: ਟੈਲੀਫੋਨ ਸੰਪਰਕ :
ਮੋਹਾਲੀ : 671301, 672435
ਚੰਡੀਗੜ੍ਹ : 603524
ਰਤਵਾੜਾ ਸਾਹਿਬ : 89-218

**ਪ੍ਰਕਾਸ਼ਕ ਦੇ ਸਭ ਹਕ ਰਾਖਵੇਂ ਹਨ।**

**ਪਬਲਿਸ਼ਰ ਤੇ ਸੰਪਾਦਕ ਹਰਪਾਲ ਸਿੰਘ ਨੇ ਆਤਮ ਮਾਰਗ ਅਸੋਸ਼ੀਏਟਡ ਪਰਿੰਟ੍ਰਜ਼, ਇੰਡਸਟਰੀਅਲ ਏਰੀਆ, ਫੇਜ਼ -1, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬ ਦਾਸ, ਤਹਿਸੀਲ ਖਰੜ, ਜ਼ਿਲਾ ਰੋਪੜ ਤੋਂ ਪ੍ਰਕਾਸ਼ਤ ਕੀਤਾ।**

## ਤਤਕਰਾ

1. ਆਸਾੜ੍ਹ 2
2. ਸੰਪਾਦਕੀ 3
   ਡਾ. ਸ਼ਮਸੇਰ ਸਿੰਘ
3. ਸੰਤ ਕਾ ਮਾਰਗ 4
   ਸੰਤ ਬਾਬਾ ਵਰਿਆਮ ਸਿੰਘ ਜੀ
4. ਧਾਵਤ ਥੰਮ੍ਹਿਆ ਸਤਿਗੁਰਿ ਮਿਲਿਐ..... 10
   ਸੰਤ ਬਾਬਾ ਧਨਵੰਤ ਸਿੰਘ ਜੀ
5. ਪਹਿਲੇ ਰਤਨ - ਬਾਬਾ ਸੋਭਾ ਸਿੰਘ ਜੀ 13
   ਗਿਆਨੀ ਮੇਹਰ ਸਿੰਘ
6. ਸ਼ਹੀਦਾਂ ਦੇ ਸਿਰਤਾਜ-ਸ੍ਰੀ ਗੁਰੂ ਅਰਜਨ ਦੇਵ ਜੀ 17
   ਡਾ. ਸ਼ਮਸ਼ੇਰ ਸਿੰਘ
7. ਸ੍ਰੀ ਗੁਰੂ ਹਰਗੋਬਿੰਦ ਸਾਹਿਬ-ਮੀਰੀ ਤੇ ਪੀਰੀ 20
   ਡਾ. ਸ਼ਮਸ਼ੇਰ ਸਿੰਘ
8. ਜੀਵਨ ਮਨੋਰਥ 24
   ਸੰਤ ਬਾਬਾ ਵਰਿਆਮ ਸਿੰਘ ਜੀ
9. ਧਰਮ ਕੀ ਪਉੜੀ 27
   ਸੰਤ ਬਾਬਾ ਵਰਿਆਮ ਸਿੰਘ ਜੀ
10. ਮਹਾਂਪੁਰਸ਼ਾਂ ਦੇ ਅਨੁਭਵੀ ਬਚਨ 32
11. ਸੰਤ ਬਚਨ 35
   ਸੰਤ ਬਾਬਾ ਵਰਿਆਮ ਸਿੰਘ ਜੀ
12. ਕਵਿਤਾ 39
   ਬੀਬੀ ਚਰਨਜੀਤ ਕੌਰ
13. ਸ੍ਰੀ ਗੁਰੂ ਗ੍ਰੰਥ ਸਾਹਿਬ - 'ਸਰਵੋਤਮ' 40
   ਡਾ. ਸਵਾਮੀ ਰਾਮ ਜੀ
14. ਸਨੇਹੀਆਂ ਦਾ ਪੰਨਾ 47
15. ਵਿਗਿਆਨ - ਸੰਚਾਰ 49
   ਅਮਨਦੀਪ ਸਿੰਘ ਧਾਲੀਵਾਲ
16. ਨਿਸ਼ਚਾ 51
   ਡਾ. ਕੁਲਦੀਪ ਸਿੰਘ
17. ਸਿਹਤ ਵਿਗਿਆਨ 53
   ਭਾਈ ਕਾਨ੍ਹ ਸਿੰਘ ਨਾਭਾ
18. ਸਮਾਗਮ ਤੇ ਸਰਗਰਮੀਆਂ 56

-: ਚੰਦਾ :-
ਦੇਸ਼ : ਸਲਾਨਾ 165/-, ਫੀ ਕਾਪੀ 15/-
ਵਿਦੇਸ਼ : ਸਲਾਨਾ 40 US$

**REGD. No. 1/58/95-4/ਪੀ.ਬੀ. (2) 977**

ਮੁਖ ਪੰਨੇ ਦੀ ਤਸਵੀਰ - ਬੰਦੀ ਛੋੜ - ਸ੍ਰੀ ਗੁਰੂ ਹਰਗੋਬਿੰਦ ਸਾਹਿਬ - 52 ਰਾਜਿਆਂ ਦੀ ਰਿਹਾਈ.

# ਆਸਾੜੁ

*ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥*
*ਜਗ ਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥*
*ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥*
*ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥*
*ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ॥*
*ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥*
*ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ॥*
*ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ॥*
*ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ॥* *ਪੰਨਾ - 134*

ਗੁਰਮਤਿ ਵਿਚਾਰਧਾਰਾ ਦੇ ਪੱਖ ਤੋਂ ਬ੍ਰਹਮ, ਆਤਮਾ ਤੇ ਜਗਤ ਤਿੰਨਾਂ ਦਾ ਆਪਸੀ ਬੜਾ ਗੂੜ੍ਹਾ ਸਬੰਧ ਹੈ। ਆਤਮਾ, ਪਰਮਾਤਮਾ ਦੀ ਅੰਸ ਹੋਣ ਕਰਕੇ ਇਕ ਪਾਸੇ ਤਾਂ ਆਪਣੇ ਮੂਲ ਸ੍ਰੋਤ ਬ੍ਰਹਮ ਨਾਲ ਜੁੜੀ ਹੋਈ ਹੈ ਅਤੇ ਦੂਸਰੇ ਪਾਸੇ ਜਗਤ ਵਿਚ ਜੀਵ ਅੰਦਰ ਪ੍ਰਵੇਸ਼ ਕਰਨ ਨਾਲ ਜੀਵ-ਆਤਮਾ ਕਹਿਲਾਂਦੀ ਹੈ। ਇਹ ਬ੍ਰਹਮ ਵਾਂਗ ਅਮਰ ਤੇ ਅਟੱਲ ਹੈ। ਜਗਤ ਵਿਚ ਪ੍ਰਵੇਸ਼ ਕਰਨ ਨਾਲ ਇਹ ਮਾਇਆ ਲਿਪਤ ਹੋ ਜਾਂਦੀ ਹੈ। ਪੰਜ ਤੱਤ ਦੇ ਸਰੀਰ ਅੰਦਰ ਇਹ ਛੇਵਾਂ ਤੱਤ ਅਦ੍ਰਿਸ਼ਟ ਹੈ। ਇਸਨੂੰ ਦੇਖਣਾ, ਪਹਿਚਾਨਣਾ ਜਾਂ ਚੀਨਣਾ ਹੀ ਇਸ ਜੀਵਨ ਦਾ ਮੁੱਖ ਮਨੋਰਥ ਹੈ - ਭਾਈ ਗੁਰਦਾਸ ਜੀ ਨੇ ਵਰਣਨ ਕੀਤਾ ਹੈ -

*ਪਉਣ ਪਾਣੀ ਬੈਸੰਤਰੋ ਚੌਥੀ ਧਰਤੀ ਸੰਗਿ ਮਿਲਾਈ॥*
*ਪੰਚਮ ਵਿਚਿ ਆਕਾਸੁ ਕਰਿ ਕਰਤਾ ਛਟਮੁ ਅਦ੍ਰਿਸਟੁ ਸਮਾਈ॥* *ਭਾਈ ਗੁਰਦਾਸ ਜੀ, ਵਾਰ - 1/2*

ਗੁਰੂ ਅਰਜਨ ਦੇਵ ਜੀ ਹਾੜ ਮਹੀਨੇ ਦੁਆਰਾ ਉਪਦੇਸ਼ ਕਰਦੇ ਹਨ ਕਿ ਇਹ ਮਹੀਨਾ ਉਨ੍ਹਾਂ ਜੀਵਾਂ ਲਈ ਤਪਸ਼ ਵਾਲਾ ਹੁੰਦਾ ਹੈ ਜਿੰਨਾਂ ਪਾਸ ਪ੍ਰਭੂ ਦਾ ਸ਼ੀਤਲ ਨਾਮ ਨਹੀਂ ਹੈ। ਕਲਜੁਗ ਦਾ ਸੁਭਾਅ ਤਾਂ ਵਿਕਾਰਾਂ-ਤ੍ਰਿਸ਼ਨਾਵਾਂ ਦੀ ਅੱਗ ਵਾਂਗ ਹੈ ਪਰੰਤੂ ਪ੍ਰਭੂ ਦਾ ਨਾਮ ਠੰਢਾ ਹੈ ਸੀਤਲ ਹੈ, ਮਨ ਨੂੰ ਸ਼ਾਂਤੀ ਪ੍ਰਦਾਨ ਕਰਨ ਵਾਲਾ ਹੈ।

*ਥਲ ਤਾਤੀ ਠਾਂਢਾ ਹਰਿ ਨਾਉ॥* *ਪੰਨਾ - 288*

ਬਾਹਰੀ ਕੁਦਰਤੀ ਗਰਮੀ ਨਾਲੋਂ ਅੰਤਰ ਤ੍ਰਿਸ਼ਨਾ ਦੀ ਅੱਗ ਜੀਵ ਅੰਦਰੋਂ ਆਤਮਿਕ (ਦੈਵੀ) ਗੁਣਾਂ ਦੀ ਪੂੰਜੀ ਨੂੰ ਭਸਮ ਕਰ ਦਿੰਦੀ ਹੈ। ਜੀਵ-ਆਤਮਾ ਪ੍ਰਭੂ ਤੋਂ ਦੂਰ ਚਲੀ ਜਾਂਦੀ ਹੈ ਭਾਵ ਉਸਨੂੰ ਭੁੱਲ ਜਾਂਦੀ ਹੈ। ਵਿਛੜੀ ਆਤਮਾ ਜਗਤ ਨੂੰ ਜੀਵਨ ਦੇਣ ਵਾਲੇ ਪਰਮਾਤਮਾ ਨੂੰ ਤਿਆਗ ਕੇ ਦਵੈਤ ਭਾਵ ਵਿਚ ਭਟਕਦੀ ਰਹਿੰਦੀ ਹੈ। ਬ੍ਰਹਮ ਤੋਂ ਵਿਛੁੜੇ ਹੋਏ ਜੀਵ ਦਾ ਮੁਖ, ਮਾਇਆਵਾਦੀ ਜਗਤ ਵਲ ਹੁੰਦਾ ਹੈ। ਉਹ ਆਸਾ ਮਨਸਾ ਉਤੇ ਟੇਕ ਧਾਰ ਲੈਂਦਾ ਹੈ। ਅਜਿਹਾ ਦਵੈਤ ਭਾਵ ਵਿਚ ਵਿਚਰਨ ਵਾਲਾ ਜੀਵ ਜਿਉਂਦਿਆਂ ਵਿਗੁਚੇ ਵਿਚ ਪਿਆ ਰਹਿੰਦਾ ਹੈ ਅਤੇ ਮਰਨ ਉਪਰੰਤ ਉਸਦੇ ਗਲ ਵਿਚ ਜਮ ਦੀ ਫਾਹੀ ਪੈ ਜਾਂਦੀ ਹੈ।

*ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥* *ਪੰਨਾ - 134*

ਗੁਰਮਤਿ ਅਨੁਸਾਰ ਮਨੁੱਖੀ ਸਰੀਰ ਕਰਮਾਂ ਰੂਪੀ ਖੇਤ ਹੈ। ਜਿਹੋ ਜਿਹਾ ਕੋਈ ਇਸ ਵਿਚ ਬੀਜਦਾ ਹੈ, ਤਿਹੋ ਜਿਹਾ ਫਲ ਪ੍ਰਾਪਤ ਕਰਦਾ ਹੈ। ਜੀਵ ਵਲੋਂ ਕੀਤੇ ਕਰਮ ਉਸਦੇ ਮਨ ਵਿਚ ਅੰਕਿਤ ਹੁੰਦੇ ਰਹਿੰਦੇ ਹਨ। ਇਕ ਸਰਬ ਸ਼ਕਤੀਮਾਨ, ਸਰਬ ਸਮਰੱਥ ਤੇ ਸਰਬ ਵਿਆਪਕ ਪ੍ਰਭੂ ਨੂੰ ਛੱਡ ਕੇ ਜਦੋਂ ਜੀਵ ਭੁੱਲ ਵਿਚ ਪੈ ਜਾਂਦਾ ਹੈ, ਭਾਵ ਕਿਸੀ ਹੋਰ ਮਾਨਯ ਹਸਤੀ-ਸ਼ਕਤੀ ਉਤੇ ਭਰੋਸਾ ਕਰਦਾ ਹੈ ਤਾਂ ਉਸਦੀ ਉਮਰ ਰੂਪੀ ਰਾਤ ਵਿਅਰਥ ਹੀ ਬੀਤ ਜਾਂਦੀ ਹੈ। ਅੰਤ ਵਿਚ ਉਸਨੂੰ ਪਛਤਾਵਾ ਹੁੰਦਾ ਹੈ। ਜੀਵ ਨੇ ਇਹ ਲੋਕ (ਇਹ ਜੀਵਨ) ਪਰਮਾਤਮਾ ਪਤੀ ਨੂੰ ਤਿਆਗ ਕੇ, ਵਿਸਾਰ ਕੇ ਐਵੇਂ ਹੀ ਗੁਆ ਲਿਆ ਅਤੇ ਪਰਲੋਕ ਲਈ ਵੀ ਕੁਝ ਨਾ ਕੀਤਾ। ਅੰਤ ਨੂੰ ਨਿਰਾਸ ਹੋ ਕੇ ਟੁਰ ਜਾਣਾ ਪਿਆ -

*ਰੈਣ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ॥* *ਪੰਨਾ - 134*

ਇਸ ਸਮੱਸਿਆ ਵਿਚੋਂ ਕੱਢਣ ਲਈ ਤੇ ਹੱਲ ਕਰਨ ਲਈ ਗੁਰੂ ਪਾਤਸ਼ਾਹ ਦੱਸਦੇ ਹਨ - ਕਿ ਜਿਸ ਪ੍ਰਭੂ ਦੇ ਪਿਆਰੇ ਨੇ ਸੱਚੀ ਸਾਧਨਾ ਤੇ ਨਿਰਮਲ ਕਰਮਾਂ ਦੁਆਰਾ, ਆਪਣੇ ਆਪ ਨੂੰ ਸਾਧ ਲਿਆ ਹੈ, ਪਰਵਾਨ ਚੜ੍ਹਾ ਲਿਆ ਹੈ, ਉਨ੍ਹਾਂ ਪ੍ਰਭੂ ਦੇ ਪਿਆਰੇ ਸੰਤਾਂ ਮਹਾਂਪੁਰਸਾਂ ਦੀ ਸੰਗਤ ਕਰਨ ਨਾਲ ਫਿਰ ਜੀਵ ਨੂੰ ਪ੍ਰਭੂ ਦਰਗਾਹ ਅੰਦਰ ਕੋਈ ਬੰਦਸ਼ ਨਹੀਂ ਹੁੰਦੀ। ਕੋਈ ਲੇਖਾ ਨਹੀਂ ਪੁਛਦਾ, ਭਾਵ ਲੇਖਾ ਮੁੱਕ ਜਾਂਦਾ ਹੈ। ਧਰਮਰਾਜ ਉਸਦਾ ਲੇਖਾ ਮੁਕਾ ਦੇਂਦਾ ਹੈ। ਅਜਿਹੇ ਜੀਵ ਸੁਤੰਤਰ ਹੋ ਕੇ ਮੁਕਤੀ ਨੂੰ ਪ੍ਰਾਪਤ ਹੁੰਦੇ ਹਨ -

*ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥* *ਪੰਨਾ - 134*

ਸਾਧੂ ਨੂੰ ਮਿਲਿਆਂ ਮਨ ਦੇ ਭਰਮ ਦੀ ਨਵਿਰਤੀ ਹੋ ਜਾਂਦੀ ਹੈ। ਸਾਧੂ ਆਪਣੀ ਬਿਬੇਕ ਬੁੱਧ ਦੁਆਰਾ ਸਾਧਕ ਦੀ ਦੇਹੀ ਵਿਚੋਂ ਹਉਮੈ ਇਸ ਤਰ੍ਹਾਂ ਕੱਢ ਦਿੰਦਾ ਹੈ ਜਿਵੇਂ ਹੰਸ ਆਪਣੀ ਚੁੰਝ ਨਾਲ ਦੁੱਧ ਵਿਚੋਂ ਪਾਣੀ ਵੱਖਰਾ ਕਰ ਦਿੰਦਾ ਹੈ। ਸਾਧੂ ਦੀ ਸੰਗਤ ਦੁਆਰਾ ਪ੍ਰਭੂ ਦਰਸ਼ਨਾਂ ਦੀ ਪਿਆਸ ਲਗ ਜਾਂਦੀ ਹੈ ਅਤੇ ਫਿਰ ਪ੍ਰਭੂ ਨਾਲ ਐਸਾ ਪਿਆਰ ਪੈ ਜਾਂਦਾ ਹੈ ਕਿ ਪ੍ਰਭੂ ਤੋਂ ਬਿਨਾਂ ਹੋਰ ਕੋਈ ਪਿਆਰਾ ਨਹੀਂ ਲਗਦਾ। ਫਿਰ ਮਨ ਦਾ ਹਰੀ ਚਰਨਾਂ ਵਿਚ ਨਿਵਾਸ ਹੋਣ ਨਾਲ ਹਾੜ ਦਾ ਤਪਸ਼ ਭਰਿਆ ਮਹੀਨਾ ਸੋਹਣਾ ਲਗਦਾ ਹੈ। ਪ੍ਰਭੂ ਕਿਰਪਾ ਹੋ ਜਾਵੇ ਤਾਂ ਗੁਰੂ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਫਿਰ ਨਾਮ ਬਖਸ਼ਦਾ ਹੈ। ਨਾਮ ਤੋਂ ਲਿਵ ਲਗਦੀ ਹੈ। ਲਿਵ ਸਹਿਜ ਸਮਾਧੀ ਵਿਚ ਬਦਲ ਜਾਂਦੀ ਹੈ। ਫਿਰ ਹਰ ਵਕਤ ਪ੍ਰਭੂ ਯਾਦ ਮਨ ਵਿਚ ਬਣੀ ਰਹਿੰਦੀ ਹੈ। ਗੁਰੂ ਕਿਰਪਾ ਦੁਆਰਾਂ ਲਿਵ ਲਗ ਜਾਵੇ ਤਾਂ ਫਿਰ ਆਤਮ ਮਾਰਗ ਦਾ ਪਾਂਧੀ ਬਣ ਕੇ ਜੀਵ, ਜੀਵਨ ਸਫਰ ਪੂਰਾ ਕਰ ਲੈਂਦਾ ਹੈ।

# ਸੰਪਾਦਕੀ

ਆਤਮ ਮਾਰਗ ਦੇ ਦੋ ਅੰਕ ਪਾਠਕਾਂ ਤਕ ਪਹੁੰਚਣ ਉਪਰੰਤ ਇਸਦੀ ਵਧ ਰਹੀ ਮੰਗ ਨੂੰ ਦੇਖ ਕੇ ਅਤਿਅੰਤ ਖੁਸ਼ੀ ਹੋ ਰਹੀ ਹੈ। ਦਿਨ-ਬ-ਦਿਨ ਇਸਦੀ ਲੋੜ ਜੋ ਪਾਠਕਾਂ ਅੰਦਰ ਮਹਿਸੂਸ ਹੋ ਰਹੀ ਹੈ, ਇਸ ਗੱਲ ਦਾ ਸਬੂਤ ਹੈ ਕਿ ਜਗਿਆਸੂ ਅੰਦਰ ਕੋਈ ਐਸੀ ਭੁੱਖ ਹੈ ਜੋ ਇਸ ਮਾਸਿਕ ਪੱਤਰ ਦੁਆਰਾ, ਖਾਸ ਕਰਕੇ ਮਹਾਂਪੁਰਸ਼ਾਂ ਦੇ ਅਨੁਭਵੀ ਬਚਨਾਂ ਨੇ ਤ੍ਰਿਪਤ ਕੀਤੀ ਹੈ। ਪੰਜ ਭੂਤਕ ਸਰੀਰ ਦੀ ਭੁੱਖ ਬਾਹਰ-ਮੁਖੀ ਵਸਤਾਂ ਦੁਆਰਾ ਤ੍ਰਿਪਤ ਕਰਨ ਲਈ ਮਨੁੱਖ ਸਾਰਾ ਦਿਨ ਭਟਕਦਾ ਫਿਰਦਾ ਹੈ ਪ੍ਰੰਤੂ ਇਸਦੇ ਬਾਵਜੂਦ ਇਹ ਭੁੱਖ ਮਿਟਣ ਦੀ ਬਜਾਏ ਵਧਦੀ ਜਾਂਦੀ ਹੈ -

ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥
ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥
ਪਰੈ ਪਰੈ ਹੀ ਕਉ ਲੁਝੀ ਹੇ॥ ਪੰਨਾ - 213

ਅਨੁਭਵੀ ਮਹਾਂਪੁਰਸ਼, ਅੱਜ ਦੀ ਪਦਾਰਥਕ ਦੁਨੀਆਂ ਅੰਦਰ ਮਨੁੱਖ ਨੂੰ ਸੁਚੇਤ ਕਰਦੇ ਹੋਏ ਬਾਰ-ਬਾਰ ਕਹਿ ਰਹੇ ਹਨ ਕਿ ਹੇ ਜੀਵ! ਤੇਰੇ ਜਨਮ ਲੈਣ ਦਾ ਮੰਤਵ ਦੁਨਿਆਵੀ ਪਦਾਰਥਾਂ ਨੂੰ ਇਕੱਠਾ ਕਰਨਾ ਹੀ ਨਿਸ਼ਾਨਾ ਨਹੀਂ, ਤੇਰੀ ਤਾਂ ਜੀਵਨ ਰੂਪੀ ਰਾਤ ਵਿਅਰਥ ਕਾਰਜਾਂ ਵਿਚ ਮੁਕਦੀ ਜਾ ਰਹੀ ਹੈ। ਇਸ ਪ੍ਰਕਾਰ ਦੇ ਵਿਚਾਰ ਆਤਮ ਮਾਰਗ ਦੇ ਅਨੁਭਵੀ ਬਚਨਾਂ ਦੁਆਰਾ ਅਗਿਆਨਤਾ ਵਿਚ ਸੁੱਤੇ ਹੋਏ ਮਨੁੱਖ ਨੂੰ ਜਗਾਉਣ ਦਾ ਕੰਮ ਕਰ ਰਹੇ ਹਨ। ਗੁਰਬਾਣੀ ਕਥਨ ਹੈ -

ਪ੍ਰਾਣੀ ਤੂੰ ਆਇਆ ਲਾਹਾ ਲੈਣਿ॥
ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥ ਪੰਨਾ - 43

ਧਰਮ ਉਹ ਨਹੀਂ ਜਿਹੜਾ ਅਸੀਂ ਪੜ੍ਹਦੇ, ਸੁਣਦੇ, ਉਪਦੇਸ਼ਦੇ ਤੇ ਵਿਚਾਰਦੇ ਹਾਂ। ਧਰਮ, ਗੱਲਾਂ, ਗੋਸ਼ਟੀਆਂ ਨਾਲ ਵੀ ਨਹੀਂ ਕਮਾਇਆ ਜਾਂਦਾ। ਅਸੀਂ ਕੀ ਸੋਚਦੇ ਹਾਂ, ਕੀ ਕਰਦੇ ਹਾਂ, ਕੀ ਬਣਨਾ ਚਾਹੁੰਦੇ ਹਾਂ, ਇਹ ਸਭ ਸਿਧਾਂਤਕ ਪਹਿਲੂ ਹਨ। ਧਰਮ ਤਾਂ ਇਕ ਅਸਲੀ ਜੀਵਨ ਜਾਚ (practical way of life) ਹੈ। ਗੁਰੂ ਸਾਹਿਬ ਨੇ ਜਿਹੜਾ ਧਰਮ ਪ੍ਰਚਾਰਿਆ, ਉਸਦੀ ਮਿਸਾਲ ਉਹ ਆਪ ਹੀ ਸਨ। ਇਸ ਪ੍ਰਕਾਰ ਦਾ ਧਰਮ, ਗੁਰੂ ਸਾਹਿਬਾਨ ਦੇ ਸਮਕਾਲੀ ਸਿੱਖਾਂ ਨੇ ਵੀ ਆਪਣੇ ਜੀਵਨ ਵਿਚ ਹੰਢਾਇਆ। ਇਸ ਪ੍ਰਕਾਰ ਦੇ ਅਸਲ ਧਰਮ ਨੂੰ ਮੁੜ ਜੀਵਨ ਵਿਚ ਲਿਆਉਣ ਦਾ ਮੰਤਵ ਇਸ ਰਸਾਲੇ ਦਾ ਹੈ। ਇਸਦੇ ਜ਼ਿਆਦਾ ਲੇਖ ਇਸ ਪ੍ਰਕਾਰ ਦੇ ਅਸਲ ਧਰਮ ਜਿਉਣ ਵਾਲੇ ਸਿੱਖਾਂ, ਸੰਤਾਂ ਦੇ ਜੀਵਨ, ਅਨੁਭਵੀ ਮਹਾਂਪੁਰਸ਼ਾਂ ਦੀਆਂ ਕੀਮਤੀ ਲੇਖਣੀਆਂ ਦੁਆਰਾ ਪ੍ਰਸਤੁਤਿ ਕੀਤਾ ਜਾ ਰਿਹਾ ਹੈ। ਜੀਵਨ ਦਾ ਕਲਿਆਣ ਅਸਲ ਵਿਚ ਸੱਚੇ ਧਰਮ ਨੂੰ ਦ੍ਰਿੜ ਕਰਨ ਨਾਲ ਹੈ।

ਕੋਈ ਗਾਵੈ ਕੋ ਸੁਣੈ ਕੋਈ ਕਰੈ ਬੀਚਾਰੁ॥
ਕੋ ਉਪਦੇਸੈ ਕੋ ਦ੍ਰਿੜੈ ਤਿਸਦਾ ਹੋਇ ਉਧਾਰੁ॥ ਪੰਨਾ - 300

ਅੱਜ ਵਿਗਿਆਨ ਦੀਆਂ ਵੱਖੋ-ਵੱਖਰੀਆਂ ਸ਼ਾਖਾਵਾਂ ਨੇ ਖੰਡਾਂ-ਬ੍ਰਹਿਮੰਡਾਂ ਤੇ ਪਾਤਾਲ ਦੀਆਂ ਡੂੰਘਾਈਆਂ ਨੂੰ ਖੋਜ ਮਾਰਿਆ ਪ੍ਰੰਤੂ ਮਨੁੱਖ ਆਪਣਾ ਆਪ ਅਜੇ ਤਕ ਨਹੀਂ ਖੋਜ ਸਕਿਆ। ਗੁਰਮਤਿ ਦੀ ਵਿਗਿਆਨਮਈ ਖੋਜ ਮਨੁੱਖ ਦੇ ਅੰਦਰੋਂ ਸ਼ੁਰੂ ਹੋ ਕੇ ਬਾਹਰ ਵਲ ਜਾਂਦੀ ਹੈ। ਅੰਦਰਲੀ ਖੋਜ ਲਈ ਆਤਮ ਮਾਰਗ ਰਸਾਲਾ ਇਕ ਸੇਧ ਪ੍ਰਦਾਨ ਕਰਦਾ ਹੈ -

ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ॥ ਪੰਨਾ - 1030

ਅਸੀਂ ਅੱਜ ਸਿੱਖ ਹੋਣ ਦਾ ਦਾਹਵਾ ਤਾਂ ਕਰਦੇ ਹਾਂ, ਇਸ ਦਾਹਵੇ ਦਾ ਬਨਾਵਟੀ ਢਾਂਚਾ ਅਸਲ ਸਿੱਖੀ ਸਰੂਪ ਤੋਂ ਬਹੁਤ ਦੂਰ ਹੈ। ਸਿੱਖੀ ਅਸੂਲਾਂ ਨੂੰ ਅਸੀਂ ਕਥਨ ਵੀ ਕਰਦੇ ਹਾਂ ਪ੍ਰੰਤੂ ਅਪਨਾਉਣ ਅਤੇ ਕਰਨ ਦੀ ਪੱਧਰ ਵਿਚ ਬਹੁਤ ਅੰਤਰ ਆ ਗਿਆ ਹੈ। ਇਸ ਅੰਤਰ ਨੂੰ ਮਿਟਾਉਣ ਲਈ ਸਾਨੂੰ ਵਰਤਮਾਨ ਢਾਂਚੇ ਅੰਦਰ ਜੀਵਨ ਜੀਉਂਦਿਆਂ ਸਿੱਖੀ ਦੇ ਅਸਲ ਸਰੂਪ ਨੂੰ ਅਪਨਾਉਣ ਦਾ ਜਤਨ ਕਰਨਾ ਚਾਹੀਦਾ ਹੈ। ਇਹ ਜਤਨ ਆਤਮ ਮਾਰਗ ਵਿਚ ਪ੍ਰਸਤੁਤਿ ਸਿੱਖੀ ਸ਼ਰਧਾ ਤੇ ਵਿਸ਼ਵਾਸ਼ ਨਾਲ ਭਰਪੂਰ ਲੇਖ ਦਿਤੇ ਜਾ ਰਹੇ ਹਨ।

ਅਸੀਂ ਐਡਵਾਂਸ ਟੈਕਨਾਲੋਜੀ ਦੇ ਯੁੱਗ ਅੰਦਰ ਇਕ ਦੂਸਰੇ ਦੇਸ਼ ਦੇ ਇਤਨੇ ਨੇੜੇ ਹੋ ਗਏ ਹਾਂ ਕਿ ਹਰ ਇਕ ਦੇਸ਼ ਦੀ ਸਭਿਅਤਾ ਦਾ ਸਭਿਆਚਾਰ ਇਕ ਦੂਸਰੇ ਨੂੰ ਪ੍ਰਭਾਵਿਤ ਕਰਨ ਦਾ ਜਤਨ ਕਰ ਰਿਹਾ ਹੈ। ਅੱਜ ਲੋੜ ਹੈ ਕਿ ਸਿੱਖ ਧਰਮ ਦੇ ਕਲਚਰ ਦਾ ਸਰੂਪ ਲੋਕਾਂ ਸਾਹਮਣੇ ਲਿਆਂਦਾ ਜਾਵੇ। ਧਰਮ ਉਹ ਹੈ ਜਿਹੜਾ ਹਰ ਸਮੇਂ ਅੰਦਰ ਸਾਰੇ ਲੋਕਾਂ ਦੀਆਂ ਸਮੱਸਿਆਵਾਂ ਦਾ ਸਮਾਧਾਨ ਕਰਦਾ ਰਹੇ ਅਤੇ ਸਮੇਂ ਦੀ ਚਾਲ ਤੋਂ ਪ੍ਰਭਾਵਿਤ ਨਾ ਹੋਵੇ ਸਗੋਂ ਆਪਣੇ ਸਦੀਵੀ ਅਸੂਲਾਂ ਨੂੰ ਸਮੇਂ ਅਨੁਸਾਰ ਲੋਕਾਂ ਨੂੰ ਪ੍ਰਭਾਵਿਤ ਕਰੇ।

ਸੰਸਾਰ ਦੇ ਲੋਕ ਕਦੀ ਧਾਰਮਿਕ, ਕਦੀ ਰਾਜਨੀਤਕ ਤੇ ਕਦੀ ਆਰਥਿਕ ਗੁਲਾਮੀ ਦੇ ਸ਼ਿਕਾਰ ਬਣੇ ਰਹਿੰਦੇ ਹਨ। ਧਰਮ ਤਾਂ ਅਸਲ ਵਿਚ ਮਨੁੱਖਤਾ ਨੂੰ ਪਿਆਰ ਕਰਨਾ ਸਿਖਾਉਂਦਾ ਹੈ ਅਤੇ ਮਨੁੱਖ ਅੰਦਰ ਮਨੁੱਖਤਾ ਦਾ ਅਹਿਸਾਸ ਕਰਾਉਂਦਾ ਹੈ। ਇਸ ਪ੍ਰਕਾਰ ਦੀ ਜੀਵਨ ਜੁਗਤ ਗੁਰੂ ਸਾਹਿਬਾਨ ਨੇ ਆਪ ਅਪਣਾਈ ਤੇ ਸੇਵਕਾਂ ਨੂੰ ਅਮਲ ਕਰਨ ਲਈ ਕਿਹਾ। ਗੁਰੂ ਮਹਾਰਾਜ ਦਾ ਕਥਨ ਹੈ -

ਨਾਨਕ ਸਤਿਗੁਰਿ ਭੇਟੀਐ ਪੂਰੀ ਹੋਵਹਿ ਜੁਗਤਿ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥ ਪੰਨਾ - 522

ਜਿਸ ਤਰ੍ਹਾਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਅੱਜ ਸੰਸਾਰ ਦੇ ਲੋਕ ਇਕ ਪਰਿਵਾਰ ਦੇ ਮੈਂਬਰਾਂ ਵਾਂਗ ਇਕ ਦੂਸਰੇ ਦੇ ਨੇੜੇ ਆ ਚੁਕੇ ਹਨ। ਲੋੜ ਹੈ ਦੂਸਰਿਆਂ ਧਰਮਾਂ ਪ੍ਰਤੀ ਜਾਣਕਾਰੀ ਪ੍ਰਾਪਤ ਕਰਨ ਦੀ। ਸਾਡਾ ਇਹ ਵੀ ਜਤਨ ਹੋਵੇਗਾ ਕਿ ਅਸੀਂ ਇਕ ਦੂਸਰੇ ਧਰਮ ਪ੍ਰਤੀ ਪਾਠਕਾਂ ਨੂੰ ਜਾਣਕਾਰੀ ਦੇਈਏ।

ਸੰਸਾਰ ਦੇ ਸਾਰੇ ਆਸਤਿਕ ਧਰਮਾਂ ਦਾ ਮੂਲ ਸ੍ਰੋਤ ਅਗੰਮੀ ਸ਼ਕਤੀ ਹੈ। ਇਸ ਸ਼ਕਤੀ, ਸੱਚ ਧਰਮ ਦਾ ਪ੍ਰਗਟਾਵਾ ਸਮੇਂ-ਸਮੇਂ ਪੀਰਾਂ-ਪੈਗੰਬਰਾਂ ਦੇ ਰਾਹੀਂ ਸਥਾਨਕ ਬੋਲੀਆਂ ਅਤੇ ਸਭਿਆਚਾਰਾਂ ਦੇ ਅਨੁਕੂਲ ਮਾਨਵ ਕਲਿਆਣ ਲਈ ਪ੍ਰਗਟ ਹੁੰਦਾ ਰਿਹਾ। ਇਨ੍ਹਾਂ ਧਰਮਾਂ ਦਾ ਅੰਤਮ ਨਿਸ਼ਾਨਾ ਵੀ ਇਕੋ ਹੈ ਜੋ ਕਿ ਇਨਸਾਨ ਦੀ ਸ਼ਕਤੀ ਨਾਲ ਸਬੰਧਤ ਹੈ ਪ੍ਰੰਤੂ ਇਸ ਨਿਸ਼ਾਨੇ ਦੀ ਪ੍ਰਾਪਤੀ ਦੇ ਸਾਧਨਾਂ ਵਿਚ ਅਸੀਂ ਇਕ ਦੂਸਰੇ ਤੋਂ ਵੱਖਰੇ-ਵੱਖਰੇ ਲਗਦੇ ਹਾਂ। ਇਸਦਾ ਕਾਰਨ, ਭੂਗੋਲਿਕ ਸਥਿਤੀ, ਬੋਲੀ, ਸਮਕਾਲੀ ਸਮੱਸਿਆਵਾਂ ਹਨ। ਅਸਲ ਵਿਚ ਇਹ ਗੱਲ ਨਹੀਂ; ਗੱਲ ਤਾਂ ਇਹ ਹੈ ਕਿ -

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥ ਪੰਨਾ - 97

# ਸੰਤ ਕਾ ਮਾਰਗ

ਸੰਤ ਵਰਿਆਮ ਸਿੰਘ ਜੀ
ਵਿ. ਗੁ. ਰੂ. ਮਿਸ਼ਨ

**ਪ੍ਰਸ਼ਨ - ਅਗਿਆਨਤਾ ਦਾ ਭ੍ਰਮ ਦੁਖ ਕਿਸ ਸਾਧਨ ਨਾਲ ਦੂਰ ਹੋਇਆ ਕਰਦਾ ਹੈ?**

**ਉੱਤਰ** - ਅਗਿਆਨਤਾ, ਅਵਿਦਿਆ ਅਤੇ ਮਾਇਆ - ਇਹ ਸਾਰੇ ਹੀ ਭ੍ਰਮ ਦੁੱਖਾਂ ਦਾ ਮੂਲ ਹਨ। ਇਨ੍ਹਾਂ ਨੂੰ ਦੂਰ ਕਰਨ ਲਈ ਪੂਰੇ ਸਤਿਗੁਰੂ ਦੀ ਸੰਗਤ, ਬ੍ਰਹਮਗਿਆਨੀ ਦੀ ਸੰਗਤ ਦਾ ਮਿਲਾਪ, ਹਿਰਦੇ ਵਿਚ ਮਹਾਂਪੁਰਸ਼ਾਂ ਲਈ ਪੂਰਾ ਪਿਆਰ, ਸ਼ਰਧਾ ਅਤੇ ਗੁਰੂ ਸ਼ਬਦ ਉਤੇ ਪੂਰਾ ਭਰੋਸਾ ਹੋਣਾ ਬਹੁਤ ਜ਼ਰੂਰੀ ਹੈ।

ਅੰਤਸ਼ਕਰਣ ਵਿਚ ਜਨਮਾਂ-ਜਨਮਾਂਤਰਾਂ ਦੇ ਸੰਸਕਾਰ ਭਰੇ ਪਏ ਹਨ। ਚਾਰ ਕਿਸਮ ਦੀਆਂ ਮੁਖ ਹਾਲਤਾਂ ਅੰਤਸ਼ਕਰਣ ਵਿਚ ਪਿਛਲੀਆਂ ਜੂਨਾਂ ਹੰਢਾਉਣ ਕਰਕੇ ਜਮ੍ਹਾਂ ਪਈਆਂ ਹਨ। ਇਹ ਮੁੱਖ ਰੂਪ ਵਿਚ ਚਾਰ ਹਿੱਸਿਆਂ ਵਿਚ ਵੰਡੇ ਜਾ ਸਕਦੇ ਹਨ -

1. ਪਸ਼ੂ ਬਿਰਤੀ।
2. ਭੂਤ-ਪ੍ਰੇਤ ਬਿਰਤੀ।
3. ਮਾਰ-ਪਾੜ ਖਾਣ ਵਾਲੇ ਬਘਿਆੜ, ਸ਼ੇਰ ਆਦਿ ਜਾਨਵਰਾਂ ਦੀ ਬਿਰਤੀ।
4. ਵੱਲ-ਛੱਲ, ਕਪਟ, ਝੂਠ, ਠੱਗੀ-ਠੋਰੀ ਕਰਨ ਵਾਲੀ ਭੂਤ ਬਿਰਤੀ ਧਾਰਨ ਕਰਨੀ।

ਇਨ੍ਹਾਂ ਸਾਰੀਆਂ ਬਿਰਤੀਆਂ ਦੀ ਤਹਿ ਵਿਚ ਅੰਤਸ਼ਕਰਣ ਵਿਚ ਨਿਰਮਲ ਬਿਰਤੀ ਦਾ ਭੀ ਅਕਸ਼ (ਪ੍ਰਤੀਬਿੰਬ) ਰਹਿੰਦਾ ਹੈ। ਇਨ੍ਹਾਂ ਵਿਚੋਂ ਚਾਰ ਮੰਦ ਬਿਰਤੀਆਂ ਨਾਸਤਿਕਤਾ, ਮਨਮੁਖਤਾਈ ਦਾ ਕਾਰਨ ਹਨ ਜਿਨ੍ਹਾਂ ਕਰਕੇ ਜੀਵਨ ਵਿਚ ਇਨਸਾਨ ਨੂੰ ਦੁੱਖਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਦੂਸਰਾ ਇਸ ਤੋਂ ਬਿਨਾਂ ਇਨ੍ਹਾਂ ਮੈਲਾਂ ਦੇ ਉਤਪੰਨ ਕੀਤੇ ਹੋਏ ਤਿੰਨ ਦੋਖ ਆਦਮੀ ਨੂੰ ਪ੍ਰਮੇਸ਼ਰ ਨਾਲ ਮਿਲਣ ਵਿਚ ਬਹੁਤ ਹੀ ਵੱਡੀ ਰੁਕਾਵਟ ਹਨ। ਇਨ੍ਹਾਂ ਦੇ ਕ੍ਰਮਵਾਰ ਨਾਮ - ਮਲ, ਵਿਖਸ਼ੇਪ ਅਤੇ ਆਵਰਨ ਹਨ। ਇਨ੍ਹਾਂ ਦੋਖਾਂ ਨੂੰ ਦੂਰ ਕਰਨ ਲਈ ਨਾ ਤਾਂ ਦੁਨਿਆਵੀ ਵਿਦਿਆ ਅਤੇ ਨਾ ਹੀ ਦੁਨਿਆਵੀ ਮਾਇਕ ਪਦਾਰਥ, ਸਮਰੱਥ ਹਨ।

**ਮਲ ਦੋਸ਼** - ਮਲ ਰੂਪ ਮੈਲ ਹੋਣ ਕਰਕੇ ਆਦਮੀ ਦੇ ਮਨ ਵਿਚ ਅਨੇਕ ਕਿਸਮ ਦੇ ਵਿਸ਼ਿਆਂ ਦੀ ਤ੍ਰਿਸ਼ਨਾ ਬਣੀ ਰਹਿੰਦੀ ਹੈ। ਉਸਦੀ ਬਿਰਤੀ ਸਤਿਸੰਗ, ਨਾਮ-ਸਿਮਰਨ, ਸਤਿ ਸ਼ਾਸ਼ਤਰਾਂ ਦੀ ਵਿਚਾਰ ਕਰਨ ਵਲੋਂ ਪੂਰੀ ਤਰ੍ਹਾਂ ਅਸਮਰੱਥ ਰਹਿੰਦੀ ਹੈ।

**ਵਿਖਸ਼ੇਪ ਦੋਸ਼** - ਦੂਜਾ ਦੋਸ਼ ਵਿਖਸ਼ੇਪ ਦਾ ਸਦਾ ਹੀ ਵਿਸ਼ਿਆਂ ਦੀ ਚਿਤਵਨਾ ਵਿਚ ਅਤੇ ਜਗਤ ਦੇ ਵਿਵਹਾਰ ਸਿੱਧ ਕਰਨ ਦੀ ਚਿੰਤਾ ਵਿਚ, ਮਾਇਕ ਪਦਾਰਥ ਤੇ ਮਾਇਕ ਭੋਗ ਪ੍ਰਾਪਤ ਕਰਨ ਦੀ ਲਾਲਸਾ ਵਿਚ ਲੱਗਿਆ ਰਹਿਣ ਕਰਕੇ ਨਾ ਹੀ ਬਾਣੀ ਦਾ ਰਸ ਲੈ ਸਕਦਾ ਹੈ ਤੇ ਨਾ ਹੀ ਬਾਣੀ ਵਿਚ ਸੁਰਤਿ ਲਗਦੀ ਹੈ।

**ਆਵਰਨ ਦੋਸ਼** - ਤੀਸਰਾ ਦੋਸ਼ ਆਵਰਨ ਦਾ ਹੈ। ਆਵਰਨ ਦੋਸ਼ ਹੋਣ ਕਰਕੇ ਜਗਤ ਦੀ ਅਸਲੀਅਤ ਨੂੰ ਨਹੀਂ ਤਕ ਸਕਦਾ ਜਿਵੇਂ ਕਿ ਅੱਖਾਂ ਦੇ ਹੁੰਦਿਆਂ ਹੋਇਆਂ, ਮੋਤੀਆ ਬਿੰਦ ਵਾਲਾ ਕੋਲ ਪਈਆਂ ਚੀਜ਼ਾਂ ਨੂੰ ਵੀ ਨਹੀਂ ਤਕ ਸਕਦਾ। ਸੋ ਆਵਰਨ ਦੇ ਹੁੰਦਿਆਂ ਜੀਵ ਅਗਿਆਨ ਵਿਚ ਗ੍ਰਸਤ ਰਹਿੰਦਾ ਹੈ। ਜਦੋਂ ਤਕ ਇਹ ਦੋਸ਼ ਨਵਿਰਤ ਨਹੀਂ ਹੁੰਦੇ, ਉਸ ਵੇਲੇ ਤਕ ਗਿਆਨ ਦਾ ਪ੍ਰਕਾਸ਼ ਪੂਰੀ ਤਰ੍ਹਾਂ ਅੰਤਸ਼ਕਰਣ ਵਿਚ ਲਿਸ਼ਕਾਰੇ ਨਹੀਂ ਮਾਰ ਸਕਦਾ ਅਤੇ ਜੀਵ ਜਨਮਾਂ-ਜਨਮਾਂਤਰਾਂ ਦੇ ਦੁਖਾਂ ਤੋਂ ਛੁਟਕਾਰਾ ਨਹੀਂ ਪਾ ਸਕਦਾ।

ਅੰਤਸ਼ਕਰਣ ਦੇ ਜੋ ਤਿੰਨੇ ਦੋਖ ਹਨ ਉਨ੍ਹਾਂ ਦੀ ਨਵਿਰਤੀ ਕ੍ਰਮਵਾਰ - ਕਰਮ, ਉਪਾਸ਼ਨਾ ਅਤੇ ਗਿਆਨ ਤੋਂ ਹੀ ਹੋਇਆ ਕਰਦੀ ਹੈ। ਸ਼ੁਭ ਕਰਮ ਅਤੇ ਨਿਸ਼ਕਾਮ ਕਰਮ ਅੰਤਸ਼ਕਰਣ ਦੇ ਮਲ ਦੋਖ ਨੂੰ ਦੂਰ ਕਰਦੇ ਹਨ। ਇਹ ਕਰਮ ਬਹੁਤ ਪ੍ਰਕਾਰ ਦੇ ਹਨ ਪਰ ਇਥੇ ਤਿੰਨ ਪ੍ਰਕਾਰ ਦੇ ਕਰਮਾਂ ਦੀ ਵਿਸ਼ੇਸ਼ ਜ਼ਰੂਰਤ ਹੈ। ਇਨ੍ਹਾਂ ਦੇ ਵਿਚ ਪਹਿਲਾ ਨਿਤਨੇਮ ਕਰਮ ਹੈ, ਦੂਸਰਾ ਵਾਚ ਕਰਮ ਹੈ ਤੇ ਤੀਸਰਾ ਮਾਨਸ ਕਰਮ ਹੋਇਆ ਕਰਦਾ ਹੈ।

**ਨਿਤਨੇਮ ਕਰਮ** - ਇਸ ਕਰਮ ਵਿਚ ਗੁਰੂ ਮਹਾਰਾਜ ਦਾ ਜੋ ਫੁਰਮਾਨ ਹੈ ਕਿ -

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ॥* ਪੰਨਾ - 611

ਬਹੁਤ ਜ਼ਰੂਰੀ ਹੈ। ਸਰੀਰ ਦੀ ਸਫਾਈ, ਮੰਜਨ ਵਗੈਰਾ ਕਰਨਾ, ਚੰਗੀ ਤਰ੍ਹਾਂ ਨਾਲ ਮਲ ਕੇ ਇਸ਼ਨਾਨ ਕਰਨਾ, ਪੰਜ ਬਾਣੀਆਂ ਦਾ ਨਿਤਨੇਮ ਕਰਨਾ, ਗੁਰ ਧਾਮਾਂ ਦੀ ਸ਼ਰਧਾ ਨਾਲ ਯਾਤਰਾ ਕਰਨਾ, ਸਤਿਗੁਰੂ, ਸੰਤ ਸੇਵਾ, ਸੰਗਤਾਂ ਦੀ ਸੇਵਾ ਨਿਸ਼ਕਾਮ ਹਿਰਦੇ ਨਾਲ ਕਰਨੀ ਬਹੁਤ ਜ਼ਰੂਰੀ ਹੈ।

**ਵਾਚਕ ਕਰਮ** - ਬਾਣੀ ਦਾ ਪਾਠ ਕਰਨਾ, ਮੂਲਮੰਤ੍ਰ, ਗੁਰਮੰਤ੍ਰ ਦਾ ਵਿਧੀਪੂਰਵਕ ਜਾਪ ਕਰਨਾ, ਮੁੱਖ ਤੋਂ ਸਤਿ ਬਚਨ ਬੋਲਣੇ, ਕੀਰਤਨ ਕਰਨਾ, ਮਿੱਠੇ ਬਚਨ ਬੋਲਣੇ, ਵਾਚਕ ਕਰਮ ਹੋਇਆ ਕਰਦੇ ਹਨ।

**ਮਾਨਸ ਕਰਮ** - ਸਾਰੇ ਜੀਵਾਂ ਦੇ ਉਤੇ ਦਇਆ ਕਰਨੀ ਅਤੇ ਤਨ, ਮਨ, ਧਨ ਕਰਕੇ ਦੁਖੀ ਜੀਵਾਂ ਨੂੰ ਸੁਖ ਪਹੁੰਚਾਉਣ ਦਾ ਯਥਾਸ਼ਕਤ ਜਤਨ ਕਰਦੇ ਰਹਿਣਾ।

*ਏਕਾ ਨਾਰੀ ਸਦਾ ਜਤੀ ਪਰ ਨਾਰੀ ਧੀ ਭੈਣ ਪਛਾਣੈ॥*

*ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥* ਪੰਨਾ - 274

ਮਨ ਨੂੰ ਪਰ-ਇਸਤਰੀ ਸੰਗਿ ਦੀ ਮਲੀਨਤਾ ਤੋਂ ਦੂਰ ਰੱਖਣ ਲਈ ਨਾ ਹੀ ਕਾਮਕ ਬਚਨ ਸੁਣਨੇ ਤੇ ਨਾ ਹੀ ਪਰ-ਇਸਤਰੀ ਨੂੰ ਦਿਲ ਵਿਚ ਯਾਦ ਕਰਨਾ, ਨਾ ਕਾਮਾਂਤਰ ਗੀਤ ਗਾਉਣੇ, ਨਾ ਹੀ ਚਿਤਵਨਾ ਕਰਨੀ ਅਤੇ ਨਾ ਹੀ ਇਕਾਂਤ ਹੋ ਕੇ ਪਰ-ਇਸਤਰੀ ਨੂੰ ਮਿਲਣ ਦਾ ਸੰਕਲਪ ਕਰਨਾ ਅਤੇ ਨਾ ਹੀ ਗੰਦੀਆਂ ਫਿਲਮਾਂ ਦੇਖਣੀਆਂ। ਇਨ੍ਹਾਂ ਕਰਮਾਂ ਨਾਲ ਆਦਮੀ ਦੇ ਮਨ ਵਿਚ ਕਾਮ ਸੰਕਲਪ, ਮਨ ਨੂੰ ਮਲੀਨ ਕਰ ਦਿੰਦੇ ਹਨ ਅਤੇ ਨਾਮ, ਬਾਣੀ ਵਲ ਮਨ ਦੀ ਰੁਚੀ ਬਿਲਕੁਲ ਹੀ ਨਹੀਂ ਰਹਿੰਦੀ। ਇਸ ਤੋਂ ਇਲਾਵਾ ਸੁਭਾਅ ਦੇ ਵਿਚ ਕਾਹਲਾ-ਪਣ ਨਾ ਹੋਣਾ, ਉਸ ਦੀ ਥਾਂ ਤੇ ਧੀਰਜੀ

ਹੋਣਾ, ਜੀਵਾਂ ਤੇ ਖਿਮਾ ਕਰਨੀ, ਦਇਆ ਕਰਨੀ।

ਦੱਸਦੇ ਹਨ ਕਿ ਜੋ ਪ੍ਰਸਿੱਧ ਸਾਇੰਸਦਾਨ ਨਿਊਟਨ ਹੋਇਆ ਹੈ, ਉਸ ਨੇ ਕਈ ਸਾਲ ਖੋਜ ਕਰਨ ਉਪਰੰਤ ਆਪਣਾ ਰਿਕਾਰਡ ਆਪਣੀ ਮੇਜ਼ ਉਪਰ ਰੱਖਿਆ ਹੋਇਆ ਸੀ। ਮੋਮਬੱਤੀ ਦੇ ਚਾਨਣੇ ਵਿਚ ਲਿਖ ਰਿਹਾ ਸੀ। ਕਿਸੇ ਕੰਮ ਵਾਸਤੇ ਉਹ ਆਪਣੀ ਸੀਟ ਤੋਂ ਉਠ ਕੇ ਦੂਸਰੇ ਕਮਰੇ ਵਿਚ ਚਲਿਆ ਗਿਆ। ਉਸ ਦੀ ਬਿੱਲੀ ਨੇ ਮੇਜ਼ ਉਤੇ ਛਾਲ ਮਾਰੀ ਅਤੇ ਮੇਜ਼ ਤੇ ਪਈ ਮੋਮਬੱਤੀ ਗਿਰ ਗਈ, ਉਸ ਨੇ ਕਈ ਸਾਲਾਂ ਦੀ ਕੀਤੀ ਹੋਈ ਮਿਹਨਤ ਵਾਲੇ ਕਾਗਜ਼ਾਂ ਨੂੰ ਅੱਗ ਲਾ ਦਿਤੀ। ਜਦੋਂ ਨਿਊਟਨ ਆਇਆ ਤਾਂ ਸਾਰੇ ਕਾਗਜ਼ਾਤ ਜਲ ਚੁਕੇ ਸਨ ਅਤੇ ਬਿੱਲੀ ਡਰਦੀ ਮਾਰੀ ਸਹਿਮ ਕੇ ਬੈਠੀ ਹੋਈ ਸੀ। ਉਸ ਨੇ ਆਪਣੀ ਬਿੱਲੀ ਨੂੰ ਗੋਦ ਵਿਚ ਲੈ ਕੇ ਪਿਆਰ ਦੇਣਾ ਸ਼ੁਰੂ ਕੀਤਾ ਤੇ ਕਿਹਾ ਕਿ ਤੈਨੂੰ ਨਹੀਂ ਸੀ ਪਤਾ ਕਿ ਤੇਰੇ ਮਾਲਕ ਨੇ ਕਿੰਨੀ ਮਿਹਨਤ ਕਰਕੇ ਵਿਗਿਆਨਕ (Scientific) ਤੱਥ ਇਕੱਤਰ ਕੀਤੇ ਸਨ ਅਤੇ ਨਾ ਹੀ ਤੂੰ ਜਾਣਦੀ ਸੀ ਕਿ ਤੇਰੇ ਮਾਲਕ ਨੂੰ ਇਨ੍ਹਾਂ ਕਾਗਜ਼ਾਂ ਦੇ ਜਲਣ ਉਪਰੰਤ ਕਿੰਨਾਂ ਖੇਦ ਹੋਵੇਗਾ। ਤੂੰ ਫਿਕਰ ਨਾ ਕਰ ਅਤੇ ਨਾ ਹੀ ਡਰ ਕੇ ਸਹਿਮ; ਮੈਂ ਫੇਰ ਮਿਹਨਤ ਕਰਕੇ ਸਾਰੇ ਤੱਥ ਇਕੱਠੇ ਕਰ ਲਵਾਂਗਾ। ਬਿੱਲੀ ਨੂੰ ਪਲੋਸਦਾ ਰਿਹਾ ਤੇ ਪਿਆਰ ਦਿੰਦਾ ਰਿਹਾ ਅਤੇ ਆਪਣੇ ਧੀਰਜ ਨੂੰ ਨਹੀਂ ਗਵਾਇਆ।

ਸੰਤੋਖ ਵੀ ਮਾਨਸਿਕ ਕਰਮ ਹੈ ਜਿਸ ਨਾਲ ਹਿਰਦੇ ਦੀਆਂ ਵਾਸ਼ਨਾਵਾਂ ਦਾ ਜਵਾਰਭਾਟਾ ਸਦਾ ਹੀ ਸੰਤੁਲਨ ਵਿਚ ਰਹਿੰਦਾ ਹੈ ਅਤੇ ਤ੍ਰਿਸ਼ਨਾ ਦੀ ਅਗਨ ਭੜਕ ਕੇ ਸ਼ਾਂਤੀ ਦਾ ਨਾਸ਼ ਨਹੀਂ ਕਰਦੀ। ਇਸੇ ਤਰ੍ਹਾਂ ਦੇ ਨਾਲ ਸੰਸਾਰ ਵਿਚ ਹਰ ਘਟਿ ਵਿਚ ਵਸਦੇ ਵਾਹਿਗੁਰੂ ਨੂੰ ਪਛਾਣ ਕੇ ਸਭ ਨਾਲ ਪਿਆਰ-ਪ੍ਰੇਮ ਦਾ ਵਰਤਾਰਾ ਰੱਖਣਾ, ਕਿਸੇ ਨਾਲ ਨਫ਼ਰਤ ਨਾ ਕਰਨੀ, ਕਿਸੇ ਲਈ ਵੈਰ ਭਾਵਨਾ ਨਾ ਰੱਖਣੀ, ਕਿਸੇ ਨਾਲ ਕ੍ਰੋਧ ਕਰਕੇ ਉਸਨੂੰ ਨੁਕਸਾਨ ਪਹੁੰਚਾਉਣ ਦਾ ਜਤਨ ਨਾ ਕਰਨਾ, ਦੋਖ ਦ੍ਰਿਸ਼ਟੀ ਕਿਸੇ ਨਾਲ ਭੀ ਧਾਰਨ ਨਾ ਕਰਨੀ, ਸਭਨਾਂ ਜੀਵਾਂ ਨਾਲ ਪਿਆਰ ਕਰਨਾ, ਇਹ ਤਿੰਨ ਕਰਮਾਂ ਦੇ ਨਾਲ ਮਲ ਦੋਖ ਦੂਰ ਹੋ ਜਾਇਆ ਕਰਦਾ ਹੈ।

ਵਿਖਸ਼ੇਪ ਦੋਖ ਕਰਕੇ ਮਨ ਇਕ ਸੈਕਿੰਡ ਵਾਸਤੇ ਵੀ ਨਹੀਂ ਟਿਕਦਾ। ਇਸਨੂੰ ਦੂਰ ਕਰਨ ਲਈ ਉਪਾਸ਼ਨਾ ਦਾ ਸਾਧਨ ਅਤਿਅੰਤ ਜ਼ਰੂਰੀ ਹੈ। ਇਸ ਦੇ ਵਿਚ ਗੁਰੂ ਰੂਪ ਦਾ ਸਾਕਾਰ ਧਿਆਨ ਜਾਂ ਗੁਰੂ ਸ਼ਬਦ ਦੀ ਧੁਨ ਦਾ ਅਖੰਡ ਧਿਆਨ ਜਾਂ ਪ੍ਰਭੂ ਨੂੰ ਜੋਤੀ ਸਰੂਪ ਜਾਣ ਕੇ ਪ੍ਰਭੂ ਦਾ ਧਿਆਨ ਕਰਨਾ ਬਹੁਤ ਹੀ ਜ਼ਰੂਰੀ ਹੈ। ਜਿਸ ਦੇ ਬਾਰੇ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

*ਗੁਰ ਕੀ ਮੂਰਤਿ ਮਨ ਮਹਿ ਧਿਆਨੁ॥* ਪੰਨਾ - 864

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ॥* ਪੰਨਾ - 879

ਸੋ ਉਸ ਧੁਨ ਦੇ ਧਿਆਨ ਦੀ ਪਰਪੱਕਤਾ ਨਾਲ ਅੰਤਸ਼ਕਰਣ ਦੀ ਮਲ ਹਟਕੇ ਬਿਰਤੀ ਸ਼ਰਧਾਕਾਰ ਹੋ ਜਾਇਆ ਕਰਦੀ ਹੈ ਅਤੇ ਅੰਤਸ਼ਕਰਣ ਵਿਚ ਰਸ ਦੀ, ਅੰਮ੍ਰਿਤ ਧਾਰ ਦੀ ਨਿਝਰ ਧਾਰ ਝਰਦੀ ਹੈ। ਇਸ ਨਾਲ ਵਿਖਸ਼ੇਪਤਾ ਦੋਖ ਦੂਰ ਹੋ ਜਾਂਦਾ ਹੈ।

ਤੀਸਰਾ ਆਵਰਨ ਦੀ ਨਵਿਰਤੀ ਵਾਸਤੇ ਤੱਤ ਬੇਤੇ ਮਹਾਪੁਰਸ਼ ਦੀ ਸੰਗਤ ਰਾਹੀਂ, ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਬਚਨਾਂ ਨੂੰ ਹਿਰਦੇ ਵਿਚ ਧਾਰਨ ਕਰਨਾ ਅਤੇ ਇਸਦੀ ਪਰਪੱਕਤਾ ਦੇ ਜਤਨ ਕਰਨੇ। ਇਸ ਨਾਲ ਗਿਆਨ ਦਾ ਝਲਕਾਰਾ ਵਜਦਾ ਹੈ। ਜਦੋਂ ਗਿਆਨ ਦਾ ਪ੍ਰਕਾਸ਼ ਅੰਤਸ਼ਕਰਣ ਵਿਚ ਪ੍ਰਗਟ ਹੋ ਜਾਵੇ ਤਾਂ ਤੀਸਰਾ ਦੋਸ਼ 'ਆਵਰਨ' ਨਵਿਰਤ ਹੋ ਜਾਇਆ ਕਰਦਾ ਹੈ।

**ਪ੍ਰਸ਼ਨ - ਉਤਪਤ ਹੋਏ ਗਿਆਨ ਦੀ ਰਖਸ਼ਾ ਕਿਹੜੇ ਸਾਧਨਾਂ ਦੇ ਨਾਲ ਹੁੰਦੀ ਹੈ?**

ਉਤਰ - ਇਸ ਬਾਰੇ ਮਹਾਂਪੁਰਸ਼ਾਂ ਦੇ ਮੱਤ ਹਨ ਕਿ ਸਤਿ ਦੀ ਪ੍ਰਾਪਤੀ ਵਾਸਤੇ ਗਿਆਨ ਦੀ ਬਹੁਤ ਅਵੱਸ਼ਕਤਾ ਹੈ। ਗਿਆਨ ਗੁਰੂ ਤੋਂ ਬਗੈਰ ਨਹੀਂ ਹੋਇਆ ਕਰਦਾ। ਜਿਸ ਤਰ੍ਹਾਂ ਗੁਰਬਾਣੀ ਵਿਚ ਫੁਰਮਾਨ ਹੈ -

*ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥*
*ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥* ਪੰਨਾ - 59

ਪੂਰਨ ਗੁਰੂ ਦੇ ਲੱਛਣ ਜੋ ਗੁਰਬਾਣੀ ਵਿਚ ਆਉਂਦੇ ਹਨ, ਉਨ੍ਹਾਂ ਬਾਰੇ ਫੁਰਮਾਨ ਹੈ -

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ॥* ਪੰਨਾ - 1291

ਉਹ ਘਰ ਜਿਸਦਾ ਜ਼ਿਕਰ ਗੁਰੂ ਮਹਾਰਾਜ ਜੀ ਨੇ ਇਸ ਮਹਾਂਵਾਕ ਰਾਹੀਂ ਫੁਰਮਾਇਆ ਹੈ ਕਿ ਉਹ ਆਦਮੀ ਦੇ ਸਰੀਰ ਦੇ ਅੰਦਰ ਹੀ ਹੈ, ਜਿਥੇ ਅਗਿਆਨ ਦੀ ਮੈਲ ਛੋਹ ਨਹੀਂ ਸਕਦੀ। ਪਰ ਉਥੇ ਤੱਕ ਪੁੱਜਣ ਲਈ ਬਹੁਤ ਕਰੜਾ ਸੰਘਰਸ਼ ਗੁਰੂ ਦੀ ਕ੍ਰਿਪਾ ਨਾਲ, ਬਹੁਤ ਹੀ ਸ਼ਕਤੀਸ਼ਾਲੀ ਅੰਤਰੀਵੀ ਫੌਜ ਨਾਲ ਜਿਸਦੇ ਸਮੂੰਹ ਨੂੰ ਆਸਰੀ ਸੰਪਰਦਾ ਕਹਿੰਦੇ ਹਨ, ਨਾਲ ਕਰਨਾ ਪੈਂਦਾ ਹੈ। ਇਸਦੇ ਅਜਿੱਤ ਸੂਰਮੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਆਸਾ, ਅੰਦੇਸ਼ਾ, ਤ੍ਰਿਸ਼ਨਾ, ਪਾਖੰਡ, ਕਪਟ ਆਦਿ ਹਨ। ਜਿਨ੍ਹਾਂ ਦੇ ਅੱਗੇ ਇਕੱਲੇ ਜੀਵ ਦੀ ਕੋਈ ਪੇਸ਼ ਨਹੀਂ ਜਾਂਦੀ। ਗੁਰੂ ਦੀ ਕ੍ਰਿਪਾ ਅਤੇ ਸਾਧੂ ਦੀ ਸੰਗਤ ਨਾਲ ਸਤਿ, ਸੰਤੋਖ, ਸ਼ਾਂਤੀ, ਧੀਰਜ, ਦਇਆ, ਖਿਮਾ, ਵਿਵੇਕ ਆਦਿ ਸੂਰਮਿਆਂ ਨੂੰ ਨਾਲ ਲੈ ਕੇ ਇਕ ਮਹਾਂਯੁੱਧ, ਮਹਾਂਭਾਰਤ ਤੋਂ ਕਿਤੇ ਵਧੀਕ ਕਰੜਾ, ਕਰਨਾ ਪੈਂਦਾ ਹੈ ਕਿਉਂਕਿ ਇਸ ਸਰੀਰ ਦਾ ਮਾਲਕ ਜੀਵ ਆਤਮਾ, ਗਲਤੀ ਕਰਕੇ ਵੈਰੀਆਂ ਦੇ ਦਾਵ-ਪੇਚ, ਚਾਲਾਂ ਵਿਚ ਬੁਰੀ ਤਰ੍ਹਾਂ ਉਲਝ ਗਿਆ ਹੈ ਅਤੇ ਉਨ੍ਹਾਂ ਨੂੰ ਮਿੱਤਰ ਅਤੇ ਸਹਾਇਕ ਜਾਣ ਕੇ ਅਪਣੱਤ ਦਿਖਾਉਂਦਾ, ਸਨੇਹ ਨਾਲ ਵਰਤ ਰਿਹਾ ਹੈ। ਜੋ ਸਦਾ ਸੰਗ ਰਹਿਣ ਵਾਲਾ ਵਾਹਿਗੁਰੂ, ਗੁਰ ਉਪਦੇਸ਼, ਗੁਰੂ ਮਿਹਰ, ਸਾਧੂ ਦੀ ਕ੍ਰਿਪਾ ਹੈ - ਇਸ ਤੋਂ ਸਦਾ ਹੀ ਮੂੰਹ ਮੋੜ ਕੇ ਰੱਖਦਾ ਹੈ ਅਤੇ ਵੈਰੀ ਇਸਦੇ ਨਾਮ ਧਨ ਨੂੰ ਲੁੱਟ ਕੇ ਇਸਨੂੰ ਕੰਗਾਲ, ਦਲਿੱਦਰੀ ਅਤੇ ਬੇ-ਵਸ ਬਣਾ ਦਿੰਦੇ ਹਨ। ਜਿਵੇਂ ਕਿ ਫੁਰਮਾਨ ਹੈ-

*ਸੰਗਿ ਸਹਾਈ ਸੁ ਆਵੈ ਨ ਚੀਤਿ॥*
*ਜੋ ਬੈਰਾਈ ਤਾ ਸਿਉ ਪ੍ਰੀਤਿ॥*
*ਬਲੂਆ ਕੇ ਗ੍ਰਿਹ ਭੀਤਰਿ ਬਸੈ॥*
*ਅਨਦ ਕੇਲ ਮਾਇਆ ਰੰਗਿ ਰਸੈ॥*
*ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ॥*
*ਕਾਲੁ ਨ ਆਵੈ ਮੂੜੇ ਚੀਤਿ॥*
*ਬੈਰ ਬਿਰੋਧ ਕਾਮ ਕ੍ਰੋਧ ਮੋਹ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ॥*

*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥ ਪੰਨਾ - 267*
ਸੋ ਇਸ ਤਰ੍ਹਾਂ ਏਸ ਭੁੱਲੇ ਹੋਏ ਜੀਵ ਨੂੰ ਇਨ੍ਹਾਂ ਮਹਾਂ ਭਿਆਨਕ ਸ਼ਤਰੂਆਂ ਤੋਂ ਛੁਡਾਉਣ ਲਈ ਬਹੁਤ ਕਰੜੇ ਸੰਘਰਸ਼ ਦੀ ਲੋੜ ਹੈ ਅਤੇ ਗੁਰੂ ਉਪਰ ਪੂਰਨ ਸ਼ਰਧਾ ਦੀ ਜ਼ਰੂਰਤ ਹੈ। ਇਸੇ ਲਈ ਕਿਹਾ ਹੈ -

*ਖ਼ਾਲਸਾ ਸੋ ਜੋ ਕਰੈ ਨਿਤ ਜੰਗ॥*

ਤੇ ਇਸੇ ਸਬੰਧ ਵਿਚ ਦਸ਼ਮੇਸ਼ ਪਿਤਾ ਨੇ -

*ਦੇਹ ਸਿਵਾ ਬਰ ਮੋਹਿ ਇਹੈ,*
*ਸੁਭ ਕਰਮਨ ਤੇ ਕਬਹੂੰ ਨ ਟਰੋਂ॥*
*ਨ ਡਰੋਂ ਅਰਿ ਸੋ ਜਬ ਜਾਇ ਲਰੋਂ,*
*ਨਿਸਚੈ ਕਰ ਅਪਨੀ ਜੀਤ ਕਰੋਂ॥*
*ਅਰੁ ਸਿਖ ਹੋਂ ਆਪਨੇ ਹੀ ਮਨ ਕੌ,*
*ਇਹ ਲਾਲਚ ਹਉ ਗੁਨ ਤਉ ਉਚਰੋਂ॥*
*ਜਬ ਆਵ ਕੀ ਅਉਧ ਨਿਧਾਨ ਬਨੈ,*
*ਅਤ ਹੀ ਰਨ ਮੈ ਤਬ ਜੂਝ ਮਰੋਂ॥*

ਦੀ ਕਾਮਨਾ ਕੀਤੀ ਹੈ।

ਸੋ ਇਸ ਤਰ੍ਹਾਂ ਗਿਆਨ; ਗੁਰੂ ਪ੍ਰਤੀਤੀ, ਮਹਾਂਵਾਕਾਂ ਦੀ ਕਮਾਈ ਕੀਤੇ ਬਗੈਰ ਹਿਰਦੇ ਵਿਚ ਆਪਣੇ-ਆਪ ਪ੍ਰਗਟ ਨਹੀਂ ਹੋਇਆ ਕਰਦਾ। ਮਹਾਂਪੁਰਸ਼ਾਂ ਦੇ ਬਚਨਾਂ ਰਾਹੀਂ ਅੰਤਲਾ ਭਰਮ ਦਾ ਪਰਦਾ ਟੁਟਦਾ ਹੈ ਅਤੇ ਜੀਵ ਦਾ ਭ੍ਰਮਕ ਹਸਤੀ ਜੋ ਤਿੰਨ ਕਾਲ ਮਿਥਿਆ ਹੈ, ਤੋਂ ਛੁਟਕਾਰਾ ਮਿਲ ਕੇ ਆਪਣੇ ਆਤਮ ਸਰੂਪ ਨੂੰ ਲੱਖਦਾ ਹੈ।

ਸੋ ਇਸ ਅਵਸਥਾ ਨੂੰ ਪਹੁੰਚਣ ਲਈ ਮਹਾਂਪੁਰਸ਼ਾਂ ਨੇ ਕੁਝ ਸਾਧਨਾਂ ਦੀ ਵਿਆਖਿਆ ਕੀਤੀ ਹੈ।

**1. ਵਿਵੇਕ** - ਵਿਵੇਕ ਬਿਰਤੀ ਨੂੰ ਹੰਸ ਦੇ ਨਾਲ ਤਰਜੀਹ ਦਿੰਦੇ ਹਨ ਜਿਵੇਂ ਹੰਸ ਸਾਹਮਣੇ ਪਏ ਦੁੱਧ ਵਿਚੋਂ ਪਾਣੀ ਛੱਡ ਕੇ ਦੁੱਧ ਦੀਆਂ ਫੁੱਟੀਆਂ ਖਾ ਲੈਂਦਾ ਹੈ। ਏਸੇ ਤਰ੍ਹਾਂ ਨਾਲ ਵਿਵੇਕੀ ਨਿਰੰਤਰ ਸਤਿ ਅਤੇ ਅਸੱਤਿ ਦੀ ਵਿਚਾਰ ਵਿਚ ਸਦੀਵ ਕਾਲ ਪ੍ਰਵੇਸ਼ ਰੱਖਦਾ ਹੈ। ਇਸ ਸੰਸਾਰ ਦੇ ਅੰਦਰ ਸਤਿ ਵਸਤੂ ਕੇਵਲ ਆਤਮਾ ਹੀ ਹੈ ਅਤੇ ਆਤਮਾ ਤੋਂ ਉਤਪਤ ਹੋਇਆ ਜਗਤ ਇਕ ਭਰਮ ਮਾਤਰ ਸੁਪਨੇ ਦੀ ਮਨੋਮਈ ਸੰਪਤ ਹੈ। ਨਿਤ ਅਤੇ ਅਨਿਤ ਦੀ ਵਿਚਾਰ ਕਰਦੇ ਰਹਿਣਾ ਕਿ ਨਿਤ ਆਤਮਾ ਹੈ ਅਤੇ ਅਨਿਤ ਸਾਰਾ ਦ੍ਰਿਸ਼ਟਮਾਨ ਹੈ। ਦ੍ਰਿਸ਼ਟਮਾਨ ਪਰਿਵਰਤਨਸ਼ੀਲ ਹੋਣ ਕਰਕੇ ਮਿਥਿਆ ਹੈ ਜਿਵੇਂ ਕਿ ਫੁਰਮਾਨ ਹੈ -

*ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ ਪੰਨਾ - 1083*

ਸੋ ਸਤਿ ਕੇਵਲ ਪ੍ਰਮੇਸ਼ਰ ਆਪ ਹੀ ਸਭਨਾਂ ਘਟਾਂ ਵਿਚ ਵਰਤ ਕੇ ਆਪਣੇ ਆਪ ਤੋਂ ਆਪ ਹੀ ਅਨੇਕ ਰੂਪ ਧਾਰ ਕੇ ਆਪਣੀ ਮਹਿਮਾ ਵਿਚ ਸਥਿਤ ਹੈ। ਜਿਵੇਂ ਕਿ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ-

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ॥ ਜਾਪੁ ਸਾਹਿਬ***

ਸੋ ਐਸੇ ਵਿਚਾਰਾਂ ਨੂੰ ਹਿਰਦੇ ਵਿਚ ਸਦਾ ਹੀ ਚਿਤਵਦੇ ਰਹਿਣ ਦਾ ਨਾਂ ਵਿਵੇਕ ਹੈ।

**2. ਵੈਰਾਗ** - ਜੋ ਕੁਛ ਵੀ ਦਿਸ ਰਿਹਾ ਹੈ, ਇਹ ਸਾਰਾ ਹੀ ਨਾਸ਼ਵਾਨ ਅਤੇ ਪਰਿਵਰਤਨਸ਼ੀਲ ਛਿਨ-ਛਿਨ ਵਿਚ ਬਦਲਣ ਵਾਲਾ, ਸੰਸਾਰ ਰੂਪ ਹੋ ਕੇ ਭਾਸ ਰਿਹਾ ਹੈ। ਇਸਦਾ ਅਧਾਰ, ਵਾਹਿਗੁਰੂ ਜੀ, ਆਪ ਸਦਾ ਇਕ ਰਸ ਰਹਿਣ ਵਾਲਾ, ਨਿਤ ਅਤੇ ਅ-ਬਦਲ, ਘਟਿ-ਘਟਿ ਵਿਚ ਵਿਆਪਕ ਜਿਸਦੇ ਅਧਾਰ ਤੇ ਸਾਰੇ ਦ੍ਰਿਸ਼ਟਮਾਨ ਦਾ ਰੂਪ, ਰੰਗ, ਨਾਮ-ਠਾਮ, ਜਾਤ-ਜਿਨਸ ਨਜ਼ਰੀ ਪੈ ਰਿਹਾ ਹੈ। ਉਸ ਪ੍ਰਭੂ ਨੂੰ ਨਿਤ ਜਾਣ ਕੇ ਹਿਰਦੇ ਵਿਚ ਧਾਰਨ ਕਰਨਾ ਅਤੇ ਸਾਰੇ ਅਨਰਥ ਰੂਪ ਅਨਿਤ ਦਾ ਤਿਆਗ ਕਰਦੇ ਰਹਿਣਾ ਵੈਰਾਗ ਕਹਾਉਂਦਾ ਹੈ।

**3. ਖਟਸੰਮਤੀ** - ਸ਼ਮ ਦਮ ਸ਼੍ਰਧਾ ਤੀਸਰੀ ਸਮਾਧਾਨ ਉਪਰਾਮ॥
*ਛਠੀ ਤਿਤਿਕਸ਼ਾ ਜਾਨਿਏਂ ਭਿੰਨ ਭਿੰਨ ਯਹ ਨਾਮ॥*
*ਮਨ ਵਿਸ਼ਯਨ ਤੇ ਰੋਕ ਨੌ ਸ਼ਮ ਤਿਹਿੰ ਕਹਤ ਸੁਧੀਰ॥*
*ਇੰਦ੍ਰਯਗਣ ਕੋ ਰੋਕਨੋਂ ਦਮ ਭਾਖਤ ਬੁਧ ਵੀਰ॥*
*ਵਿਚਾਰ ਸਾਗਰ ਪੰਨਾ 5*

**(i) ਸਮ** - ਇਹ ਦਸ ਪ੍ਰਕਾਰ ਦਾ ਹੁੰਦਾ ਹੈ -

(ੳ) ਹਿੰਸਾ ਦਾ ਤਿਆਗ :- ਅਹਿੰਸਾ ਤਿੰਨ ਪ੍ਰਕਾਰ ਦੀ ਹੁੰਦੀ ਹੈ - ਮਾਨਸਿਕ ਅਹਿੰਸਾ, ਵਾਕ ਅਹਿੰਸਾ, ਦੇਹ ਅਹਿੰਸਾ। ਮਨ ਕਰਕੇ ਕਿਸੇ ਦਾ ਬੁਰਾ ਨਾ ਚਿਤਵਨਾ, ਸਰਬੱਤ ਦੇ ਭਲੇ ਦੀ ਕਾਮਨਾ ਮਨ ਵਿਚ ਰੱਖਣਾ। ਇਹ **'ਮਾਨਸਿਕ ਅਹਿੰਸਾ'** ਹੈ।

ਗੁਰੂ ਦੇ ਸਿਧਾਂਤ ਮੁਤਾਬਿਕ ਫਿਕਾ ਬੋਲ ਕੇ ਦਿਲ ਨਾ ਤੋੜਨਾ, ਕ੍ਰੋਧ ਨਾਲ ਕਿਸੇ ਨੂੰ ਕੁ-ਬਚਨ ਨਾ ਬੋਲਣਾ, ਝੂਠ ਨਾ ਬੋਲਣਾ, ਕਪਟ ਦੇ, ਛਲ ਦੇ ਬਚਨ ਨਾ ਕਰਨਾ **'ਵਾਕ ਅਹਿੰਸਾ'** ਹੈ।

ਸਰੀਰ ਕਰਕੇ ਜਾਂ ਸ਼ਸ਼ਤਰਾਂ ਦੀ ਮਦਦ ਨਾਲ ਜੀਵਾਂ ਨੂੰ ਨਾ ਦੁਖ ਦੇਣਾ, ਨਾ ਜਾਨ ਤੋਂ ਮਾਰਨਾ, ਦੂਸਰੇ ਦਾ ਨੁਕਸਾਨ ਨਾ ਕਰਨਾ; ਇਹ **'ਸਰੀਰਕ ਅਹਿੰਸਾ'** ਹੈ। ਇਸ ਉਪਰ ਪਾਬੰਦ ਰਹਿਣਾ ਅਹਿੰਸਾ ਕਹਾਉਂਦੀ ਹੈ।

**(ਅ)** ਝੂਠ ਬਿਲਕੁਲ ਨਾ ਬੋਲੇ; ਜਿਥੇ ਕਿਸੇ ਦਾ ਸੱਚ ਬੋਲਣ ਨਾਲ ਘਾਤ ਹੁੰਦਾ ਹੋਵੇ, ਗਰੀਬਮਾਰ ਹੁੰਦੀ ਹੋਵੇ, ਉਥੇ ਮੋਨ ਹੀ ਧਾਰਨ ਕਰੇ।

**(ੲ) ਅਚੋਰੀ** - ਕਿਸੇ ਦਾ ਧਨ ਪਦਾਰਥ ਸੰਨ੍ਹ ਲਾ ਕੇ, ਧੱਕੇ ਨਾਲ ਜ਼ੋਰ-ਜ਼ਬਰ ਨਾਲ ਖੋਹ ਕੇ ਜਾਂ ਰਿਸ਼ਵਤ ਲੈ ਕੇ ਆਪਣਾ ਨਾ ਬਣਾਵੇ ਅਤੇ ਕਿਸੇ ਦੀ ਕਵਿਤਾ, ਕਿਸੇ ਦੇ ਲੇਖ, ਕਿਸੇ ਦੇ ਪੁਸਤਕ ਵਿਚ ਆਏ ਬਚਨਾਂ ਨੂੰ ਨਿਰਲੱਜਤਾ ਨਾਲ ਆਪਣਾ ਬਣਾ ਕੇ ਨਾ ਦੱਸੇ। ਇਸਨੂੰ ਖਿਆਲਾਂ ਦੀ ਚੋਰੀ ਆਖਦੇ ਹਨ। ਕਿਸੇ ਦੀ ਗੁਪਤ ਗੱਲ ਸੁਣਨ ਦਾ ਜਤਨ ਨਾ ਕਰੇ ਅਤੇ ਨਾ ਹੀ ਕਿਸੇ ਵਲ ਬੁਰੀ ਨਜ਼ਰ ਨਾਲ ਵੇਖੇ।

**(ਸ)** *'ਏਕਾ ਨਾਰੀ ਸਦਾ ਜਤੀ'* ਗ੍ਰਿਹਸਤੀ ਲਈ ਬਹੁਤ ਜ਼ਰੂਰੀ ਹੈ ਅਤੇ ਬਿਹੰਗਮ ਲਈ ਪੂਰਨ 'ਬ੍ਰਹਮਚਰੀਜ' ਧਾਰਨ ਕਰਨਾ, ਅੱਠ ਰਹਿਤਾਂ ਦਾ ਧਾਰਨੀ ਹੋਣਾ ਬਹੁਤ ਹੀ ਜ਼ਰੂਰੀ ਹੈ। ਉਹ ਰਹਿਤਾਂ ਹਨ- ਇਕਾਂਤ ਵਿਚ ਨਾ ਮਿਲਣਾ, ਇਕਾਂਤ ਵਿਚ ਬੁਰੇ ਇਰਾਦੇ ਦੇ ਨਾਲ ਨਾ ਗੱਲ ਕਰਨੀ, ਇਸਤਰੀ ਦੇ ਅੰਗਾਂ, ਪ੍ਰ-ਅੰਗਾਂ ਦੀਆਂ ਗੱਲਾਂ ਨਾ ਕਰਨੀਆਂ, ਅੰਗ ਨਾ ਪਰਸਨੇ, ਹਿਤ ਨਾਲ ਨਾ ਦੇਖਣਾ, ਮਨ ਵਿਚ ਮੰਦ ਵਾਸ਼ਨਾ ਦੀ ਚਿਤਵਨੀ ਨਾ ਕਰਨੀ ਆਦਿ ਹੋਰ ਰਹਿਤਾਂ ਦਾ ਧਾਰਨੀ ਹੋਣਾ ਜੱਤ ਕਹਾਉਂਦਾ ਹੈ।

ਗੁਰੂ ਦਸ਼ਮੇਸ਼ ਪਿਤਾ ਜੀ ਨੇ - ***'ਰੇ ਮਨ ਐਸੋ ਕਰਿ ਸੰਨਿਆਸਾ॥'*** ਵਿਚ ਜੱਤ ਦੀਆਂ ਜਟਾਂ ਧਾਰਨ ਕਰਨੀਆਂ ਫੁਰਮਾਇਆ ਹੈ। ਗੁਰੂ ਨਾਨਕ ਪਾਤਸ਼ਾਹ ਨੇ ਵੀ - ***'ਜਤੁ ਪਾਹਾਰਾ ਧੀਰਜੁ ਸੁਨਿਆਰੁ॥'*** ਵਿਚ ਫੁਰਮਾਨ ਕੀਤਾ ਹੈ। ਮਨ ਦੀਆਂ

ਵਾਸ਼ਨਾਵਾਂ ਇਸ ਕੁਕਰਮ ਵਲੋਂ ਰੋਕਣੀਆਂ ਜੱਤ ਕਹਾਉਂਦੀਆਂ ਹਨ।
**(ਹ) ਧੀਰਜ** - ਦੁੱਖ-ਸੁੱਖ, ਹਾਣ-ਲਾਭ, ਆਦਰ-ਨਿਰਾਦਰ ਵਿਚ ਸਮਬਿਰਤੀ ਦਾ ਧਾਰਨੀ ਹੋਣਾ ਧੀਰਜ ਕਹਾਉਂਦੀ ਹੈ।
**(ਕ) ਖਿਮਾ** - ਕਿਸੇ ਦੇ ਔਗੁਣ ਵੇਖ ਕੇ ਉਸਨੂੰ ਮੁਆਫ ਕਰ ਦੇਣਾ, ਸਿੱਧੇ ਰਸਤੇ ਪਾ ਦੇਣਾ ਅਤੇ ਉਸਦਾ ਕਿਸੇ ਤਰ੍ਹਾਂ ਵੀ ਨੁਕਸਾਨ ਨਾ ਕਰਨਾ, ਖਿਮਾ ਕਹਾਉਂਦੀ ਹੈ। ਖਿਮਾਵੰਤ ਪੁਰਸ਼ ਉਦਾਰ ਵੀ ਹੁੰਦਾ ਹੈ ਜਿਵੇਂ ਕਿ ਮਹਾਰਾਜਾ ਰਣਜੀਤ ਸਿੰਘ ਜੀ ਨੇ ਇੱਟ ਮਾਰਨ ਵਾਲੇ ਬੱਚੇ ਨੂੰ ਉਸਦੀ ਬੇਰ ਝਾੜਨ ਵਾਲੀ ਕ੍ਰਿਆ ਨੂੰ ਆਪਣੇ ਨਾਲ ਤੁਲਨਾ ਦਿੰਦਿਆਂ ਹੋਇਆਂ ਦੋ ਪਿੰਡ ਬਖਸ਼ ਦਿੱਤੇ। ਇਹ ਖਿਮਾ ਦੀ ਬਹੁਤ ਉਚੀ ਮਿਸਾਲ ਹੈ।
**(ਖ) ਦਇਆ** - ਕਿਸੇ ਜੀਵ ਨੂੰ ਦੁਖੀ ਦੇਖ ਕੇ ਉਸਦੀ ਸਹਾਇਤਾ ਅੰਨ, ਵਸਤਰ, ਪੈਸੇ ਆਦਿ ਨਾਲ ਕਰਨੀ ਅਤੇ ਉਸ ਦੀਆਂ ਲੋੜਾਂ ਯਥਾਸ਼ਕਤ ਪੂਰੀਆਂ ਕਰਨੀਆਂ। ਸੰਕਟ ਵਿਚ ਆਏ ਨੂੰ ਦੁਖ ਦੂਰ ਕਰਨ ਲਈ ਕੋਈ ਹੱਲ ਦੱਸਣਾ, ਦਇਆ ਕਹਾਉਂਦੀ ਹੈ। ਨਿਰਦਈ ਪੁਰਸ਼ ਦੇ ਹਿਰਦੇ ਵਿਚ ਧਰਮ ਕਿਸੇ ਹਾਲਤ ਵਿਚ ਵੀ ਜਨਮ ਨਹੀਂ ਲੈ ਸਕਦਾ। ਜਿਵੇਂ ਕਿ ਗੁਰੂ ਮਹਾਰਾਜ ਦਾ ਫੁਰਮਾਨ ਹੈ -

*ਧੌਲੁ ਧਰਮੁ ਦਇਆ ਕਾ ਪੂਤੁ॥ ਪੰਨਾ - 3*

ਇਨ੍ਹਾਂ ਗੁਰਵਾਕਾਂ ਦੇ ਪ੍ਰਕਾਸ਼ ਵਿਚ ਬਹੁਤ ਹੀ ਅਸੰਭਵ ਲਗਦਾ ਹੈ ਕਿ ਜੀਵਾਂ ਨੂੰ ਮਾਰ ਕੇ ਖਾਣ ਵਾਲੇ ਆਪਣੇ-ਆਪ ਨੂੰ ਕਿਵੇਂ ਧਰਮੀ ਅਖਵਾਉਂਦੇ ਹਨ - ਜਿਵੇਂ ਕਿ ਫੁਰਮਾਨ ਹੈ -

*ਜੀਅ ਬਧਹੁ ਸੁ ਧਰਮੁ ਕਰਿ ਥਾਪਹੁ*
*ਅਧਰਮੁ ਕਹਹੁ ਕਤ ਭਾਈ॥*
*ਆਪਸ ਕਉ ਮੁਨਿਵਰ ਕਰਿ ਥਾਪਹੁ*
*ਕਾ ਕਉ ਕਹਹੁ ਕਸਾਈ॥ ਪੰਨਾ - 1103*

ਗੁਰੂ ਧਰਮ ਅਤੇ ਆਮ ਧਰਮਾਂ ਵਿਚ ਦਇਆ ਦੇ ਕਈ ਪ੍ਰਮਾਣ ਆਉਂਦੇ ਹਨ ਜਿਵੇਂ ਕਿ ਰਾਬੀਆ ਜੀ ਨੇ ਹੱਜ ਕਰਦਿਆਂ ਮੱਕੇ ਤੋਂ 60 ਕੋਹ ਉਰੇ ਇਕ ਕੁੱਤੀ ਨੂੰ ਆਪਣੇ ਸਿਰ ਦੇ ਵਾਲ ਅਤੇ ਸਾਰੇ ਕੱਪੜੇ ਪਾੜ ਕੇ ਪਾਣੀ ਕੱਢ ਕੇ, ਕੁੱਤੀ ਅਤੇ ਕਤੂਰਿਆਂ ਨੂੰ ਪਿਲਾਇਆ ਸੀ ਅਤੇ ਆਪ ਧਰਤੀ ਖੋਦ ਕੇ ਮਿੱਟੀ ਵਿਚ ਬੈਠ ਕੇ ਆਪਣੇ ਸਰੀਰ ਨੂੰ ਢੱਕਿਆ। ਐਸਾ ਮਹਾਂਪੁਰਸ਼ ਦੱਸਦੇ ਹਨ ਕਿ ਉਸਨੂੰ ਦਰਸ਼ਨ ਦੇਣ ਵਾਸਤੇ ਕਾਹਬਾ ਸ਼ਰੀਫ 60 ਮੀਲ ਤੋਂ ਉਸਦੇ ਸਾਹਮਣੇ ਆਇਆ। ਇਸੇ ਤਰ੍ਹਾਂ ਨਾਲ ਗੁਰੂ ਦਰਸ਼ਨਾਂ ਨੂੰ ਆਉਂਦੀ ਸੰਗਤ ਪ੍ਰੇਮੇ ਕੋਹੜੀ ਨੂੰ ਵਾਰੀ-ਵਾਰੀ ਆਪਣੀ ਪਿੱਠ ਤੇ ਚੁੱਕ ਕੇ ਗੁਰੂ ਤੀਸਰੇ ਪਾਤਸ਼ਾਹ ਕੋਲ ਲੈ ਆਏ ਤੇ ਪਾਤਸ਼ਾਹ ਨੇ ਉਸਦਾ ਕੁਸ਼ਟ ਰੋਗ ਦੂਰ ਕਰਕੇ ਆਪਣੀ ਅਤਿਅੰਤ ਪ੍ਰਸੰਨਤਾ ਸੰਗਤ ਉਤੇ ਕੀਤੀ।
**(ਗ) ਕੋਮਲ ਹਿਰਦਾ** - ਸਰਬੱਤ ਦਾ ਭਲਾ ਲੋਚਦਿਆਂ, ਸ਼ੁਭ ਉਪਦੇਸ਼, ਬਗੈਰ ਵਿਤਕਰੇ ਤੋਂ ਦੇਣੇ ਅਤੇ ਕਿਸੇ ਪ੍ਰਤੀ ਰਾਗ ਦ੍ਵੈਸ਼ ਦੇ ਧਾਰਨੀ ਨਾ ਹੋਣਾ।
**(ਘ) ਮਰਿਆਦਾ** -

*ਅਲਪ ਅਹਾਰ ਸੁਲਪ ਸੀ ਨਿੰਦ੍ਰਾ*
*ਦਯਾ ਛਿਮਾ ਤਨ ਪ੍ਰੀਤਿ॥ ਪਾਤਸ਼ਾਹੀ ੧੦*

ਦੇ ਮਹਾਂਵਾਕ ਅਨੁਸਾਰ ਭੁੱਖ ਤੋਂ ਚਉਥਾ ਹਿੱਸਾ ਘੱਟ ਖਾਣਾ ਅਤੇ ਸਵਾਦੂ ਭੋਜਨ ਨਾ ਖਾਣਾ ਕਿਉਂਕਿ ਸਵਾਦਾਂ ਤੋਂ ਹੀ ਹਮੇਸ਼ਾਂ ਰੋਗਾਂ ਦੀ ਉਤਪਤੀ ਹੁੰਦੀ ਹੈ। ਅੰਮ੍ਰਿਤ ਵੇਲੇ ਜਾਗ ਕੇ ਭਜਨ ਕਰਨ ਲਈ ਪਸ਼ੂਆਂ ਵਾਂਗੂੰ ਪੇਟ ਭਰ ਕੇ ਨਹੀਂ ਖਾਣਾ ਚਾਹੀਦਾ। ਪੌਸ਼ਟਿਕ ਅਹਾਰ ਜਿਨ੍ਹਾਂ ਤੋਂ ਬਗੈਰ ਸਰੀਰ ਵਿਚ ਸਾਤਵਿਕ, ਨਰੋਆ-ਪਣ ਆਵੇ, ਅਜਿਹੇ ਸਤੋਗੁਣੀ ਭੋਜਨ ਖਾਣੇ ਸਿਹਤ ਅਤੇ ਨਾਮ ਜਪਣ ਲਈ ਬਹੁਤ ਹੀ ਸਹਿਯੋਗੀ ਹੋਇਆ ਕਰਦੇ ਹਨ।
**(ਙ) ਇਸ਼ਨਾਨ** - ਸਰੀਰ ਦੀ ਸ਼ੁਧਤਾ ਵਾਸਤੇ ਸਰੀਰਕ ਇਸ਼ਨਾਨ ਜ਼ਰੂਰੀ ਹੈ ਜਿਵੇਂ ਕਿ -

*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥ ਪੰਨਾ - 305*

ਅੰਮ੍ਰਿਤ ਸਰੂਪ ਰੂਪੀ ਗੁਰਬਾਣੀ ਦੇ ਅੰਮ੍ਰਿਤ ਕੁੰਡ ਵਿਚ ਮਨ ਦਾ ਇਸ਼ਨਾਨ ਕਰਾ ਕੇ ਮਨ ਵਿਚੋਂ ਰਾਗ, ਦ੍ਵੈਸ਼, ਈਰਖਾ, ਵੈਰ, ਵਿਰੋਧ, ਕ੍ਰੋਧ, ਛਲ, ਕਪਟ, ਧੋਖਾ ਚੋਰੀ, ਬੇ-ਵਿਸ਼ਵਾਸ਼ੀ, ਰਿਣ ਹੱਤਿਆ ਆਦਿ ਮੈਲ ਤੋਂ, ਅੰਤਸ਼ਕਰਣ ਨੂੰ ਪਵਿੱਤਰ ਰੱਖਣਾ। ਚਿਤ ਦੇ ਇਸ਼ਨਾਨ ਲਈ ਗੁਰਮੰਤ੍ਰ, ਮੂਲਮੰਤ੍ਰ ਦਾ ਇਕਾਗਰ ਚਿਤ ਨਾਲ ਜਾਪ ਕਰਨਾ ਅਤੇ ਜੀਵ ਆਤਮਾ ਦੇ ਇਸ਼ਨਾਨ ਲਈ ਬ੍ਰਹਮ ਵਿਚਾਰ ਦਾ ਚਿੰਤਨ ਕਰਨਾ।

ਇਨ੍ਹਾਂ ਸਾਰੇ ਗੁਣਾਂ ਨੂੰ ਧਾਰਨ ਕਰਨਾ ਸਤਿ ਦੇ ਪ੍ਰਕਾਸ਼ ਲਈ ਅਤਿਅੰਤ ਜ਼ਰੂਰੀ ਹੈ।

**(ii) ਦਮ** - ਅਰਥਾਤ **(ੳ) ਤਪ** - ਤਿੰਨ ਪ੍ਰਕਾਰ ਦਾ ਹੁੰਦਾ ਹੈ।
***ਤਾਮਸੀ ਤਪ** - ਜਲ ਧਾਰੇ ਕਰਨੇ, ਅਗਨੀ ਤਾਪਣੀ, ਭੁੱਖੇ ਰਹਿਣਾ, ਰੋੜਾਂ ਤੇ ਸੌਣਾ, ਸਰੀਰ ਨੂੰ ਦੁੱਖੀ ਕਰਨਾ ਤਾਮਸੀ ਤਪ ਕਹਾਉਂਦਾ ਹੈ।
***ਰਾਜਸੀ ਤਪ** - ਬੁਰੇ ਕਰਮਾਂ ਤੋਂ ਆਪਣੇ ਮਨ ਨੂੰ ਰੋਕਣਾ। ਬਾਰ-ਬਾਰ ਗੁਰੂ ਸ਼ਬਦ ਦੀ ਵਿਚਾਰ ਰਾਹੀਂ ਮਨ ਨੂੰ ਸਮਝਾਉਣਾ, ਸੇਵਾ ਕਰਨੀ - ਰਾਜਸੀ ਤਪ ਕਹਾਉਂਦਾ ਹੈ।
***ਸਾਂਤਕੀ ਤਪ** - ਬਿਰਤੀ ਨੂੰ ਸੰਕਲਪ ਅਤੇ ਵਿਕਲਪ ਦੀਆਂ ਲਹਿਰਾਂ ਤੋਂ ਅਛੋਹ ਕਰਕੇ ਨਾਮ ਧੁਨ, ਕੀਰਤਨ ਵਿਚ ਟਿਕਾਉਣਾ। ਇਸਨੂੰ ਸਾਂਤਕੀ ਤਪ ਕਿਹਾ ਕਰਦੇ ਹਨ। ਗੁਰੂ ਘਰ ਵਿਚ ਗੁਰਬਾਣੀ ਪੜ੍ਹਨਾ, ਵਿਚਾਰਨਾ, ਸਤਿ ਸ਼ਾਸ਼ਤਰ ਪੜ੍ਹਨਾ-ਸੁਣਨਾ ਸਾਂਤਕੀ ਤਪ ਹੋਇਆ ਕਰਦਾ ਹੈ। ਸਾਂਤਕੀ ਤਪ ਨਾਲ ਆਪਣਾ ਰੂਹਾਨੀ ਸਫਰ ਬਹੁਤ ਛੇਤੀ ਹੀ ਤਹਿ ਹੋ ਜਾਇਆ ਕਰਦਾ ਹੈ।
**(ਅ) ਸੰਤੋਖ** - ਜੀਅ ਭਰਕੇ ਮਿਹਨਤ ਕਰਨੀ, ਜੋ ਕੁਛ ਆਪਣੀ ਪਰਾਲਬਧ ਅਨੁਸਾਰ ਹੱਥ ਵਿਚ ਆਵੇ, ਉਸ ਉਤੇ ਮਨ ਵਿਚ ਸੰਤੋਖ ਧਾਰਨਾ, ਤ੍ਰਿਸ਼ਨਾ ਦੇ ਚੱਕਰ ਵਿਚ ਨਾ ਪੈਣਾ ਅਤੇ ਸੰਤੁਸ਼ਟ, ਖੁਸ਼ ਰਹਿਣਾ ਸੰਤੋਖ ਹੋਇਆ ਕਰਦਾ ਹੈ। ਪਦਾਰਥ ਨਾ ਹੱਥ ਆਉਣ ਤੇ ਆਪਣੇ ਆਪ ਨੂੰ ਸੰਤੋਖੀ ਕਹਿਣਾ, ਸੰਤੋਖੀ ਨਹੀਂ ਕਹਾਉਂਦਾ। ਇਹ ਇਕ ਮਜਬੂਰੀ ਹੋਇਆ ਕਰਦੀ ਹੈ ਕਿਉਂਕਿ ਮਨ ਵਿਚ ਸਤੁੰਸ਼ਟਤਾ ਨਹੀਂ ਹੁੰਦੀ। ਅੱਖਾਂ, ਕੰਨਾਂ, ਹੱਥਾਂ, ਪੈਰਾਂ ਨੂੰ ਸੰਤੋਖ ਵਿਚ ਰੱਖਣਾ ਉਤਮ ਸੰਤੋਖ ਹੈ।
**(ੲ) ਆਸਤਿਕ ਭਾਵ** - ਗੁਰਵਾਕਾਂ ਤੇ, ਗੁਰਬਾਣੀ ਤੇ ਪੂਰਨ ਵਿਸ਼ਵਾਸ਼ ਲਿਆ ਕੇ ਹਿਰਦੇ ਵਿਚ ਧਾਰਨ ਕਰਨਾ ਅਤੇ ਉਸਦੇ ਮੁਤਾਬਿਕ ਆਪਣਾ ਜੀਵਨ ਬਿਤਾਉਣਾ ਇਹ ਤੀਸਰਾ ਨੇਮ ਆਸਤਿਕ ਕਹਾਉਂਦਾ ਹੈ।
**(ਸ) ਦਾਨ** - ਦਾਨ ਤਿੰਨ ਕਿਸਮ ਦਾ ਹੈ ਅਤੇ ਇਸਦਾ ਫਲ ਵੀ ਘਟ-ਵਧ ਅਵਸਥਾ ਭੇਦ ਨਾਲ ਹੋ ਜਾਇਆ ਕਰਦਾ ਹੈ।
***ਤਾਮਸੀ ਦਾਨ** - ਦਾਨ ਦੇਣ ਦੀ ਆਪਣੇ ਵਿਚ ਸਮਰੱਥਾ ਤਾਂ ਹੈ ਨਹੀਂ, ਪਰ ਦੂਸਰਿਆਂ ਨੇ ਕਹਿ ਕਹਾ ਕੇ ਵਿੱਤ ਤੋਂ ਵੱਧ ਦਾਨ ਕਰਾ ਦਿਤਾ, ਜਿਸ ਨਾਲ ਮਨ ਖੁਸ਼ ਹੋਣ ਦੀ ਥਾਂ ਅਫਸੋਸ ਵਿਚ ਚਲਾ ਗਿਆ। ਅਜਿਹੇ ਦਾਨ ਨੂੰ ਤਾਮਸੀ ਦਾਨ ਕਿਹਾ ਜਾਂਦਾ ਹੈ ਅਤੇ ਇਸਦਾ ਫਲ ਪੁੰਨ ਦੀ ਥਾਂ ਪਾਪ ਹੋਇਆ ਕਰਦਾ ਹੈ। ਦਾਨ

ਲੈਣ ਵਾਲਿਆਂ ਅਤੇ ਦੇਣ ਵਾਲਿਆਂ ਉਪਰ ਇਸ ਦਾ ਕੁ-ਪ੍ਰਭਾਵ ਪੈਂਦਾ ਹੈ।

***ਰਾਜਸੀ ਦਾਨ** – ਆਪਣੀ ਮਾਇਆ ਦਾ ਅਭਿਮਾਨ ਕਰਨਾ। ਦੂਸਰਿਆਂ ਨੂੰ ਇਹ ਦੱਸਣ ਵਾਸਤੇ ਕਿ ਮੈਂ ਬਹੁਤ ਵੱਡਾ ਦਾਨੀ ਹਾਂ ਅਤੇ ਆਪਣੇ ਦਿਤੇ ਹੋਏ ਦਾਨ ਦਾ ਜਸ ਕਰਾਉਣ ਦੀ ਭਾਵਨਾ ਨਾਲ ਦਾਨ ਦੇਣਾ, ਪੱਥਰ ਲਵਾਉਣਾ, ਅਖ਼ਬਾਰਾਂ ਵਿਚ advertisement ਦੇਣੀਆਂ ਅਤੇ ਆਪਣੇ ਆਪ ਨੂੰ ਮਸ਼ਹੂਰ ਕਰਕੇ ਜਸ ਲੈਣ ਦੀ ਭਾਵਨਾ ਰੱਖਣੀ, ਇਹ ਰਾਜਸੀ ਦਾਨ ਹੋਇਆ ਕਰਦਾ ਹੈ। ਇਸਦਾ ਫਲ, ਜੋ ਪ੍ਰਸੰਸਾ ਮਿਲ ਗਈ, ਉਤਨਾ ਹੀ ਹੋਇਆ ਕਰਦਾ ਹੈ ਪਰ ਅਸਲੀਅਤ ਤੋਂ ਵਾਂਝਾ ਰਹਿ ਜਾਇਆ ਕਰਦਾ ਹੈ ਜਿਵੇਂ ਕਿ ਗੁਰਬਾਣੀ ਵਿਚ ਫੁਰਮਾਨ ਹੈ –

*ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥*
*ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥*
*ਪੰਨਾ - 1428*

***ਸਾਂਤਕੀ ਦਾਨ** – ਸਾਂਤਕੀ ਦਾਨ ਉਸਨੂੰ ਕਹਿੰਦੇ ਹਨ ਕਿ ਵਾਹਿਗੁਰੂ ਵਲੋਂ ਦਿਤੀਆਂ ਦਾਤਾਂ ਉਸਦੀ ਮਿਹਰ ਦੇ ਸਦਕੇ ਆਪਣੇ ਆਪ ਨੂੰ ਬਖਸ਼ੀਆਂ ਜਾਨਣਾ ਅਤੇ ਭਾਵਨਾ ਸਹਿਤ ਹੋ ਕੇ ਨਿਮਰਤਾ ਨਾਲ ਵਾਹਿਗੁਰੂ ਦਾ ਦਿਤਾ ਹੀ ਉਸਨੂੰ ਸੌਂਪਣਾ, ਇਹ ਸਾਂਤਕੀ ਦਾਨ ਹੋਇਆ ਕਰਦਾ ਹੈ। ਇਸ ਵਿਚ ਦਾਤੇ ਨੂੰ ਬਹੁਤ ਖੁਸ਼ੀ ਵੀ ਮਿਲਦੀ ਹੈ, ਪ੍ਰਸੰਨਤਾ ਹੁੰਦੀ ਹੈ, ਵਿਘਨਾਂ ਦਾ ਨਾਸ਼ ਵੀ ਹੁੰਦਾ ਹੈ, ਕਾਰੋਬਾਰ ਵਿਚ ਤਰੱਕੀ ਵੀ ਹੁੰਦੀ ਹੈ। ਨਿਸ਼ਕਾਮ ਕੀਤਾ ਸਾਂਤਕੀ ਦਾਨ, ਜਨਮਾਂ-ਜਨਮਾਂਤਰਾਂ ਦੀ ਅੰਤਸ਼ਕਰਣ ਵਿਚ ਪਈ ਮੈਲ ਨੂੰ ਕੱਟਦਾ ਹੈ।

(ਹ) **ਪੂਜਾ** – ਅੰਤਰ ਆਤਮੇ 'ਗੁਰ ਕੀ ਮੂਰਤਿ ਮਨ ਮਹਿ ਧਿਆਨੁ' ਜਾਂ ਨਾਮ ਧੁਨ ਜਾਂ ਪ੍ਰਭੂ ਨੂੰ ਜੋਤੀ ਸਰੂਪ ਜਾਣ ਕੇ ਜੋਤੀ ਦਾ ਧਿਆਨ ਪੂਰੀ ਵਿਧੀ ਤੇ ਸ਼ਰਧਾ ਨਾਲ ਕਰਨਾ। ਅੰਤਰੰਗ ਸ਼ਰਧਾ, ਇਸਦਾ ਫਲ ਵਿਖ਼ਸ਼ੇਪ ਦੁੱਖ ਦੂਰ ਹੋ ਕੇ ਇਕਾਗਰ ਚਿਤ ਦੀ ਪ੍ਰਾਪਤੀ ਹੋਣੀ, ਇਸ ਅਨੁਸਾਰ ਕੀਤਾ ਪਠਨ-ਪਾਠ, ਮੰਤਰ-ਸਿਮਰਨ ਦਾ ਫਲ ਬਹੁਤ ਹੀ ਅਧਿਕ ਹੋਇਆ ਕਰਦਾ ਹੈ।

(ਕ) **ਪਾਠ** – ਨਿਤਨੇਮ ਕਰਨਾ, ਗੁਰੂ ਸਿਧਾਂਤ ਨੂੰ ਸ੍ਵਣ ਕਰਨਾ ਅਤੇ ਮਨ ਵਿਚ ਧਾਰਨ ਕਰਕੇ ਗੁਰਬਾਣੀ ਦੇ ਪ੍ਰਕਾਸ਼ ਵਿਚ ਆਪਣੇ ਜੀਵਨ ਨੂੰ ਗੁਰੂ ਦੀ ਦੱਸੀ ਸੇਧ ਵਿਚ ਤੋਰਨਾ – ਪਾਠ ਕਹਾਉਂਦਾ ਹੈ।

(ਖ) **ਦੰਭ ਬਿਨਾਂ** – ਜੀਵਨ ਨੂੰ ਬਗੈਰ ਕਿਸੇ ਕਪਟ ਤੋਂ, ਛਲ ਤੋਂ ਸੁਥਰਾ ਰੱਖਣਾ, ਸਰਲ ਜੀਵਨ ਨੂੰ ਅਪਨਾਉਣਾ – ਇਹ ਸੱਤਵਾਂ ਨੇਮ ਹੈ।

(ਗ) **ਸਾਂਤਕੀ ਬਿਰਤੀ** – ਮਨ ਵਿਚ ਪੂਰੀ ਤਰ੍ਹਾਂ ਦੇ ਨਾਲ ਇਹ ਧਾਰਨ ਕਰਨਾ ਕਿ –

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥*
*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥*
*ਪੰਨਾ - 1364*

*ਹਮ ਨਹੀ ਚੰਗੇ ਬੁਰਾ ਨਹੀ ਕੋਇ॥* *ਪੰਨਾ - 728*

ਅਭਿਮਾਨ ਤੋਂ ਆਪਣੇ ਆਪ ਨੂੰ ਸਾਫ-ਸੁਥਰਾ ਰੱਖਣਾ, ਅਤੇ ਵਿਅਰਥ ਚਿਤਵਨੀਆਂ ਵਿਚ, day dreams (ਜਾਗ੍ਰਤ ਸੁਪਨੇ) ਤੋਂ ਆਪਣੇ ਆਪ ਨੂੰ ਅਛੋਹ ਰੱਖਣਾ, ਮਿੱਠਾ ਬੋਲਣਾ, ਸਰਬੱਤ ਦਾ ਭਲਾ ਮਨ ਵਿਚ ਰੱਖਣਾ। ਦੁਖੀ, ਗਰੀਬ ਉਤੇ ਦਇਆ ਦੀ ਭਾਵਨਾ ਰੱਖਣੀ ਅਤੇ ਕੌੜੇ, ਫਿੱਕੇ ਬੋਲ ਸਹਾਰਨੇ, ਆਪਣੀ ਨਿੰਦਾ ਸੁਣ ਕੇ ਦੁਖੀ ਨਾ ਹੋਣਾ। ਇਹ ਸਾਂਤਕੀ ਬਿਰਤੀ ਹੋਇਆ ਕਰਦੀ ਹੈ।

(ਘ) **ਅਬੋਲ** – ਗੁਰਬਾਣੀ ਦਾ ਪਾਠ ਕਰਨ ਸਮੇਂ ਕਿਸੇ ਹੋਰ ਵਾਕ ਵਲੋਂ ਮੋਨ ਰੱਖਣਾ ਅਤੇ ਬਾਣੀ ਪੜ੍ਹਦੇ ਹੋਛੀਆਂ ਗੱਲਾਂ ਨਾ ਕਰਨੀਆਂ, ਸਿਮਰਨ ਕਰਨ ਵੇਲੇ ਮਨ ਵਿਚ ਕੋਈ ਫੁਰਨਾ ਨਾ ਆਉਣ ਦੇਣਾ – ਇਸਨੂੰ ਅਬੋਲ ਕਹਿੰਦੇ ਹਨ।

(ਙ) ਹੋਮ –ਭੁੱਖੇ ਨੂੰ ਅੰਨ, ਜਲ, ਦੁੱਧ ਦੇਣਾ; ਅੰਨ ਵਸਤਰ ਅਜਿਹੀ ਥਾਂ ਤੇ ਭੇਟਾ ਕਰਨੇ ਜਿਥੋਂ ਭੁੱਖਿਆਂ ਨੂੰ ਪ੍ਰਸ਼ਾਦਾ, ਨੰਗਿਆਂ ਨੂੰ ਬਸਤਰ, ਦਵਾ-ਦਾਰੂ ਅਤੇ ਹੋਰ ਮਦਦ ਕੀਤੀ ਜਾਂਦੀ ਹੋਵੇ, ਉਸ ਥਾਂ ਇਨ੍ਹਾਂ ਚੀਜ਼ਾਂ ਨੂੰ ਨਿਮਰਤਾ ਸਹਿਤ ਦੇਣਾ। ਇਹ ਬ੍ਰਹਮ ਹੋਮ ਕਹਾਉਂਦਾ ਹੈ।

**(iii) ਸ਼ਰਧਾ** – ਗੁਰੂ ਵਾਕ, ਸੰਤ ਬਚਨ ਉਤੇ ਪੂਰਨ ਸ਼ਰਧਾ ਰੱਖ ਕੇ ਮੰਨਨ ਕਰਨਾ ਅਤੇ ਸ਼ਰਧਾ ਦੇ ਨਾਲ ਗੁਰੂ ਨੂੰ ਪ੍ਰਮੇਸ਼ਰ ਦਾ ਪੂਰਨ ਰੂਪ ਜਾਨਣਾ, ਉਨ੍ਹਾਂ ਦੇ ਬਚਨ ਵਿਚ ਸਤਿ ਪ੍ਰਤੀਤ ਰੱਖਣਾ – ਸ਼ਰਧਾ ਕਹਾਉਂਦੀ ਹੈ। ਸ਼ਰਧਾ, ਭਰੋਸਾ, ਪ੍ਰਤੀਤ ਇਕੋ ਚੀਜ਼ ਦੇ ਵੱਖ-ਵੱਖ ਨਾਮ ਹਨ। ਜਦੋਂ ਤਕ ਪ੍ਰਤੀਤ ਹਿਰਦੇ ਵਿਚ ਧਾਰਨ ਨਹੀਂ ਕਰਦੇ, ਉਨੀ ਦੇਰ ਤੱਕ ਬ੍ਰਹਮ ਵਾਕ, ਮਹਾਂਵਾਕ ਹਿਰਦੇ ਵਿਚ ਕੋਈ ਅਸਰ ਨਹੀਂ ਕਰਿਆ ਕਰਦੇ। ਜਿਵੇਂ ਕਿ ਫੁਰਮਾਨ ਹੈ –

*ਜਾ ਕੈ ਮਨਿ ਗੁਰ ਕੀ ਪਰਤੀਤਿ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥* *ਪੰਨਾ - 283*

**(iv) ਸਮਾਧਾਨ** – ਸਾਵਧਾਨ ਹੋ ਕੇ ਸਮ, ਦਮ ਅਤੇ ਹੋਰ ਦੱਸੇ ਹੋਏ ਸਾਧਨਾਂ ਦੀ ਕਮਾਈ ਕਰਨੀ। ਗੁਰੂ ਦੇ ਉਪਦੇਸ਼ ਨੂੰ ਸੁਣਨਾ, ਸੁਣਨ ਸਮੇਂ ਨੀਂਦ ਅਤੇ ਆਲਸ ਦੀ ਲੈਅਤਾ ਬਿਰਤੀ, ਪੁਰਾਣੀਆਂ ਗੱਲਾਂ ਦੀ ਯਾਦ ਅਰਥਾਤ ਸਿਮ੍ਰਿਤੀ ਬਿਰਤੀ, ਗੁਰੂ ਸਿਧਾਂਤ ਰੂਪੀ ਗੁਰ ਪ੍ਰਮਾਣਾਂ ਨੂੰ ਨਾ ਸਮਝਣ ਦੀ ਮੂੜ੍ਹਤਾ ਬਿਰਤੀ ਅਤੇ ਚਿਤ ਦੀ ਚੰਚਲਤਾ ਤੋਂ ਰਹਿਤ ਹੋ ਕੇ ਗੁਰ ਉਪਦੇਸ਼ ਨੂੰ ਸੁਣਨਾ ਅਤੇ ਕਮਾਉਣਾ- ਸਮਾਧਾਨਤਾ ਕਹਾਉਂਦੀ ਹੈ।

**(v) ਉਪਰਾਮ** – ਵਿਵਹਾਰੀ ਵਿਸ਼ਿਆਂ ਭਰੇ ਵਿਚਾਰ, ਭੇਦਵਾਦੀ ਬਚਨ, ਬੇ-ਮਤਲਬਾ ਬਕਵਾਸ ਸੁਣਨ ਤੋਂ ਆਪਣੇ ਆਪ ਨੂੰ ਦੂਰ ਰੱਖਣਾ। ਗ੍ਰਿਹਸਤ ਦੀਆਂ ਉਲਝਣਾਂ ਵਿਚ ਮਨ ਨੂੰ ਨਾ ਫਸਾਉਣਾ ਅਤੇ ਅਗਿਆਨੀ, ਭਰਮ ਵਿਚ ਡੁੱਬੇ ਹੋਏ ਮਨੋਂ ਅੰਧ-ਕੂਪ ਪ੍ਰਾਣੀਆਂ ਦੇ ਸੰਗ ਤੋਂ ਆਪਣੇ ਆਪ ਨੂੰ ਦੂਰ ਰੱਖਣਾ – ਉਪਰਾਮ ਕਹਾਉਂਦਾ ਹੈ। ਇਸ ਸਾਰੇ ਉਪਰ ਕਥੇ ਬਚਨਾਂ ਨੂੰ 'ਖਟ-ਸਮਤੀ' ਦਾ ਨਾਮ ਮਹਾਂਪੁਰਸ਼ ਦਿੰਦੇ ਹਨ। ਬਾਣੀ ਦਾ ਫੁਰਮਾਨ ਹੈ –

*ਵਿਣੁ ਗੁਣ ਕੀਤੇ ਭਗਤਿ ਨ ਹੋਇ॥* *ਪੰਨਾ - 4*

**(vi) ਤਿਤੀਕਸ਼ਾ** – ਦੁੱਖ-ਸੁੱਖ, ਮਾਨ-ਅਪਮਾਨ, ਭੁੱਖ-ਤ੍ਰਿਖਾ ਦੇ ਪ੍ਰਭਾਵਾਂ ਨੂੰ, ਹਠ ਕਰਕੇ ਸਹਿਨ ਕਰਨਾ ਤਿਤੀਕਸ਼ਾ ਕਹਾਉਂਦੀ ਹੈ।

**4. ਮੋਖਸ਼ ਇੱਛਾ** – ਸੰਸਾਰ ਨੂੰ ਨਾਸ਼ਵਾਨ ਅਤੇ ਛਿੰਨ-ਭੰਗਰ ਜਾਣ ਕੇ, ਦੁੱਖਾਂ ਦਾ ਭਰਿਆ ਜਾਣ ਕੇ ਇਸਦੇ ਦੁੱਖਾਂ ਤੋਂ ਛੁਟਕਾਰਾ ਪਾਉਣ ਦਾ ਨਾਮ ਮੋਖਸ਼ ਇੱਛਾ ਹੈ। ਇਸ ਇੱਛਾ ਦੇ ਅਧੀਨ ਸਮਰੱਥ ਗੁਰੂ ਦੀ ਸ਼ਰਨ ਵਿਚ ਜਾਣਾ, ਸਤਿਸੰਗ ਕਰਨਾ, ਸ਼ੁਭ ਕਰਮ ਕਰਨੇ ਅਤੇ ਗੁਰੂ ਤੋਂ ਪ੍ਰਾਪਤ ਹੋਏ ਉਪਦੇਸ਼ਾਂ ਨੂੰ ਕਮਾਉਣ ਦੀ ਪੂਰੀ ਲਾਲਸਾ ਮਨ ਵਿਚ ਰੱਖਣੀ, ਮੋਖਸ਼ ਇੱਛਾ ਕਹਾਉਂਦੀ ਹੈ।

ਜਦੋਂ ਇਹ ਚਾਰ ਸਾਧਨ ਪਰਪੱਕ ਹੋ ਜਾਣ ਤਾਂ ਜਗਿਆਸੂ ਗਿਆਨ ਦਾ ਅਧਿਕਾਰੀ ਗਿਣਿਆ ਜਾਂਦਾ ਹੈ। ਗਿਆਨ ਦੀ ਪਰਪੱਕਤਾ ਵਾਸਤੇ ਤਿੰਨ ਸਾਧਨਾਂ ਦੀ ਬਹੁਤ ਹੀ ਜ਼ਰੂਰੀ ਲੋੜ ਹੈ, ਜਿਨ੍ਹਾਂ ਵਿਚੋਂ ਸ੍ਵਣ, ਮੰਨਣ, ਨਿਧਿਆਸਣ ਬਾਰੇ ਗੁਰਬਾਣੀ ਵਿਚ ਬਾਰ-ਬਾਰ ਆਦੇਸ਼ ਦਿਤੇ ਹੋਏ ਮਿਲਦੇ ਹਨ। ਸ੍ਵਣ ਦੀ ਅਤੇ ਮੰਨਣ ਦੀ ਮਹੱਤਤਾ 'ਜਪੁਜੀ ਸਾਹਿਬ' ਵਿਚ ਚਾਰ-ਚਾਰ ਪੌੜੀਆਂ ਰਾਹੀਂ ਬਹੁਤ ਹੀ ਵਿਸਥਾਰ ਪੂਰਵਕ ਕਰਕੇ, ਇਸ ਜੀਵ ਨੂੰ ਦੱਸੀ ਗਈ ਹੈ। ਨਿਧਿਆਸਣ ਕਰਨ ਵਾਸਤੇ ਗੁਰਬਾਣੀ ਵਿਚ ਬਾਰ-ਬਾਰ ਪ੍ਰੇਰਨਾ

ਆਉਂਦੀ ਹੈ, ਜਿਸ ਤਰ੍ਹਾਂ ਕਿ -

*ਸਾਸਿ ਸਾਸਿ ਸਿਮਰਹੁ ਗੋਬਿੰਦ॥*
*ਮਨ ਅੰਤਰ ਕੀ ਉਤਰੈ ਚਿੰਦ॥* ਪੰਨਾ - 295

*ਬਾਰੰ ਬਾਰ ਬਾਰ ਪ੍ਰਭੁ ਜਪੀਐ॥*
*ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ॥* ਪੰਨਾ - 286

ਅਨੇਕਾਂ ਗੁਰਵਾਕ ਨਿਧਿਆਸਣ ਦਾ ਅਭਿਆਸ ਕਰਨ ਦੀ ਪ੍ਰੇਰਨਾ ਕਰਦੇ ਹਨ। ਬ੍ਰਹਮਗਿਆਨੀ ਮਹਾਤਮਾ ਦੇ ਬਚਨਾਂ ਨੂੰ ਪੂਰਨ ਸ਼ਰਧਾ, ਵਿਚਾਰ ਦੇ ਪ੍ਰਕਾਸ਼ ਵਿਚ, ਹਿਰਦੇ ਦੇ ਪ੍ਰੇਮ ਨਾਲ, ਚਿਤ ਦੀ ਇਕਾਗਰਤਾ ਧਾਰਨ ਕਰਕੇ, ਆਸਤਿਕ ਬੁੱਧੀ ਧਾਰਨ ਕਰਕੇ, ਦ੍ਰਿੜ੍ਹਤਾ ਸਹਿਤ ਸੁਣਨਾ, ਅਰ ਸੁਣਕੇ ਹਿਰਦੇ ਵਿਚ ਉਨ੍ਹਾਂ ਬਚਨਾਂ ਦਾ ਬਾਰੰਬਾਰ ਸਿਮਰਨ ਕਰਨਾ, ਵਿਚਾਰ ਕਰਨਾ ਅਤੇ ਉਨ੍ਹਾਂ ਬਚਨਾਂ ਨੂੰ ਵਿਚਾਰ ਕੇ ਹਿਰਦੇ ਵਿਚ ਧਾਰਨ ਕਰਨਾ ਬਹੁਤ ਹੀ ਜ਼ਰੂਰੀ ਹੈ, ਗਾਵਿਆ ਤੇ ਸੁਣਿਆ ਤਾਂ ਹੀ ਥਾਂ ਪੈਂਦਾ ਹੈ। ਗੁਰੂ ਆਗਿਆ ਨੂੰ ਸਤਿ-ਸਤਿ ਕਰਕੇ ਮੰਨਣਾ ਅਤੇ ਉਸਦੇ ਮੁਤਾਬਿਕ ਆਪਣੀ ਜੀਵਨ ਚਾਲ ਨੂੰ ਤੋਰਨਾ ਜ਼ਰੂਰੀ ਹੈ; ਫ਼ੁਰਮਾਨ ਹੈ -

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥* ਪੰਨਾ - 669

ਸ੍ਵਣ, ਮੰਨਣ ਕਰਕੇ ਜੋ ਗੁਰਬਾਣੀ ਦਾ ਸਿਧਾਂਤ **'ਏਕੰਕਾਰ'** ਅਰਥਾਤ **'ਏਕੋ ਬ੍ਰਹਮ ਦੁਤੀਆ ਨੇਸਤ'** ਜਾਂ **'ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥'** ਦੇ ਨਾਲ ਬਿਰਤੀ ਨੂੰ ਐਸਾ ਲੀਨ ਕਰਨਾ ਜਿਵੇਂ ਪਤਾਸੇ ਪਾਣੀ ਵਿਚ ਘੁਲ-ਮਿਲ ਜਾਂਦੇ ਹਨ ਜਾਂ ਨਮਕ ਪਾਣੀ ਵਿਚ ਪਾਇਆਂ, ਵਿਚ ਹੀ ਰਲ ਜਾਂਦਾ ਹੈ। ਇਸ ਤਰ੍ਹਾਂ ਦੇ ਨਾਲ **'ਏਕੋ ਬ੍ਰਹਮ ਦੁਤੀਆ ਨੇਸਤ'** ਦੀ ਬਿਰਤੀ ਨੂੰ ਅਦ੍ਵੈਤ ਵਸਤੂ ਪ੍ਰਮਾਤਮਾ ਵਿਚ ਲੀਨ ਕਰਨ ਨਾਲ ਨਿਧਿਆਸਣ ਪਰਪੱਕ ਹੋ ਜਾਇਆ ਕਰਦਾ ਹੈ। ਜਦੋਂ ਨਿਧਿਆਸਣ ਪਰਪੱਕ ਹੋ ਜਾਵੇ ਤਾਂ ਸਤਿ ਸਰੂਪ ਪ੍ਰਮ-ਆਤਮਾ ਦਾ ਇਸ ਹਿਰਦੇ ਵਿਚ ਸ਼ਾਖਸ਼ਾਤਕਾਰ ਹੋ ਕੇ ਦਿਬ ਦ੍ਰਿਸ਼ਟੀ ਖੁੱਲ੍ਹ ਜਾਇਆ ਕਰਦੀ ਹੈ ਅਤੇ 'ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ॥' ਦਾ ਪ੍ਰਤੱਖ ਨਜ਼ਾਰਾ ਸ਼ਾਖਸ਼ਾਤਕਾਰ ਹੋ ਜਾਂਦਾ ਹੈ। ਅੰਦਰ ਬਾਹਰ ਹਰ ਥਾਂ ਉਪਰ ਇਕੋ ਹੀ ਪ੍ਰਮੇਸ਼ਵਰ ਪੂਰਨ ਰੂਪ ਵਿਚ ਸ਼ਾਖਸ਼ਾਤਕਾਰ ਹੋ ਜਾਇਆ ਕਰਦਾ ਹੈ। ਜਿਵੇਂ ਕਿ ਗੁਰੂਵਾਕ ਅਨੁਸਾਰ -

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥*
*ਧਰਨਿ ਮਾਹਿ ਆਕਾਸ ਪਇਆਲ॥*
*ਸਰਬ ਲੋਕ ਪੂਰਨ ਪ੍ਰਤਿਪਾਲ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥*
*ਜੈਸੀ ਆਗਿਆ ਤੈਸਾ ਕਰਮੁ॥*
*ਪਉਣ ਪਾਣੀ ਬੈਸੰਤਰ ਮਾਹਿ॥*
*ਚਾਰਿ ਕੁੰਟ ਦਹ ਦਿਸੇ ਸਮਾਹਿ॥*
*ਤਿਸ ਤੇ ਭਿੰਨ ਨਹੀ ਕੋ ਠਾਉ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥* ਪੰਨਾ - 293-94

ਆਪਣਾ ਆਪਾ, ਆਪਣੀ 'ਮੈਂ' ਦਾ ਪੂਰੀ ਤਰ੍ਹਾਂ ਨਾਲ ਅਭਾਵ ਹੋ ਜਾਇਆ ਕਰਦਾ ਹੈ। ਆਪਣੇ ਵਿਚ ਅਤੇ ਸਾਰੇ ਸੰਸਾਰ ਵਿਚ ਇਕੋ ਹੀ ਅਦ੍ਵੈਤ ਵਸਤੂ ਰਹਿ ਜਾਂਦੀ ਹੈ। ***'ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥'*** ਦੀ ਅਵਸਥਾ ਪ੍ਰਾਪਤ ਹੋ ਜਾਇਆ ਕਰਦੀ ਹੈ। ਇਹ ਪਰਮ ਨਿਸ਼ਚਾ ਸਮਰੱਥ ਗੁਰੂ ਦੀ ਕ੍ਰਿਪਾ ਤੋਂ ਬਗੈਰ ਜਾਂ ਪੂਰਨ ਤੱਤ ਬੇਤੇ ਬ੍ਰਹਮਗਿਆਨੀ, ਸੰਤ ਦੀ ਕ੍ਰਿਪਾ ਤੋਂ ਬਗੈਰ ਨਾ ਹੀ ਹਿਰਦੇ ਵਿਚ ਪ੍ਰਗਟ ਹੁੰਦਾ ਹੈ ਅਤੇ ਨਾ ਹੀ ਇਨ੍ਹਾਂ ਵਾਕਾਂ ਦੇ ਉਪਰ ਸ਼ਰਧਾ ਉਤਪੰਨ ਹੁੰਦੀ ਹੈ। ਇਸ ਪੂਰਨ ਗਿਆਨ ਦੇ ਉਦੈ ਹੋਣ ਨਾਲ ਤਿੰਨ ਚੀਜ਼ਾਂ ਅਸਾਡੇ ਸਾਹਮਣੇ ਆਇਆ ਕਰਦੀਆਂ ਹਨ।

**(i) ਮਨੋਨਾਸ਼** – ਇਕ ਤਾਂ ਮਨ ਦਾ ਨਾਸ਼ ਹੋ ਕੇ ਅ-ਮਨ ਹੋ ਜਾਇਆ ਕਰਦਾ ਹੈ। ਮਨ ਦੀਆਂ ਪੰਜ ਪ੍ਰਕਾਰ ਦੀਆਂ ਬਿਰਤੀਆਂ ਪ੍ਰਮਾਣ, ਵਿਕਲਪ, ਸਿਮ੍ਰਿਤੀ, ਅਭਾਵ ਅਤੇ ਉਦਾਸੀਨਤਾ ਖਤਮ ਹੋ ਜਾਇਆ ਕਰਦੀਆਂ ਹਨ। ਪੰਜ ਵਿਸ਼ੇ ਸ਼ਬਦ, ਸਪਰਸ਼, ਰੂਪ, ਰਸ, ਗੰਧ ਖਤਮ ਹੋ ਜਾਇਆ ਕਰਦੇ ਹਨ। ਇਸ ਤਰ੍ਹਾਂ ਮਨ ਦਾ ਨਾਸ਼ ਹੋ ਕੇ ਸ਼੍ਰੇਸ਼ਟ ਬੁੱਧੀ ਜਿਸਨੂੰ ਸਿੱਧ ਅਤੇ ਸੁੱਧ ਆਖਦੇ ਹਨ, ਪ੍ਰਾਪਤ ਹੋ ਜਾਇਆ ਕਰਦੀ ਹੈ ਅਤੇ ਜੀਵ ਦਾ ਸਾਰਾ ਕਾਰ-ਵਿਹਾਰ ਹੁਕਮ ਅੰਦਰ ਚਲਦਾ ਪ੍ਰਤੱਖ ਭਾਸਦਾ ਹੈ, ਪਰ ਇਸ ਵਿਚ ਜੀਵ ਦਾ ਅਹੰਭਾਵ ਲੇਸ਼ ਮਾਤਰ ਵੀ ਨਹੀਂ ਹੁੰਦਾ।

**(ii) ਤੱਤ ਗਿਆਨ** – ਆਪਣੇ ਸਰੂਪ ਦਾ ਜਿਉਂ-ਤਿਉਂ ਅਸਲੀ ਰੂਪ ਵਿਚ ਗਿਆਨ ਹੋ ਜਾਣਾ ਤੱਤ ਗਿਆਨ ਹੋਇਆ ਕਰਦਾ ਹੈ। ਲੇਸ਼ ਮਾਤਰ ਵੀ ਕੋਈ ਭਰਮ ਨਹੀਂ ਰਹਿੰਦਾ ਅਤੇ ਅਵਸਥਾ ਗੁਰੂਵਾਕ ਅਨੁਸਾਰ ਪ੍ਰਾਪਤ ਹੋ ਜਾਂਦੀ ਹੈ -

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*
*ਹਰਿ ਬਿਨੁ ਅਵਰੁ ਨ ਦੇਖਹੁ ਨਦਰੀ ਹਰਿ ਨਿਹਾਲਿਆ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ*
*ਹਰਿ ਰੂਪੁ ਨਦਰੀ ਆਇਆ॥*
*ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ*
*ਹਰਿ ਬਿਨੁ ਅਵਰੁ ਨ ਕੋਈ॥*
*ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ*
*ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥* ਪੰਨਾ - 922

ਸੋ ਦਿਬ ਦ੍ਰਿਸ਼ਟ ਦੀ ਪ੍ਰਾਪਤੀ ਹੋ ਕੇ ਦਿਬ ਇੰਦ੍ਰੇ, ਦਿਬ ਹੋਂਦ ਨੂੰ ਪ੍ਰਤੱਖ ਅਨੁਭਵ ਕਰਦੇ ਹਨ।

**(iii) ਵਾਸ਼ਨਾ ਖ੍ਰੈ** – ਮਨ ਦੇ ਵਿਚੋਂ ਲੋਕ ਵਾਸ਼ਨਾ, ਪੁੱਤਰ ਵਾਸ਼ਨਾ, ਸ਼ਾਸ਼ਤਰ ਵਾਸ਼ਨਾ, ਦੇਹ ਵਾਸ਼ਨਾ, ਅਲੋਪ ਹੋ ਕੇ ਮਨ ਸ਼ੁਧ ਹੋ ਜਾਇਆ ਕਰਦਾ ਹੈ। ਸੰਸਾਰ ਵਿਚ ਜੀਵਨ ਬਤੀਤ ਕਰਦਿਆਂ ਇਹ ਖਿਆਲ ਕਦੇ ਵੀ ਨਹੀਂ ਆਉਂਦਾ ਕਿ ਲੋਕ ਮੇਰੀ ਉਸਤਤ ਕਰਨ ਅਤੇ ਮੈਨੂੰ ਭਲਾ-ਭਲਾ ਕਹਿਣ। ਇਹ ਲੋਕ ਵਾਸ਼ਨਾ ਧਾਰਨੀ ਪੂਰਨ ਮੂਰਖਤਾ ਹੈ ਕਿਉਂਕਿ ਕਦੇ ਵੀ ਕਿਸੇ ਪ੍ਰਾਣੀ ਨੂੰ ਸਾਰੇ ਭਲਾ ਨਹੀਂ ਕਿਹਾ ਕਰਦੇ। ਸੋ ਇਹ ਸਾਰੀਆਂ ਵਾਸ਼ਨਾਵਾਂ ਨਾਸ਼ ਹੋ ਕੇ ਗਿਆਨ ਦੀ ਪੂਰੀ ਤਰ੍ਹਾਂ ਰਾਖੀ ਕਰਦੀਆਂ ਹਨ। ਸੋ ਗਿਆਨ ਦੀ ਰੱਖਿਆ ਵਾਸਤੇ ਉਪਰ ਕਥੇ ਸਾਧਨਾਂ ਰਾਹੀਂ ਗਿਆਨ, ਆਪਣਾ ਆਤਮਾ ਹੋ ਜਾਂਦਾ ਹੈ, ਤਦੋਂ ਜੀਵਨ ਮੁਕਤੀ ਦਾ ਅਨੰਦ ਪ੍ਰਾਪਤ ਹੋ ਕੇ ਆਪ ਹੀ ਆਪਣੇ ਵਿਚ ਮਗਨ ਹੋ ਜਾਂਦਾ ਹੈ। ਕਰਮ, ਉਪਾਸ਼ਨਾ, ਗਿਆਨ ਨੂੰ ਲੰਘ ਕੇ ਸਹਿਜ ਅਵਸਥਾ ਨੂੰ ਪ੍ਰਾਪਤ ਕਰਕੇ ਪ੍ਰਮਾਤਮਾ ਵਿਚ ਲੀਨ ਹੋ ਜਾਂਦਾ ਹੈ। ਜੀਵਨ ਨਿਰਭੈ, ਨਿਸ਼ਕਾਮ ਅਤੇ ਰਾਗ ਤੋਂ ਰਹਿਤ ਹੋ ਕੇ ਪ੍ਰਮ ਅਨੰਦ ਵਿਚ ਸਦਾ ਹੀ ਲੀਨ ਰਹਿੰਦਾ ਹੈ। ਐਸੇ ਗਿਆਨਵਾਨ ਪੁਰਸ਼ਾਂ ਦੀ ਸੰਗਤ ਅਤਿਅੰਤ ਉਚੇ ਭਾਗ ਜਾਗਣ, ਤਾਂ ਹੋਇਆ ਕਰਦੀ ਹੈ।

# ਧਾਵਤ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰ ਪਾਇਆ।।

*ਸੰਤ ਬਾਬਾ ਧਨਵੰਤ ਸਿੰਘ ਜੀ*

*(7, 8 ਅਤੇ 9 ਅਕਤੂਬਰ ਨੂੰ ਰਤਵਾੜਾ ਸਾਹਿਬ ਵਿਖੇ ਪੰਜਵੇਂ ਮਹਾਨ ਗੁਰਮਤਿ ਸਮਾਗਮ ਸਮੇਂ ਸੰਤ ਧਨਵੰਤ ਸਿੰਘ ਜੀ ਵਲੋਂ ਦਿਤਾ ਵਖਿਆਨ)*

*ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ।।*
*ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ*
*ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿੱਜੈ।।*
*ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿੱਜੈ।।*
*ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ।।*
*ਤ੍ਵ ਸਰਬ ਨਾਮ ਕਥੈ ਕਵਨ ਨਾਮ ਬਰਣਤ ਸੁਮਤਿ।।*
*(ਜਾਪੁ ਸਾਹਿਬ)*

*ਬੇਸੁਮਾਰ ਅਥਾਹ ਅਗਨਤ ਅਤੋਲੈ।।*
*ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ।। ਪੰਨਾ - 292*

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤੇ।।*

ਦਾਸ ਨੂੰ ਜੋ ਗੁਰਬਾਣੀ ਦੀਆਂ ਪੰਗਤੀਆਂ ਦੀ ਵਿਚਾਰ ਕਰਨ ਦਾ ਹੁਕਮ ਹੋਇਐ, ਸ਼ਬਦ ਹੈ, ਪੰਗਤੀ ਹੈ -

*ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ*
*ਦਸਵਾ ਦੁਆਰੁ ਪਾਇਆ।। ਪੰਨਾ - 441*

ਇਉਂ ਲਗਦੈ, ਜਿਸ ਆਸ਼ੇ ਲਈ, ਜਿਸ ਮਕਸਦ ਲਈ, ਜਿਸ aim ਵਾਸਤੇ ਸਾਡਾ ਜਨਮ ਹੋਇਐ, ਮੈਨੂੰ ਇੰਝ ਪ੍ਰਤੀਤ ਹੋ ਰਿਹਾ ਸੀ ਜਿਵੇਂ ਏਹਨਾਂ ਕੇਵਲ ਤਿੰਨ ਲਫਜ਼ਾਂ ਅੰਦਰ ਸਾਰੀ ਜ਼ਿੰਦਗੀ ਮੁਕੰਮਲ ਸਤਿਗੁਰਾਂ ਨੇ ਬਖਸ਼ ਦਿਤੀ। ਸਾਧਸੰਗਤ ਜੀ! ਧਰਮ ਦੀ ਯਾਤਰਾ ਆਰੰਭ ਹੋ ਕੇ ਮੁਕੰਮਲ ਕਿਥੇ ਹੋਏਗੀ - ਇਹ ਵਿਸ਼ਾ ਹੈ। ਅਸੀਂ ਸਾਰੇ ਯਾਤਰੂ ਹਾਂ, ਕਿ ਐਸੇ ਮੁਕੰਮਲ ਮਹਾਂਪੁਰਸ਼ (ਸੰਤ ਬਾਬਾ ਵਰਿਆਮ ਸਿੰਘ ਜੀ) ਜਿਨ੍ਹਾਂ ਨੇ ਧਰਮ ਦੀ ਯਾਤਰਾ ਆਪ ਮੁਕੰਮਲ ਕੀਤੀ ਤੇ ਸਾਨੂੰ ਮੁਕੰਮਲ ਕਰਨ ਦੀ ਪ੍ਰੇਰਨਾ ਦੇ ਰਹੇ ਹਨ। ਪਹੁੰਚਣਾ ਹੈ; ਅਰੰਭਤਾ ਹੈ ਯਾਤਰੂ ਦੀ, ਧਰਮ ਦੀ ਮੰਜ਼ਿਲ ਤੇ ਪਹੁੰਚਣੈ। ਪਹਿਲੇ ਦੁਆਰਾਂ ਵਿਚ ਬੈਠੇ ਆਂ, ਗੱਲ ਦਸਮ-ਦੁਆਰ ਦੀ ਹੈ, ਔਰ ਜਿਥੇ ਵੀ ਗੱਲ, ਜੋ ਬਚਨ ਸਤਿਗੁਰਾਂ ਨੇ ਕਿਹੈ, ਕਿਹੜੀ ਅਵਸਥਾ ਹੋਏਗੀ, ਜਿਸ ਵਿਚ ਸਾਹਿਬ ਕਹਿੰਦੇ ਨੇ ਸਤਿਗੁਰ ਜੇ ਮਿਲ ਜਾਏ ਤੇ ਫਿਰ ਇਹ ਦੌੜਦਾ ਹੋਇਆ, ਭਜਦਾ ਹੋਇਆ ਮਨ ਥੰਮਿਆ ਜਾਂਦਾ ਹੈ, ਜਿਥੇ ਕੋਈ ਫੇਰ ਤਰੰਗ ਨਹੀਂ ਉਠਦੀ, ਜਿਸਨੂੰ ਪੂਰਨ ਤੌਰ ਤੇ ਸੰਕਲਪ ਵਿਕਲਪ ਰਹਿਤ ਆਖਿਆ ਹੈ, ਸੁੰਨ ਆਖਿਆ ਹੈ; ਗੁਰਬਾਣੀ 'ਚ ਕਈ ਤਰ੍ਹਾਂ ਨਾਲ ਉਸਦਾ ਵਿਚਾਰ ਕੀਤਾ ਹੈ। ਕਿਤੇ ਸਹਿਜ ਕਿਹੈ, ਕਿਤੇ ਸੁੰਨ ਆਖਿਐ; ਪੂਰਨ ਅਵਸਥਾ। ਦਾਸ ਬੇਨਤੀ ਕਰ ਰਿਹਾ ਸੀ - ਅਸੀਂ ਸਾਰੇ ਯਾਤਰੂ ਹਾਂ। ਧਰਮ ਦੀ ਯਾਤਰਾ 'ਚ ਇਕ ਗੱਲ ਦਾ ਧਿਆਨ ਰੱਖਣਾ; ਧਰਮ ਦੀ ਯਾਤਰਾ ਬਾਹਰ ਨੂੰ ਨਹੀਂ, ਅੰਦਰ ਨੂੰ ਅਰੰਭ ਹੋਏਗੀ। ਇਹ ਇਕ ਯਾਤਰੂ ਦੇ ਚਿੰਨ੍ਹ ਹਨ ਜੋ ਬਾਹਰ ਅਸੀਂ ਕਰ ਰਹੇ ਹਾਂ। ਜਿਵੇਂ ਕੋਈ ਮਨੁੱਖ ਯਾਤਰਾ ਤੇ ਚਲਦੈ ਤੇ ਉਸਦੀ ਬਾਹਰੀ ਕ੍ਰਿਆ ਕਰਨ ਤੋਂ ਪਤਾ ਲਗ ਜਾਂਦੈ ਕਿ ਇਹ ਕਿਸੇ ਦੂਰ ਯਾਤਰਾ ਤੇ ਰਿਹੈ। ਮੈਂ ਆਪ ਦੇਖਦਾਂ ਕਈ ਵਾਰ, ਥੋੜ੍ਹਾ ਜਿਹਾ ਸਮਾਨ ਹੋਵੇ ਤੇ ਸਮਝ ਲੈਂਦੇ ਨੇ ਸੇਵਾਦਾਰ, ਕਿ ਕੋਈ ਨੇੜੇ ਦਾ ਪ੍ਰੋਗਰਾਮ ਹੈ। ਕੋਈ ਲੰਬਾ ਪ੍ਰੋਗਰਾਮ ਹੋਵੇ 10-20 ਦਿਨ ਦਾ, ਤੇ ਸਾਜੋ-ਸਮਾਨ ਤੋਂ ਪਤਾ ਚਲ ਜਾਂਦਾ ਹੈ ਤੇ ਪੁਛ ਲੈਂਦੇ ਨੇ ਕਿ ਕੋਈ ਲੰਬਾ ਪ੍ਰੋਗਰਾਮ ਲਗਦੈ, ਕੋਈ ਲੰਬੀ ਯਾਤਰਾ ਹੈ। ਦਰਅਸਲ, ਕੋਈ ਦੁਨੀਆਂ ਦੇ ਛੋਟੇ ਮੋਟੇ ਧਰਮਾਂ ਦੀ ਤਾਂ ਛੱਡੋ; ਕੋਈ 300 ਤੋਂ ਵੱਧ ਧਰਮ ਹਨ - ਸਾਰੇ ਸੰਸਾਰ ਦੇ, ਔਰ ਸਾਰਿਆਂ ਨੇ ਜੋ ਮਕਸਦ ਹੈ, ਜੋ aim ਹੈ, ਉਹ ਨਿਰੰਕਾਰ ਦੀ ਪ੍ਰਾਪਤੀ ਦਾ ਦੱਸਿਐ, ਪਰ ਰਸਤੇ ਉਹਨਾਂ ਨੇ ਅਲੱਗ-ਅਲੱਗ ਤਰ੍ਹਾਂ ਨਾਲ ਦੱਸੇ ਨੇ। ਪਰ ਖਿਆਲ ਕਰਨਾ - ਓਹਨਾਂ ਧਾਰਮਕ ਯਾਤਰੂਆਂ ਦੀ ਅਰੰਭਤਾ ਦੇ ਕੋਈ ਨਾ ਕੋਈ ਚਿੰਨ੍ਹ ਜ਼ਰੂਰ ਹਨ - ਸਾਰਿਆਂ ਦੇ। ਉਹ ਗੱਲ ਵੱਖਰੀ ਐ ਕਿ ਕੋਈ ਘਰੋਂ ਨਿਕਲਦਿਆਂ ਹੋਇਆਂ ਹੀ ਯਾਤਰੂ, ਘਰ ਦੇ ਦੁਆਲੇ ਲੜੀ ਜਾਏ ਤੇ ਨਾ ਤੁਰ ਸਕੇ, ਪਰ ਯਾਤਰਾ ਦੇ ਚਿੰਨ੍ਹ ਹਨ - ਹਰ ਧਰਮ ਦੇ। ਜੋ ਅਰੰਭਤਾ ਹੈ - ਧਰਮ ਦੀ ਯਾਤਰਾ, ਦੀ ਅਸੀਂ ਮਨੁੱਖ ਤੋਂ ਅੰਦਾਜ਼ਾ ਲਾ ਲੈਂਨੇ ਹਾਂ ਇਹ ਧਾਰਮਕ ਹੈ। ਜੋ ਵੇਖਣ ਨੂੰ ਧਾਰਮਕ ਦਿਖਾਈ ਦਿੰਦੈ; ਇੰਝ ਪ੍ਰਤੀਤ ਹੁੰਦੈ, ਮਾਨੋਂ ਇਸਨੇ ਧਰਮ ਦੀ ਯਾਤਰਾ ਅਰੰਭ ਕੀਤੀ ਹੋਈ ਐ। ਕਿਸ ਮੰਜ਼ਿਲ ਤੇ ਪਹੁੰਚਿਐ, ਕਿਹੜੀ ਸਟੇਜ ਤੇ ਖੜੈ; ਇਹ ਜ਼ਿਆਦਾਤਰ ਤੁਹਾਨੂੰ ਆਪਣਾ ਪਤਾ ਹੈ। ਪਰ ਇੰਝ ਪ੍ਰਤੀਤ ਜੋ ਜ਼ਰੂਰ ਹੁੰਦੈ - ਐਸੀ ਸਤਸੰਗ ਵਿਚ ਆਵਣ ਤੋਂ, ਬੈਠਣ ਤੋਂ, ਤੁਹਾਡੇ ਚਿੰਨ੍ਹਾਂ ਤੋਂ ਜਿਵੇਂ ਆਪਾਂ ਤੁਸਾਂ ਸਾਰੇ ਹੀ ਧਾਰਮਕ ਯਾਤਰੂ ਹੋ ਤੇ ਧਾਰਮਕ ਯਾਤਰਾ ਤੇ ਚਲ ਰਹੇ ਆਂ। ਫਿਰ ਦਾਸ ਬੇਨਤੀ ਕਰ ਰਿਹਾ ਸੀ, ਸੰਸਾਰ ਦਾ ਬਹੁਤ ਸਾਰਾ ਹਿੱਸਾ ਧਰਮ ਦੇ ਨਾ ਹੇਠ ਕੇਵਲ ਯਾਤਰਾ ਦੀ ਅਰੰਭਤਾ ਤੇ ਲੜ ਰਿਹੈ, ਤੇ ਮਰ ਰਿਹੈ। ਚਿੰਨ੍ਹ ਹਨ - ਕੋਈ ਕਹਿੰਦਾ, ਨਹੀਂ - ਇਹ ਯਾਤਰਾ ਠੀਕ ਐ; ਦੂਸਰਾ ਯਾਤਰੂ ਕਹਿੰਦਾ, ਨਹੀਂ, ਜੋ ਮੈਂ ਕਰ ਰਿਹਾਂ, ਇਹ ਬਿਲਕੁਲ ਮੁਕੰਮਲ ਐ; ਤੀਸਰਾ ਕਹਿੰਦੈ, ਨਹੀਂ, ਮੇਰੀ ਮੁਕੰਮਲ ਹੈ; ਚੌਥਾ ਕਹਿੰਦਾ, ਮੇਰੀ ਮੁਕੰਮਲ ਹੈ। ਇਉਂ ਲਗਦੈ ਜਿਵੇਂ ਅਜੇ ਘਰ ਤੋਂ ਯਾਤਰਾ ਲਈ ਨਿਕਲੇ ਨੇ, ਨਿਕਲਦਿਆਂ ਹੀ ਲੜਨ ਲਗ ਪਏ ਨੇ; ਅਰੰਭਤਾ ਹੈ ਯਾਤਰਾ ਦੀ। ਬਾਬਾ ਕਬੀਰ ਜੀ ਬੜਾ ਸੁੰਦਰ ਆਖਦੇ ਨੇ -

*ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ।।*
*ਪੰਨਾ - 1369*

ਚਲੇ ਸੀ, ਯਾਤਰਾ ਅਰੰਭ ਹੋਈ ਧਰਮ ਦੀ, ਪਰ ਸਾਹਿਬ ਕਹਿੰਦੇ ਨੇ, ਚਿੱਤ ਅਟਕ ਗਿਆ। ਇਕ ਖਿਆਲ ਹੋਰ ਕਰਨਾ! ਧਰਮ ਦੀ ਯਾਤਰਾ ਦਾ ਸਬੰਧ ਕਿਸੇ ਜਾਤ ਨਾਲ, ਕਿਸੇ ਧਰਮ ਨਾਲ, ਕਿਸੇ ਖਾਨਦਾਨ ਨਾਲ, ਕਿਸੇ ਕੁਲ ਨਾਲ, ਕਿਸੇ ਸੰਸਾਰਕ ਸੰਪਰਦਾ ਨਾਲ, ਕਿਸੇ ਸੰਸਾਰ ਦੀ ਭਾਸ਼ਾ ਨਾਲ ਨਹੀਂ ਹੈ, ਕਿਸੇ ਕੌਮ ਨਾਲ ਨਹੀਂ ਹੈ; ਧਰਮ ਦੀ ਯਾਤਰਾ ਮਨੁੱਖ ਦੀ ਨਿੱਜ ਦੀ ਯਾਤਰਾ ਹੈ। ਇਕ ਗੱਲ ਧਿਆਨ ਵਿਚ ਹੋਰ ਰੱਖਣੀ ਕਿ ਧਰਮ ਦੀ ਯਾਤਰਾ ਤੇ ਕਦੀ-ਕਦੀ ਕੋਈ ਮੁਕੰਮਲ ਹੁੰਦੈ। ਹੰਸਾਂ ਦੀਆਂ ਕਦੀ ਡਾਰਾਂ ਨਹੀਂ ਹੁੰਦੀਆਂ; ਡਾਰਾਂ ਬਗਲਿਆਂ ਦੀਆਂ ਹੋ ਸਕਦੀਆਂ ਨੇ, ਡਾਰਾਂ ਕਾਵਾਂ ਤੇ ਚਿੜੀਆਂ ਦੀਆਂ ਹੋ ਸਕਦੀਆਂ ਨੇ, ਪਰ ਹੰਸ ਤੇ, ਕਦੀ, ਕੋਈ ਹੈ। ਇਹ ਰੱਬ

ਦਾ ਅਸੂਲ ਹੈ - ਜਿਤਨਾ ਲੋਹਾ ਹੈ, ਉਤਨਾ ਸੋਨਾ ਨਹੀਂ ਹੈ; ਜਿਤਨੀ ਆਮ ਲੱਕੜ ਹੈ, ਉਤਨਾ ਚੰਦਨ ਨਹੀਂ ਹੈ; ਜਿਤਨੇ ਮੋਤੀ ਹਨ, ਉਤਨੇ ਹੀਰੇ ਤੇ ਜਵਾਹਰਾਤ ਨਹੀਂ ਹਨ; ਇਹ ਰੱਬ ਦਾ ਅਸੂਲ ਹੈ। ਜਿਤਨੇ ਬਗਲੇ ਤੇ ਕਾਂ, ਚਿੜੀਆਂ ਹਨ, ਉਤਨੇ ਹੰਸ ਨਹੀਂ ਹਨ। ਕਿਤਨੇ ਕੁ ਲੋਗਾਂ ਨੇ ਹੰਸ ਦੇਖਿਐ। ਕਿਤਨੇ ਕੁ ਲੋਕਾਂ ਨੇ ਬਹੁਤ ਚੰਦਨ ਦੇਖਿਐ, ਕਿਤਨੇ ਕੁ ਲੋਗਾਂ ਨੇ ਲਾਲ ਤੇ ਪੰਨੇ, ਮੂੰਗੇ, ਜਵਾਹਰਾਤ ਦੇਖੇ ਨੇ। ਮੈਂ ਕਈ ਵਾਰੀ ਬੇਨਤੀ ਕਰਦਾ ਹੁੰਨਾਂ, ਸ਼ਾਇਦ ਨਿੱਜ ਦਾ ਮੇਰਾ ਵਿਚਾਰ ਹੈ, ਮੈਂ ਪਿਛੇ ਜਿਹੇ ਵੀ ਵਿਚਾਰ ਕੀਤੀ ਸੀ; ਕਹਿੰਦੇ ਨੇ ਸੰਤ ਸਮਾਜ। ਮੈਂ ਕਿਹਾ, ਸਮਾਜ ਕੋਈ ਹਿੰਦੂ ਹੋ ਸਕਦਾ ਹੈ? ਕੋਈ ਸਿੱਖ ਹੋ ਸਕਦਾ ਹੈ? ਕੋਈ ਮੁਸਲਮਾਨ ਹੋ ਸਕਦੈ? ਸੰਤਾਂ ਦਾ ਸਮਾਜ ਕਿਵੇਂ ਹੋ ਸਕਦੈ? ਉਹ ਤਾਂ -

***ਕੋਟ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ॥***

***ਪੰਨਾ - 495***

ਉਹ ਤੇ ਕੋਈ ਇਕ ਅੱਧਾ ਮਹਾਂਪੁਰਸ਼ - **ਕੋਈ ਐਸਾ, ਜਿਸਦੀ ਰਹਿਨੁਮਾਈ ਹੇਠ ਅੱਜ ਤੁਸੀਂ ਬੈਠੇ ਹੋ, ਐਸੇ ਮਹਾਂਪੁਰਸ਼ ਤੋਂ, ਇਕ ਤੋਂ ਸੇਧ ਲੈ ਲਈਏ ਤਾਂ ਸਾਰੀ ਕੌਮ ਦਾ ਬੇੜਾ ਪਾਰ ਹੋ ਸਕਦੈ।** ਔਰ ਪੰਜ ਸੱਤ ਸੌ ਸਰੀਰ ਬੈਠੇ ਤੇ ਕਹਿੰਦੇ, ਸਮਾਜ। ਸਮਾਜ ਕਿਵੇਂ ਹੋਏ? ਸਮਾਜ ਸੰਸਾਰ ਦੇ ਆਮ ਲੋਕਾਂ ਦਾ ਹੋ ਸਕਦੈ। ਇਸ ਕਰਕੇ ਲੋਕ ਕਹਿੰਦੇ ਨੇ ਕਿ ਇਹ ਵੀ ਇਕ ਹੋ ਕੇ ਨਹੀਂ ਬੈਠਦੇ? ਮੈਂ ਕਿਹਾ ਕਿ ਸੰਤ ਹੋਣ ਤੇ ਇਕ ਬੈਠਣ। ਇਹ ਧਰਮ ਤਾਂ ਕਦੀ-ਕਦੀ ਕਿਸੇ ਨੂੰ ਉਪਲਬਧ ਹੁੰਦੈ। ਕਦੀ-ਕਦੀ ਕੋਈ ਬਾਬਾ ਕਬੀਰ, ਕਦੀ-ਕਦੀ ਕੋਈ ਭਗਤ ਰਵੀਦਾਸ, ਕਦੀ-ਕਦੀ ਕੋਈ ਨਾਮਦੇਵ, ਕਦੀ-ਕਦੀ ਤ੍ਰਿਲੋਚਨ; ਕਦੀ-ਕਦੀ ਹੈ ਨਾ! ਔਰ ਉਹ ਲੋਕ ਜਿਨ੍ਹਾਂ ਦੀ ਧਰਮ ਦੀ ਯਾਤਰਾ ਮੁਕੰਮਲ ਹੋਈ, ਜਿਹੜੇ ਧਰਮ ਦੀ ਯਾਤਰਾ ਵਿਚ ਸੰਪੂਰਨ ਹੋਏ, ਜਿੰਨ੍ਹਾਂ ਦਾ ਇਹ ਦੌੜਦਾ ਹੋਇਆ ਥੰਮਿਆ ਗਿਆ, ਵਸ ਵਿਚ ਆ ਗਿਆ; ਐਹ ਉਹਨਾਂ ਦਾ ਨਿੱਜੀ ਅਨੁਭਵ ਹੈ ਜੋ ਪੜ੍ਹ ਰਹੇ ਹਾਂ। ਜਿਹੜੇ ਧਰਮ ਦੀ ਯਾਤਰਾ ਵਿਚ ਮੁਕੰਮਲ ਹੋਏ। ਔਰ ਫਿਰ ਦਾਸ ਫਿਰ ਦੁਹਰਾ ਦੇਵੇ; ਧਰਮ ਦੀ ਯਾਤਰਾ ਮਨੁੱਖ ਦੀ ਨਿੱਜ ਦੀ ਯਾਤਰਾ ਹੈ, ਆਪਣੀ ਯਾਤਰਾ ਹੈ; ਮਨੁੱਖ ਨੂੰ ਆਪਣੇ ਅੰਦਰ ਗਹਿਰੀ ਖੁਦਾਈ ਕਰਨੀ ਪੈਂਦੀ ਹੈ, ਆਪਣੇ ਅੰਦਰ ਵੜਨਾ ਪੈਂਦੈ; ਸਮੁੰਦਰ ਦੇ ਕਿਨਾਰੇ ਤੇ ਜੇ ਕੋਈ ਫਿਰਦਾ ਰਹੇ; ਫਿਰ ਤੇ ਲਏਗਾ, ਪਰ ਹੀਰੇ ਲਾਲ, ਜਵਾਹਰਾਤ ਨਹੀਂ; ਕੋਈ ਘੋਘੇ ਤੇ ਸਿੱਪੀਆਂ ਇਕੱਠੀਆਂ ਕਰ ਸਕਦੈ, ਕੋਈ ਛੋਟੇ ਮੋਟੇ ਮੋਤੀ ਮਿਲ ਸਕਦੇ ਨੇ, ਪਰ ਹੀਰੇ, ਲਾਲ, ਜਵਾਹਰਾਤ ਤੇ ਮੂੰਗੇ ਖਰੀਦਣ ਵਾਸਤੇ ਤੇ ਕੋਈ ਗੋਤਾ-ਖੋਰ ਹੀ ਜਾ ਸਕਦਾ ਹੈ ਕਿਉਂਕਿ ਗਹਿਰਾਈ ਹੈ। ਧਰਮ ਦੀ ਯਾਤਰਾ ਵਿਚ ਆਪਣੇ ਅੰਦਰ ਉਤਰਨਾ ਹੈ। ਇਸ ਜੀਵਨ ਅੰਦਰ, ਜੇ ਧਰਮ ਦੀ ਯਾਤਰਾ ਅੰਦਰ ਵੀ ਰੌਲੇ ਹਨ; ਬਹੁਤ ਸਾਰੇ ਪ੍ਰੇਮੀ ਗੁਰਮੁਖ ਪਿਆਰੇ ਆਂਵਦੇ ਨੇ - ਅਸੀਂ ਪਾਠ ਵੀ ਕਰਦੇ ਆਂ, ਅਸੀਂ ਕੀਰਤਨ ਵੀ ਕਰਦੇ ਆਂ, ਸੁਣਦੇ ਵੀ ਹਾਂ, ਅਸੀਂ ਗੁਰਦੁਆਰੇ ਵੀ ਜਾਨੇ ਆਂ, ਪਰ ਸਾਨੂੰ ਫਿਰ ਵੀ ਸ਼ਾਂਤੀ ਨਹੀਂ ਮਿਲਦੀ, ਫਿਰ ਵੀ ਠੰਢ ਨਹੀਂ ਪੈਂਦੀ, ਫਿਰ ਵੀ ਸੁਆਦ ਨਹੀਂ ਆਉਂਦਾ। ਮੈਂ ਬੇਨਤੀ ਕਰਾਂਗਾ, ਤੁਸੀਂ ਬਾਣੀ ਪੜ੍ਹੀ ਨਹੀਂ ਹੋਏਗੀ; ਇਹ ਕਿਵੇਂ ਹੋ ਸਕਦੈ, ਕੋਈ ਬੰਦਾ ਭੋਜਨ ਛਕ ਲਏ ਤੇ ਭੁੱਖ ਨਾ ਮਿਟੇ; ਇਹ ਕਿਵੇਂ ਹੋ ਸਕਦੈ ਕੋਈ ਮਨੁੱਖ ਪਾਣੀ ਪੀ ਲਏ ਤੇ ਪਿਆਸ ਨਾ ਮਿਟੇ; ਇਹ ਕਿਵੇਂ ਹੋ ਸਕਦੈ ਲਾਈਟ ਜਗ ਜਾਏ ਤੇ ਲਾਈਟ ਮਿਲੇ ਨਾ? ਭੋਜਨ ਛਕਿਆ ਨਹੀਂ ਹੋਏਗਾ, ਕੇਵਲ ਭੋਜਨ ਦਾ ਨਾਂ ਲਿਆ ਹੋਏਗਾ; ਪਾਣੀ ਪੀਤਾ ਨਹੀਂ ਹੋਏਗਾ, ਕੇਵਲ ਪਾਣੀ-ਪਾਣੀ ਆਖਿਆ ਹੋਏਗਾ। ਬਾਣੀ ਪੜ੍ਹੀ ਹੈ, ਕੀ ਪੜ੍ਹਿਐ? ਕੁਛ ਵੀ ਨਹੀਂ ਪਤਾ। ਨਿਤਨੇਮ ਕੀਤਾ ਹੈ, ਨਿਤਨੇਮ ਨੇ ਕਿਹਾ ਕੀ ਹੈ? ਕੁਛ ਪਤਾ ਨਹੀਂ। ਬਾਣੀ ਨੇ ਆਖਿਆ ਕੀ ਹੈ? ਕੁਛ ਵੀ ਨਹੀਂ।

ਸਾਧਸੰਗਤ ਜੀ! ਅਸੀਂ ਰੋਜ਼ ਆਖਦੇ ਹਾਂ - ਸਤਿਗੁਰੂ ਬੋਹਥਿ ਹੈ, ਸਤਿਗੁਰੂ ਜਹਾਜ਼ ਹੈ। ਕੋਈ ਬੰਦਾ ਜਹਾਜ਼ ਦੇ ਦੁਆਲੇ ਕੇਵਲ ਅਗਰਬੱਤੀਆਂ ਲਾਉਂਦਾ ਰਹੇ, ਜਹਾਜ਼ ਦੇ ਦੁਆਲੇ ਕੇਵਲ ਕੱਪੜੇ ਲਾਉਂਦਾ ਰਹੇ, ਜਹਾਜ਼ ਦੇ ਦੁਆਲੇ ਕੇਵਲ ਪ੍ਰਕਰਮਾ ਕਰਦਾ ਰਹੇ, ਜਹਾਜ਼ ਦੀਆਂ ਕੇਵਲ ਨੰਬਰ ਪਲੇਟਾਂ ਪੜ੍ਹਦਾ ਰਹੇ; ਪਾਰ ਹੋ ਜਾਏਗਾਂ? ਕੌਣ ਪਾਰ ਹੋਏਗਾ? ***'ਚੜ੍ਹੇ ਸੋ ਉਤਰੇ ਪਾਰ।'***

ਜੇ ਅਨੰਦ ਨਹੀਂ ਮਿਲਿਆ, ਜੇ ਕੁਛ ਸ਼ਾਂਤੀ ਨਹੀਂ ਮਿਲੀ ਤਾਂ ਕੁਝ ਲਗਦੈ ਕਿ ਕੁਛ ਸਫਰ ਮੁੱਕਾ ਨਹੀਂ। ਫਿਰ ਸ਼ਾਇਦ ਅਸਾਂ ਜਹਾਜ਼ ਵਿਚ ਅਜੇ ਪੈਰ ਵੀ ਨਹੀਂ ਰੱਖਿਆ; ਗੁਰੂ ਮਿਲਣਾ ਤਾਂ ਬਹੁਤ ਦੂਰ ਗੱਲ ਐ। ਮਿਲਿਆ ਕਿਥੇ? ਇਹ ਤੇ ਧਰਮ ਦੀ ਯਾਤਰਾ ਦੀ ਅਰੰਭਤਾ ਵਿਚ ਹੀ ਅਸੀਂ ਵਾਦ ਵਿਵਾਦ ਵਿਚ ਖੜ੍ਹੇ ਹਾਂ, ਲੜ ਰਹੇ ਹਾਂ, ਆਪਸ ਵਿਚ ਝਗੜ ਰਹੇ ਹਾਂ, ਇਕ ਦੂਸਰੇ ਨੂੰ ਗਾਲੀਆਂ ਦੇ ਰਹੇ ਹਾਂ, ਇਕ ਦੂਜੇ ਨੂੰ ਨਫਰਤ ਕਰ ਰਹੇ ਹਾਂ, ਧਰਮ ਦੀ ਯਾਤਰਾ ਵਿਚ ਆਖ ਰਹੇ ਹਾਂ - ਔਹ ਵੱਡੈ, ਦੂਸਰਾ ਵੱਡੈ, ਤੀਸਰਾ ਵੱਡੈ। ਕਮਾਲ ਦੀ ਬਾਤ ਇਹ ਹੈ ਕਿ ਬਾਕੀ ਧਰਮਾਂ ਦੀ ਗੱਲ ਤਾਂ ਛੱਡੋ - ਜੋ 300 ਧਰਮਾਂ ਦੀ ਮੈਂ ਗੱਲ ਕਰ ਰਿਹਾਂ, ਉਹਨਾਂ ਦੀ ਗੱਲ ਤਾਂ ਛੱਡੋ; ਜਿਨ੍ਹਾਂ ਦੀ ਵਾਕਫ਼ੀਅਤ ਤੁਹਾਡੇ ਨਾਲ ਹੈ, ਮੈਂ ਤਾਂ ਉਹਨਾਂ ਦੀ ਗੱਲ ਕਰ ਲੈਨਾਂ। ਹੈਰਾਨਗੀ ਹੁੰਦੀ ਐ; ਪਹੁੰਚਣਾ ਸਾਰਿਆਂ ਨੇ ਇਕੋ ਥਾਂ ਤੇ ਹੈ - ਜਿਥੇ ਬਾਬਾ ਫਰੀਦ ਜੀ ਬੈਠੇ ਨੇ, ਉਥੇ ਭਗਤ ਰਵੀਦਾਸ ਜੀ ਬੈਠੇ ਨੇ, ਉਥੇ ਹੀ ਸਤਿਗੁਰੂ ਗੁਰੂ ਨਾਨਕ ਸਾਹਿਬ ਜੀ ਵੀ ਕਹਿੰਦੇ ਨੇ - ਕਬੀਰ ਜੀ ਤੂੰ ਵੀ ਆ ਜਾ, ਭਗਤ ਨਾਮਦੇਵ ਤੂੰ ਵੀ ਆ ਜਾ, ਬਾਬਾ ਫਰੀਦ ਤੂੰ ਮੁਸਲਮਾਨ ਹੈਂ, ਤੂੰ ਵੀ ਆ ਜਾ। ਪਰ ਜਿਹੜੇ ਪਰੰਪਰਾਵਾਦੀ ਲੋਕ ਨੇ, ਜਿਹੜੇ ਲਕੀਰਾਂ ਮਾਰ ਕੇ ਬੈਠੇ ਹੋਏ ਨੇ, ਜੋ ਧਰਮ ਦੀਆਂ ਦੀਵਾਰਾਂ ਅੰਦਰ ਖੜ੍ਹੇ ਨੇ, ਉਹ ਪਤਾ ਕੀ ਆਖਦੇ ਨੇ? ਉਹ ਕਹਿੰਦੇ ਨੇ, ਅਸੀਂ ਮੋਮਨ, ਬਾਕੀ ਸਾਰਾ ਸੰਸਾਰ ਕਾਫਰ ਹੈ। ਅਸੀਂ ਬਹਿਸ਼ਤ ਵਿਚ ਜਾਵਾਂਗੇ, ਬਾਕੀ ਸਾਰਾ ਸੰਸਾਰ ਦੋਜਕਾਂ ਵਿਚ ਸੜੇਗਾ, ਬਾਕੀ ਸਾਰੀ ਦੁਨੀਆਂ ਦੋਜਕ ਵਿਚ ਜਾਏਗੀ, ਬਾਕੀ ਸਾਰਾ ਸੰਸਾਰ ਦੋਜਕਾਂ ਵਿਚ ਸੜੇਗਾ; ਅਸੀਂ ਕੇਵਲ ਬਹਿਸ਼ਤਾਂ ਵਿਚ ਜਾਵਾਂਗੇ। ਪਰੰਪਰਾਵਾਦੀ, ਦੀਵਾਰਾਂ ਵਿਚ ਕੈਦ ਹਿੰਦੂ ਧਰਮ ਦੇ ਲੋਕ ਆਖਦੇ ਨੇ ਕਿ ਦੇਵ ਲੋਕ ਵਿਚ ਕੇਵਲ ਹਿੰਦੂ ਧਰਮ ਵਿਚ ਹੋ ਕੇ ਜਾਈਆ ਜਾ ਸਕਦੈ; ਕੋਈ ਸ਼ੂਦਰ ਨਹੀਂ ਜਾ ਸਕਦਾ, ਕੋਈ ਕਸ਼ਤਰੀ ਨਹੀਂ ਜਾ ਸਕਦਾ, ਕੋਈ ਦੂਸਰਾ ਨਹੀਂ ਜਾ ਸਕਦਾ। ਇਹ ਪਰੰਪਰਾ ਹੈ। ਈਸਾਈਅਤ ਇਹ ਆਖਦੀ ਐ ਕਿ ਜੋ Jesus (ਈਸਾ ਜੀ) ਕੋਲ ਆਏਗਾ, ਜੋ ਮੇਰੇ ਕੋਲ ਆਏਗਾ, ਮੈਂ ਉਸਨੂੰ ਲਿਜਾਵਾਂਗਾ। ਐਥੇ ਈ ਬੱਸ ਨਹੀਂ; ਜੋ ਮੇਰੇ ਕੋਲ ਆ ਜਾਏਗਾ, ਉਹ ਮਰ ਵੀ ਜਾਏਗਾ, ਕਬਰਾਂ 'ਚੋਂ ਉਠਾ ਕੇ ਲੈ ਜਾਵਾਂਗਾ। ਕਿਤਨੀ ਅਜੀਬ ਗੱਲ ਹੈ - ਕਬਰਾਂ 'ਚੋਂ ਉਠਾ ਕੇ, ਪਰ ਦੂਸਰਿਆਂ ਨੂੰ ਨਹੀਂ, ਦੂਸਰੇ ਪਏ ਰਹਿਣਗੇ; ਜੋ ਮੇਰੇ ਕੋਲ ਆਉਣਗੇ, ਉਹਨਾਂ ਨੂੰ ਉਠਾ ਕੇ ਲੈ ਜਾਵਾਂਗਾ। ਅੱਜ ਪਰੰਪਰਾਵਾਦੀ ਮੇਰੇ ਵਰਗੇ ਸਿੱਖ ਇਹ ਆਖਦੇ ਨੇ ਕਿ ਕੇਵਲ ਸਿੱਖ ਹੀ ਸਚਖੰਡ ਵਿਚ ਜਾਣਗੇ, ਬਾਕੀ ਨਰਕਾਂ 'ਚ ਜਾਣਗੇ। ਮਤਲਬ ਇਹ ਹੋਇਆ, ਫਿਰ ਸਾਂਈ ਮੀਆਂ ਮੀਰ ਤੇ ਨਰਕ ਵਿਚ ਜਾਏਗਾ, ਫਿਰ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਜੀ ਨੂੰ ਚੁੱਕਣ ਵਾਲੇ, ਉਚ ਦਾ ਪੀਰ ਬਣਾਉਣ ਵਾਲੇ, ਲੈ ਕੇ ਜਾਣ ਵਾਲੇ ਗਨੀ ਖਾਂ ਤੇ ਨਬੀ ਖਾਂ ਤੇ ਨਰਕਾਂ ਵਿਚ ਜਾਣਗੇ; ਤੁਸੀਂ ਕੇਵਲ

ਸਚਖੰਡ ਵਿਚ ਜਾਓਂਗੇ। ਫਿਰ ਬਾਬਾ ਫਰੀਦ ਦੀ ਬਾਣੀ ਤੇ ਕੱਢ ਦੇਣੀ ਚਾਹੀਦੀ ਐ ਨਾ, ਉਹ ਤੇ ਨਰਕ ਵਿਚ ਜਾਏਗਾ। ਕਿਤਨੀ ਅਜੀਬ ਬਾਤ ਹੈ। ਇਹ ਹੀ, ਗੁਰੂ ਗ੍ਰੰਥ ਸਾਹਿਬ ਪੜ੍ਹ ਸਕਦੇ ਨੇ, ਇਹ ਨਹੀਂ ਪੜ੍ਹ ਸਕਦੇ। ਫਿਰ ਇਹ ਲਫ਼ਜ਼ ਤੇ ਵਿਚੋਂ ਕੱਢ ਦੇਣੇ ਚਾਹੀਦੇ ਨੇ -

*ਉਪਦੇਸੁ ਚਹੁ ਵਰਨਾ ਕਉ ਸਾਝਾ॥ ਪੰਨਾ - 747*

ਧਰਮ ਦੀ ਯਾਤਰਾ, ਕੋਈ ਜਮਾਤ ਨਹੀਂ। ਧਰਮ ਦੀ ਯਾਤਰਾ, ਹਜ਼ਾਰਾਂ ਦਾ ਇਕੱਠ, ਕਰੋੜਾਂ ਦੇ ਇਕੱਠ ਵਿਚੋਂ ਕਦੀ-ਕਦੀ ਕਿਸੇ ਨੂੰ ਉਪਲਬਧ ਹੁੰਦੀ ਹੈ - ਪੂਰਨਤਾ ਹੈ। ਹਾਂ, ਕੋਈ ਪਹਿਲੀ ਕਲਾਸ ਵਿਚ ਬੈਠਾ ਹੋਏਗਾ, ਕੋਈ ਦੂਸਰੀ ਵਿਚ ਬੈਠਾ ਹੋਏਗਾ, ਕੋਈ ਚੌਥੀ ਵਿਚ ਬੈਠਾ ਹੋਏਗਾ, ਪਰ ਜਿਥੇ ਕੋਈ ਬੈਠੇ, ਕਹਿੰਦੇ -

*ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ॥*
*ਪੰਨਾ - 469*

ਕੋਈ ਮੰਨਣ ਨੂੰ ਤਿਆਰ ਹੀ ਨਹੀਂ ਕਿ ਮੈਂ ਸਿਖਿਆਰਥੀ ਹਾਂ, ਕੋਈ ਮੰਨਣ ਨੂੰ ਤਿਆਰ ਹੀ ਨਹੀਂ - ਮੈਂ ਵਿਦਿਆਰਥੀ ਹਾਂ, ਕੋਈ ਮੰਨਣ ਨੂੰ ਤਿਆਰ ਹੀ ਨਹੀਂ - ਮੈਂ student ਹਾਂ; ਨਹੀਂ-ਨਹੀਂ, ਮੈਂ ਜਿਥੇ ਖੜ੍ਹਾਂ - ਸੰਪੂਰਨ, ਜਿਥੇ ਮੈਂ ਚਲ ਰਿਹਾਂ - ਸੰਪੂਰਨ। ਬਸ ਇਹ ਹੀ ਠੀਕ ਹੈ, ਬਾਕੀ ਸਭ ਗਲਤ। ਮੈਂ ਚਲ ਰਿਹੈਂ, ਮੈਂ ਕੇਵਲ ਠੀਕ ਹਾਂ, ਬਾਕੀ ਸਾਰੇ ਸੰਸਾਰ ਦੇ ਰਸਤੇ ਗਲਤ; ਜਿਸ ਰਸਤੇ ਮੈਂ ਚਲ ਰਿਹਾਂ, ਇਹੀ ਕੇਵਲ ਮੁਕੰਮਲ ਹੈ, ਬਾਕੀ ਸਭ ਰਸਤੇ ਮੁਕੰਮਲ ਨਹੀਂ ਹਨ।

ਸਤਿਗੁਰੂ ਗਰੀਬ ਨਿਵਾਜ ਪਾਤਸ਼ਾਹ ਨੇ ਕਿਤਨੀ ਕਮਾਲ ਦੀ ਬਾਤ ਕੀਤੀ, ਉਹਨਾਂ ਆਖਿਆ, ਕਿਸੇ ਰਸਤੇ ਤੋਂ ਵੀ ਆ ਜਾਓ, ਆਓ। ਜਿਹੜੇ ਓਥੇ ਆ ਗਏ, ਜਿਹੜੇ ਓਥੇ ਪਹੁੰਚ ਗਏ, ਜਿਹੜੇ ਉਸ ਟਿਕਾਣੇ ਤੇ ਚਲੇ ਗਏ, ਜਿੰਨਾਂ ਦੇ ਧਰਮ ਦੀ ਯਾਤਰਾ ਮੁਕੰਮਲ ਹੋ ਗਈ, ਮੇਰੇ ਧੰਨ ਗੁਰੂ ਅਰਜਨ ਸਾਹਿਬ ਨੇ ਆਖਿਆ ਬਾਬਾ ਫਰੀਦ। ਤੇਰੀ ਯਾਤਰਾ ਮੁਕੰਮਲ, ਤੂੰ ਸਾਡੇ ਨਾਲ ਬੈਠੇਂਗਾ; ਤੇਰੀ ਧਰਮ ਦੀ ਯਾਤਰਾ ਸੰਪੂਰਨ - ਕਬੀਰ। ਧਿਆਨ ਦੇਣਾ, ਜੇ ਮੁਸਲਮਾਨ ਹੋ ਕੇ ਈ ਰੱਬ ਨੂੰ ਮਿਲਿਆ ਜਾ ਸਕਦੈ, ਤੇ ਬਾਬਾ ਕਬੀਰ ਸਾਹਿਬ ਨੂੰ ਕੀ ਕਹੋਗੇ - ਮੁਸਲਮਾਨ ਕਿ ਹਿੰਦੂ; ਪੈਦਾ ਹੋਏ ਨੇ ਮੁਸਲਮਾਨਾਂ ਦੇ ਘਰ। ਬਾਬਾ ਰਵਿਦਾਸ ਜੀ ਅਗਵਾਈ ਦਿੰਦੇ ਨੇ, ਕਹਿੰਦੇ ਨੇ -

*ਜਾ ਕੈ ਈਦਿ ਬਕਰੀਦਿ ਕੁਲ ਗਊ ਰੇ*
*ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ॥*
*ਪੰਨਾ - 1293*

ਬਾਬਾ ਕਬੀਰ ਜੀ ਉਸ ਕੁਲ ਵਿਚ ਪੈਦਾ ਹੋਏ ਨੇ ਜਿਥੇ ਈਦ ਮਨਾਈ ਜਾਂਦੀ ਐ, ਜਿਥੇ ਬੱਕਰੇ ਵੱਢੇ ਜਾਂਦੇ ਨੇ, ਜਿਥੇ ਸ਼ਹੀਦਾਂ ਪੀਰਾਂ ਨੂੰ ਮੰਨਿਆ ਜਾਂਦੈ, ਜਿਥੇ ਗਊਆਂ ਕਤਲ ਕੀਤੀਆਂ ਜਾਂਦੀਆਂ ਨੇ - ਉਸ ਕੁਲ ਵਿਚ ਪੈਦਾ ਹੋਏ ਨੇ। ਪਰ ਗੁਰੂ ਕੌਣ ਐ? ਭਗਤ ਰਾਮਾਨੰਦ ਜੀ - ਪੰਡਤ। ਆਪ ਮੁਸਲਮਾਨ, ਤੇ ਗੁਰੂ ਹਿੰਦੂ; ਜਪਣਾ ਚਾਹੀਦਾ ਸੀ - ਅੱਲਾ-ਅੱਲਾ, ਜਪ ਰਹੇ ਨੇ - ਰਾਮ-ਰਾਮ ਹੈ; ਨਾ ਜੀ ਗੱਲ ਬਿਪਰੀਤ, ਹੈ ਨਾ ਬਗਾਵਤ! ਜਿਸ ਕੁਲ ਵਿਚ ਪੈਦਾ ਹੋਏ ਨੇ, ਉਸ ਧਰਮ ਤੋਂ ਬਗਾਵਤ। ਜਪ ਰਹੇ ਨੇ ਰਾਮ-ਰਾਮ। ਲੋਕ ਬੜੇ ਹੈਰਾਨ ਵੀ ਨੇ, ਗੱਲ ਵੀ ਕਹਿੰਦੇ ਨੇ। ਕੋਈ ਪੁੱਛਦੈ, ਹਿੰਦੂ ਐ ਕਿ ਮੁਸਲਮਾਨ। ਬਾਬਾ ਕਬੀਰ ਜੀ ਕਹਿੰਦੇ ਨੇ ਕਿ ਤੁਸੀਂ ਕੀ ਪੁਛਦੇ ਓ। ਕਹਿੰਦੇ, ਕਾਜ਼ੀ ਪੁਛਦੇ ਹੋਣੇ ਨੇ, ਮੁੱਲਾਂ ਪੁਛਦੇ ਨੇ - ਧਰਮ ਦੇ ਠੇਕੇਦਾਰ। ਤੁਸੀਂ ਕੌਣ ਓ? ਉਹ ਕਹਿੰਦੇ ਨੇ, ਤੁਹਾਡੇ ਨਾਲ ਸਾਡੀ ਗੱਲ ਈ ਕੋਈ ਨੀਂ ਬਈ।

*ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੁਲਾਂ ਛਾਡੇ ਦੋਊ॥*
*ਪੰਨਾ - 1158*

ਤੁਹਾਡਾ ਕੁਝ ਨੀਂ ਲਿਆ ਅਸੀਂ, ਤੁਹਾਨੂੰ ਦੋਵਾਂ ਨੂੰ ਛੱਡਿਆ; ਮੁੱਲਾਂ, ਤੈਨੂੰ ਵੀ ਛੱਡਿਆ; ਕਾਜ਼ੀ, ਤੈਨੂੰ ਵੀ ਛੱਡਿਆ; ਪੰਡਤ, ਤੇਰੇ ਨਾਲ ਸਾਡੀ ਕੋਈ ਗੱਲ ਨਹੀਂ। ਤੁਸੀਂ ਕੌਣ ਓ? ਕੋਈ ਹਿੰਦੂ ਹੋਵੋਗੇ ਜਾਂ ਮੁਸਲਮਾਨ ਹੋਵੋਗੇ ਤੇ ਬਾਬਾ ਕਬੀਰ ਜੀ ਨੇ ਬੜਾ ਸਪਸ਼ਟ ਆਖਿਐ ਕਿ -

*ਨਾ ਹਮ ਹਿੰਦੂ ਨਾ ਮੁਸਲਮਾਨ॥*

ਘਰ ਪੈਦਾ ਹੋਏ ਨੇ ਮੁਸਲਮਾਨਾਂ ਦੇ, ਗੁਰੂ ਹੈ ਰਾਮਾਨੰਦ ਜੀ- ਹਿੰਦੂ ਘਰਾਣੇ ਦੇ, ਤੇ ਰਾਮ-ਰਾਮ ਜਪ ਰਹੇ ਨੇ। ਉਹ ਕਹਿੰਦੇ ਨੇ, ਕਮਾਲ ਹੋ ਗਈ; ਤੁਸੀਂ ਜਾਂ ਤੇ ਹਿੰਦੂ ਵੀ ਨਹੀਂ, ਮੁਸਲਮਾਨ ਵੀ ਨਹੀਂ, ਤੇ ਕੌਣ ਹੋ? ਤੁਸੀਂ ਜਾਂ ਤੇ ਹਿੰਦੂ ਹੋਵੋਗੇ ਜਾਂ ਮੁਸਲਮਾਨ ਹੋਵੋਗੇ; ਸਰੀਰ ਤੁਹਾਡਾ ਦਿਖਾਈ ਦਿੰਦੈ। ਜਿਸ ਅਵਸਥਾ ਦੀ ਗੱਲ ਗੁਰੂ ਬਾਬਾ ਜੀ ਨੇ ਅੱਜ ਦੇ ਵਿਚਾਰ ਵਿਚ ਦੱਸੀ, ਬਾਬਾ ਕਬੀਰ ਜੀ ਕਹਿੰਦੇ ਨੇ ਜਿਸ ਸਰੀਰ ਨੂੰ ਤੁਸੀਂ ਵੇਖ ਰਹੇਂ ਹੋਂ; ਸੰਸਾਰ ਦੇ ਲੋਕੋ, ਜਿਹੜੇ ਪ੍ਰਾਣ ਚਲ ਰਹੇ ਨੇ, ਇਹਨਾਂ ਦੀ ਗੱਲ ਕਰਦੇ ਓਂ? ਉਹ ਕਹਿੰਦੇ ਨੇ ਕਿ ਇਹ ਜੋ ਤੁਹਾਨੂੰ ਦਿਖਾਈ ਦੇ ਰਿਹੇ ਨਾ, ਇਹ ਹਿੰਦੂ ਹੈ ਨਾ ਮੁਸਲਮਾਨ ਹੈ -

*ਅਲਹ ਰਾਮ ਕੇ ਪਿੰਡੁ ਪਰਾਨ॥ ਪੰਨਾ - 1136*

ਹਿੰਦੂ ਉਹ ਜਿਸਨੂੰ ਤੁਸੀਂ ਰਾਮ ਕਹਿੰਦੇ ਓਂ; ਮੁਸਲਮਾਨ ਆਖਣ ਵਾਲੇ ਓਂ, ਜਿਸਨੂੰ ਤੁਸੀਂ ਅੱਲਾ ਆਖਦੇ ਓਂ; ਇਹ ਪ੍ਰਾਣ ਸਾਹ ਵੀ ਉਹਦੇ ਨੇ, ਇਹ ਸਰੀਰ ਜੋ ਤੁਹਾਨੂੰ ਦਿਖਾਈ ਦੇ ਰਿਹੈ, ਇਹ ਵੀ ਉਹ ਅੱਲਾ ਹੈ, ਇਹ ਵੀ ਉਹ ਰਾਮ ਹੈ; ਇਹ ਸਰੀਰ ਕੋਈ ਹੈ ਨਹੀਂ, ਇਹ ਪ੍ਰਾਣ ਕੋਈ ਹੈ ਨਹੀਂ; ਇਹ ਤੇ ਰਾਮ ਹੈ, ਇਹ ਤੇ ਅੱਲਾ ਹੈ। ਹੁਣ ਤੁਸੀਂ ਸਾਧਸੰਗਤ ਜੀ ਕੀ ਕਹੋਗੇ - ਏਹਨਾਂ ਪ੍ਰਾਣਾਂ ਨੂੰ, ਜੋ ਬਾਬਾ ਕਬੀਰ ਜੀ ਕਹਿੰਦੇ ਨੇ - *'ਨਾ ਹਮ ਹਿੰਦੂ ਨਾ ਮੁਸਲਮਾਨ॥'* ਇਹਦਾ ਮਤਲਬ, ਧਰਮ ਨੂੰ ਕੀ ਕਹੋਗੇ? ਜਿਹਦਾ ਧਰਮ ਮੁਕੰਮਲ ਹੋ ਗਿਆ, ਓਥੇ ਕੋਈ ਜਾਤ, ਕੋਈ ਪਾਤ, ਕੋਈ ਧਰਮ, ਕੋਈ ਮਜ਼ਹਬ, ਕੋਈ ਗੁਰੂ ਕੋਈ ਕਿਆ ਹੈ? ਉਹ ਤੇ ਅੱਲਾ ਹੀ ਹੈ।

ਗੁਰੂ ਨਾਨਕ ਬਾਬਾ ਜੀ ਨੂੰ ਵੀ ਪੁਛਿਐ, ਕੌਣ ਹੋ? ਕਿਉਂਕਿ ਸਮਝ ਨਹੀਂ ਲੱਗਦੀ ਨਾ। ਗੁਰੂ ਨਾਨਕ ਸਾਹਿਬ ਦੀ ਲੋਕਾਂ ਨੂੰ ਸਮਝ ਨੀਂ ਲਗਦੀ। ਹਿੰਦੂ ਕੁਲ ਵਿਚ ਪੈਦਾ ਹੋਏ ਨੇ, ਬੇਦੀ ਕੁਲ ਵਿਚ ਪੈਦਾ ਹੋਏ ਨੇ; ਚਾਹੀਦਾ ਸੀ ਕਿ ਟਿੱਕੇ ਲਾਉਂਦੇ, ਜਨੇਊ ਪਾਉਂਦੇ, ਧੋਤੀ ਪਾਉਂਦੇ ਪਰ ਬਗਾਵਤ ਕਰ ਦਿਤੀ, ਸਭ ਪਰੰਪਰਾਵਾਂ ਤੋੜ ਦਿਤੀਆਂ। ਪੁੱਛਿਆ ਹੋਣੈ ਲੋਗਾਂ ਨੇ, ਕੌਣ ਹੋ - ਜਦੋਂ ਘਰ ਬਗਦਾਦ ਗਏ ਨੇ, ਕਈ ਥਾਵਾਂ ਤੇ ਗਏ ਨੇ; ਪੁਛਿਆ ਹੋਏਗਾ। ਇਕ ਸਾਥੀ ਨਾਲ ਮੁਸਲਮਾਨ ਲਗਦੈ, ਇਕ ਸਾਥੀ ਨਾਲ ਹਿੰਦੂ ਲਗਦੈ ਤੇ ਫਕੀਰ ਹਿੰਦੂ ਹੋਏਗਾ ਕਿ ਮੁਸਲਮਾਨ ਫਕੀਰ ਮੁਸਲਮਾਨ ਹੋਏਗਾ। ਸਮਝ ਨੀਂ ਲੱਗਦੀ ਤੇ ਸਤਿਗੁਰੂ ਸੱਚੇ ਪਾਤਸ਼ਾਹ ਨੂੰ ਪੁਛਦੇ ਨੇ, ਮੁਸਲਮਾਨ ਪੀਰ! ਤੁਸੀਂ ਕੌਣ ਹੋ? ਸਾਹਿਬ ਜੀ ਕਹਿਣ ਲੱਗੇ ਕਿ ਦੇਖੋ, ਤੁਸੀਂ ਮੁਸਲਮਾਨ ਓਂ, ਬੜੇ ਸ਼ਰਈ ਓਂ, ਬੜੇ ਪੱਕੇ ਸ਼ਰ੍ਹਾ ਓ। ਤੁਸੀਂ ਦੀਵਾਰਾਂ 'ਚ ਖੜੇ ਓ ਤੇ ਬਾਬਾ ਜੀ ਕਹਿੰਦੇ -

'ਹਿੰਦੂ ਕਹਾਂ ਤਾਂ ਮਾਰੀਏ।' ਜੇ ਹਿੰਦੂ ਕਹਾਂ ਤਾਂ ਤੁਸੀਂ ਗਲ ਪਓਗੇ; ਦੂਸਰੇ ਪਾਸੇ ਤੁਸੀਂ ਕਹੋਗੇ ਹੁਣ ਮੁਸਲਮਾਨ ਹੋ ਫਿਰ।

-ਚਲਦਾ-

## ਪਹਿਲੇ ਰਤਨ

# ਬਾਬਾ ਸੋਭਾ ਸਿੰਘ ਜੀ

ਜਦੋਂ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਨੇ ਧਰਤੀ ਮੁੱਲ ਖਰੀਦ ਕੇ ਅਨੰਦਪੁਰ ਦੀ ਬੁਨਿਆਦ ਬੱਧੀ, ਤਦ ਉਨ੍ਹਾਂ ਸਾਰੀਆਂ ਹੀ ਜਾਤੀਆਂ ਦੇ ਲੋਕਾਂ ਨੂੰ, ਖਾਸ ਕਰ ਆਪਣੇ ਨਜ਼ਦੀਕੀ ਤੇ ਹੋਰ ਭਰਾ ਭਾਈਆਂ ਨੂੰ ਵੀ ਸੱਦਾ ਦਿਤਾ ਕਿ ਉਹ ਇਸ ਸ਼ਹਿਰ ਦੀ ਸੋਭਾ ਨੂੰ ਵਧਾਣ। ਮਕਾਨ ਆਦਿਕ ਬਣਾਣ ਦੀ ਧਰਤੀ ਸਤਿਗੁਰੂ ਆਪ ਦੇਂਦੇ ਸਨ ਤੇ ਦੁਕਾਨਦਾਰ ਸਮੇਂ ਦੀ ਰੀਤ ਅਨੁਸਾਰ ਉਸ ਸਮੇਂ ਸਤਿਗੁਰਾਂ ਨੂੰ ਚੁੰਗੀ ਚਕੋਤਾ ਵੀ ਦੇਂਦੇ ਸਨ। ਇਸ ਤਰ੍ਹਾਂ ਜਿਥੇ ਰੋਜ਼ ਦੀ ਆਵਾਜਾਈ ਤੇ ਲੋਗ ਰੁਝਾਨ ਤੱਕ ਕੇ ਦੁਕਾਨਦਾਰ ਆਏ, ਉਥੇ ਬਹੁਤ ਸਾਰੇ ਸੋਢੀ ਸਾਹਿਬਜ਼ਾਦੇ ਵੀ ਇਥੇ ਹੀ ਆ ਕੇ ਵਸ ਗਏ ਸਨ। ਕਈਆਂ ਨੇ ਘਰ ਜਾਇਦਾਦਾਂ ਵੀ ਬਣਾ ਲਈਆਂ ਸਨ। ਇਹਨਾਂ ਹੀ ਪਰਿਵਾਰਾਂ ਵਿਚੋਂ ਇਕ ਪ੍ਰਧਾਨ ਖਾਨਦਾਨ ਦੇ ਰੋਸ਼ਨਚਰਾਗ ਤੇ ਸਮੇਂ ਦੇ ਮਹਾਂਪੁਰਖ ਸਨ - ਬਾਬਾ ਸੋਭਾ ਸਿੰਘ ਜੀ ਮਹਾਰਾਜ। ਬਾਬਾ ਸੋਭਾ ਸਿੰਘ ਜੀ ਜਦੋਂ ਜਵਾਨ ਹੋਏ ਤਦ ਉਹ ਤਕੜੇ ਕਰਣੀ - ਪ੍ਰਧਾਨ ਹੋਣ ਯੋਗ ਨਜ਼ਰ ਆਉਂਦੇ ਸਨ।

ਸੋ ਪਰਮ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਨੇ ਜਾਣ-ਬੁੱਝ ਕੇ ਔਰੰਗਜ਼ੇਬ ਦੀ ਜ਼ੁਲਮ ਭਰੀ ਤਲਵਾਰ ਹੇਠਾਂ ਗਰਦਨ ਦਿਤੀ ਸੀ, ਹਾਲਾਂ ਕਿ ਉਹ ਜਦੋਂ ਤੇ ਜਿਸ ਵੀ ਸਮੇਂ ਚਾਹੁੰਦੇ, ਦਿੱਲੀ ਤੋਂ ਵਾਪਸ ਅਨੰਦਪੁਰ ਆ ਸਕਦੇ ਸਨ। ਪਰ ਸ੍ਰੀ ਕਲਗੀਧਰ ਦੇ ਫੁਰਮਾਨ ਅਨੁਸਾਰ ਉਨ੍ਹਾਂ ਸਰੀਰ ਦਾ ਠੀਕਰ, ਦਲੀਸ ਦੇ ਸਿਰ ਭੰਨਣ ਦਾ ਫੈਸਲਾ ਕਰ ਲਿਆ ਸੀ। ਇਸ ਕਰਕੇ ਜਦੋਂ ਉਹ ਘਰੋਂ ਸਿਰ ਤੇ ਕਫ਼ਨ ਬੰਨ੍ਹ ਕੇ ਕਾਤਲ ਨੂੰ ਤਲਾਸ਼ ਕਰਨ ਨਿਕਲੇ, ਫਿਰ ਵਾਪਸ ਕਿਉਂ ਤੇ ਕਿਸ ਤਰ੍ਹਾਂ ਮੁੜਦੇ? ਉਹ ਇਹ ਦ੍ਰਿੜ੍ਹ ਨਿਸਚਾ ਰਖਦੇ ਸਨ ਕਿ ਕਿਸੇ ਮਹਾਨ ਸੰਤ ਪਰਮ ਪੁਰਖ ਦੀ ਲੋਕਾਂ ਸਾਹਵੇਂ ਖੁਲ੍ਹੇ ਬਾਜ਼ਾਰ ਵਿਚ ਸ਼ਹੀਦੀ ਹੀ ਲੋਕ ਭਾਵਨਾ ਨੂੰ ਰਾਜ ਦਰਬਾਰ ਵਿਰੁਧ ਵਰਤਕੇ ਉਸ ਅਪਵਿਤਰ ਗੈਰ ਲੋਕ ਰਾਜ ਦਾ ਖਾਤਮਾ ਕਰਨ ਲਈ ਮੈਦਾਨ ਤਿਆਰ ਹੋ ਸਕਦਾ ਹੈ। ਰਾਜ, ਛਲ ਕਪਟ ਤੇ ਫਰੇਬ, ਫਿਰ ਧੋਖੇ ਨਾਲ ਪ੍ਰਾਪਤ ਕਰਕੇ ਇਸ ਨੂੰ ਕਾਬੂ ਰਖਣ ਹਿਤ ਕਿਸ ਤਰ੍ਹਾਂ ਲੱਖਾਂ ਲੋਕਾਂ ਦਾ, ਬੇਗੁਨਾਹਾਂ ਤੇ ਮਾਸੂਮ ਬੱਚਿਆਂ ਦਾ ਖੂਨ ਔਰੰਗਜ਼ੇਬ ਦੇ ਸਮੇਂ ਬਹਾਇਆ ਗਿਆ, ਉਸਦਾ ਪ੍ਰਮਾਣ ਹੋਰ ਪਹਿਲੇ ਰਾਜਾਂ ਸਮੇਂ ਘਟ ਹੀ ਮਿਲਦਾ ਸੀ।

ਸੋ ਗੁਰੂ ਜੀ ਦੀ ਸ਼ਹੀਦੀ ਨੇ ਲੋਕਾਂ ਨੂੰ ਦੇਸ਼ ਕੌਮ ਤੇ ਧਰਮ ਹਿੱਤਾਂ ਲਈ ਸੋਚਣ ਲਈ ਮਜਬੂਰ ਕਰ ਦਿਤਾ, ਹਰ ਪਾਸੇ ਹਲਚਲੀ ਮਚ ਗਈ। ਸ੍ਰੀ ਗੁਰੂ ਕਲਗੀਧਰ ਮਹਾਰਾਜ ਨੇ ਗੁਰੂ ਗੱਦੀ ਨੂੰ ਇਸ ਸ਼ਕਲ ਵਿਚ ਚਲਦੇ ਰਖਣਾ ਅਗੇ ਲਈ ਗੁਰੂ ਪੰਥ ਤੇ ਮਨੁਖੀ ਏਕਤਾ ਤੇ ਸੰਸਾਰ ਦੇ ਇਕ-ਮੁਠ ਕਰਨ ਹਿਤ ਜਰੂਰੀ ਨ ਸਮਝਕੇ, ਇਸ ਦੀ ਡੋਰ ਸਿਰਲਥ ਤੇ ਸਰੀਰੋਂ ਪਰੇ ਸਿੰਘਾਂ ਦੇ ਸਪੁਰਦ ਕਰ ਦਿਤੀ। ਇਹ ਗੱਲ ਬਿਲਕੁਲ ਸਾਫ ਹੈ ਕਿ ਪੰਜ ਪਿਆਰਿਆਂ ਦੀ ਚੋਣ ਹੋਣ ਪਿਛੋਂ ਸਤਿਗੁਰੂ ਜੀ ਨੇ ਆਪ ਇਕ ਵੀ ਜਿੰਦ ਨੂੰ ਗੁਰੂ ਦੀਖਿਆ ਨਹੀਂ ਦਿਤੀ। ਇਥੋਂ ਤਕ ਕਿ ਆਪ ਫਿਰ ਮੁੜਕੇ ਕਿਸੇ ਨੂੰ ਅੰਮ੍ਰਿਤਪਾਨ ਕਰਾਉਣ ਲਈ ਪੰਜਾਂ ਪਿਆਰਿਆਂ ਦੀ ਜਥੇਦਾਰੀ ਦੇ ਰੂਪ ਵਿਚ ਵੀ ਕਿਧਰੇ ਪ੍ਰਗਟ ਨਹੀਂ ਹੋਏ। ਭਾਵ ਸਾਫ ਸੀ ਕਿ ਖਾਲਸਾ ਪੰਥ ਨਿਰੋਲ ਅਕਾਲ ਤੇ ਉਸਦੀ ਮਨੁਖ ਸਤਾ ਇਕ ਮਿਕ ਹੋ ਜਾਏ। ਕਿਸੇ ਬਾਹਰ ਦੀ ਸ਼ਖਸੀਅਤ ਦਾ ਕੋਈ ਦਖਲ ਬਾਕੀ ਨ ਰਹੇ। ਵੈਸੇ ਕੋਈ ਮਹਾਨ ਤੋਂ ਮਹਾਨ ਤੇ ਵਡੇ ਤੋਂ ਵਡਾ ਧਾਰਮਿਕ ਆਗੂ, ਸੰਤ, ਰਿਸ਼ੀ, ਪੈਗੰਬਰ ਐਸਾ ਨਹੀਂ ਹੋਇਆ ਜਿਸ ਨੇ ਆਪਣੀਆਂ ਧਾਰਮਿਕ ਰਹੁ ਰੀਤਾਂ ਤੇ ਟਕਸਾਲੀ ਬੁਨਿਆਦੀ ਸਿਖੀ ਸੇਵਕੀ ਪੈਦਾ ਕਰਨ ਦੀਆਂ ਸਾਰੀਆਂ ਸ਼ਕਤੀਆਂ ਹੀ ਕੌਮ ਤੇ ਜਥੇਬੰਦੀ ਨੂੰ ਸੌਂਪ ਦਿਤੀਆਂ ਹੋਣ।

ਬਾਬਾ ਸੋਭਾ ਸਿੰਘ ਕਿਉਂਕਿ ਸੋਢੀ ਸਾਹਿਬਜ਼ਾਦੇ ਸਨ, ਇਸ ਕਰਕੇ ਉਹ ਆਪ ਹੀ ਗੁਰਦੇਵ ਪਾਸ ਪੁਜੇ ਤੇ ਬੇਨਤੀ ਕੀਤੀ ਕਿ ਮੇਹਰ ਕਰਕੇ ਗੁਰੂ ਦੀਖਿਆ ਦੇ ਕੇ ਇਸ ਜੀਵਨ ਨੂੰ ਕ੍ਰਿਤਾਰਥ ਕਰੋ। ਸਤਿਗੁਰੂ ਨੇ ਫੁਰਮਾਇਆ ਸੀ -

"ਭਾਈ ਮੈਂ ਤਾਂ ਆਪ ਵੀ ਗੁਰੂ ਦੀਖਿਆ ਪੰਜ ਪਿਆਰਿਆਂ ਪਾਸੋਂ ਪ੍ਰਾਪਤ ਕੀਤੀ ਹੈ। ਸੋ ਤੁਸੀਂ ਇਹ ਸੋਚਣਾ ਬੰਦ ਕਰ ਦਿਉ ਕਿ ਹੁਣ ਕੋਈ ਵਖਰੀ ਮੰਤਰ ਦੇਣ ਦੀ ਰੀਤ ਹੈ। ਪਰ ਹਾਂ, ਸ਼ਬਦ ਦੀ ਕਮਾਈ ਹਿਤ ਤੁਸੀਂ ਬੇਗਮਪੁਰੇ ਪੁਜਣ ਲਈ ਸਾਧਨ ਕਰੋ, ਤਦ ਤੁਹਾਡੀ ਪੂਰੀ ਮਦਦ ਤੇ ਤੁਹਾਡੇ ਵਿਚਾਰ, ਸੁਰਤ ਦੀ ਉਡਾਰੀ ਤੇ ਸਿਮਰਨ ਦੇ ਸਾਧਨ - ਸ਼ਬਦ ਸੁਰਤ ਰਾਹੀਂ ਅੰਤਰ ਆਤਮੇ ਹੀ ਮਹਾਨ ਤੀਰਥ ਦਾ ਇਸ਼ਨਾਨ ਕਰਨ ਹਿਤ ਜੋ ਵੀ ਕਰੋਗੇ, ਤੁਹਾਡੀ ਮਦਦ ਹੋਵੇਗੀ। ਪਰ ਤੁਸੀਂ ਕ੍ਰਿਪਾ ਕਰਕੇ ਅੰਮ੍ਰਿਤ ਤੇ ਗੁਰ ਦੀਖਿਆ ਦੀ ਦਾਤ ਦੀ ਮੰਗ ਭਾਈ ਦਿਆ ਸਿੰਘ ਜੀ ਪਾਸੋਂ ਹੀ ਕਰੋ। ਇਸ ਨਾਲ ਜ਼ਾਤ ਕੁਲ ਤੇ ਦੇਹ ਅਭਿਮਾਨ ਹਟਕੇ ਮਨੁਖ ਮਾਤਰ ਦਾ ਇਕ ਭਾਈਚਾਰਾ ਤੇ ਵਾਹਿਗੁਰੂ ਜੀ ਦੀ ਦੁਨੀਆਂ ਵਿਚ ਵਿਤਕਰੇ, ਤੇੜਾਂ ਤੇ ਦਵੈਖ ਦੂਰ ਕਰਨ ਵਿਚ ਮਦਦ ਮਿਲੇਗੀ। ਸਾਰੇ ਸੰਸਾਰ ਨੂੰ ਬੇਗਮਪੁਰਾ ਬਣਾਨਾ ਤੇ ਦੁਨੀਆਂ ਭਰ ਵਿਚੋਂ ਹਰ ਇਕ ਵਖੇਵੇਂ, ਕਮੀ, ਬਦੀ ਤੇ ਜ਼ੁਲਮ ਨੂੰ ਦੂਰ ਕਰਕੇ ਸਾਂਝੀ ਸਫ਼ ਅੰਦਰ ਮਨੁਖ ਨੂੰ ਖੜ੍ਹਾ ਕਰਕੇ ਸਾਰਿਆਂ ਲਈ ਸਨਮਾਨ ਭਰਿਆ ਵਰਤਾਉ ਤੇ ਸਾਰਿਆਂ ਲਈ ਇਕੋ ਜਿਹੇ ਜੀਵਨ ਸਾਧਨ ਤੇ ਲੋੜਾਂ, ਇਹ ਮੇਰੀ ਮਹਾਨ ਕੌਮ ਦਾ ਆਦਰਸ਼ ਹੋਵੇਗਾ। ਸੋ ਤੁਸੀਂ ਇਸ ਬੇੜੇ ਪਰ ਸਵਾਰ ਹੋਵੋ ਜਿਸਨੂੰ ਸਤਿਗੁਰੂ ਨਾਨਕ ਸਚੇ ਪਾਤਸ਼ਾਹ ਨੇ ਚਲਾਇਆ ਤੇ ਜਿਸਨੇ ਪੱਕੇ ਮਲਾਹ ਸਦਾ ਲਈ ਹੁਣ ਗੁਰੂ ਪੰਥ ਵਿਚ ਹੀ ਹਰ ਸਮੇਂ ਪੈਦਾ ਹੋਣ ਵਾਲੇ ਕੌਮ, ਦੇਸ਼ ਤੇ ਧਰਮ ਦੇ ਖਵੱਯੀਏ ਬਣਾਕੇ ਉਨ੍ਹਾਂ ਪਰ ਹੀ ਇਸ ਬੇੜੇ ਦਾ ਸਾਰਾ ਭਾਰ ਛਡ ਦਿਤਾ ਹੈ। ਸਿਖ ਕੌਮ ਵਿਚ ਬਹਾਦਰੀ, ਜਾਤਪਾਤ ਤੇ ਵਖੇਵਿਆਂ ਦਾ ਪ੍ਰਚਾਰ ਕਰਨਹਾਰ ਮਨੁਖ ਕਦੇ ਵੀ ਸਨਮਾਨ ਪ੍ਰਾਪਤ ਨਹੀਂ ਕਰ ਸਕੇਗਾ।"

ਸੋ ਸਤਿਗੁਰੂ ਜੀ ਦੀ ਆਗਿਆ ਮੰਨ ਕੇ ਸਾਹਿਬਜ਼ਾਦੇ ਸੋਭਾ ਸਿੰਘ ਜੀ ਨੇ ਭਾਈ ਸਾਹਿਬ ਦਿਆ ਸਿੰਘ ਪਾਸ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਅੰਮ੍ਰਿਤਪਾਨ ਕਰਵਾ ਕੇ ਸਤਿਗੁਰੂ ਦੀ ਸਿਖੀ ਨਾਲ ਜੋੜਿਆ ਜਾਵੇ। ਭਾਈ ਸਾਹਿਬ, ਸਤਿਗੁਰੂ ਵਲੋਂ ਹੋਈ ਸਾਰੀ ਗਲ ਸੁਣਕੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਣ ਦੀ ਤਿਆਰੀ ਕਰਨ ਹਿਤ ਫੁਰਮਾਇਆ। ਫਿਰ ਅੰਮ੍ਰਿਤ ਦੀ ਦਾਤ ਬਖਸ਼ ਕੇ ਕਿਹਾ -

"ਅਜ ਤੋਂ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਤੇ ਸ੍ਰੀ ਮਾਤਾ ਸਾਹਿਬ ਦੇਵਾਂ ਦੇ ਪੁੱਤਰ ਹੋ। ਇਹ ਗੱਲ ਕਦੇ ਨ ਭੁਲਣੀ ਕਿ ਸਾਡਾ ਹਰ ਕਰਤੱਵ ਤੇ ਕਰਮ ਸਾਡੇ ਗੁਰਦੇਵ ਤੇ ਸਾਰੀ ਪੰਥਕ ਪ੍ਰੰਪਰਾ ਲਈ ਉਚੇ ਲੈ ਜਾਂਦੇ ਹਨ। ਇਹ ਗਿਰਾਵਟ ਦਾ ਕਾਰਨ ਹੋ ਸਕਦਾ ਹੈ। ਸਾਰਾ ਪੰਥ ਇਕ ਸੰਗਲੀ ਹੈ। ਸਤਿਗੁਰੂ ਜੀ ਅੰਮ੍ਰਿਤਪਾਨ ਦੇ ਕੇ ਇਸ ਸੰਗਲ ਨੂੰ ਇਕ ਪਾਣ ਦੇਕੇ ਇਤਨਾ ਪੱਕਾ, ਮਜ਼ਬੂਤ ਤੇ ਅਹਿਲ ਬਣਾ ਦਿਤਾ ਹੈ ਕਿ ਦੁਨੀਆਂ ਦੀ ਕੋਈ ਤਾਕਤ ਇਸਨੂੰ ਕਮਜ਼ੋਰ, ਹੀਣਾ ਤੇ ਕਲੰਕੀ ਨਹੀਂ ਬਣਾ ਸਕਦੀ। ਅਸੀਂ ਸਾਰੇ ਹੀ ਸੰਸਾਰ ਨੂੰ ਅਨੰਦਪੁਰੀ ਬਣਾਨਾ ਹੈ। ਸੋ ਅਸੀਂ ਸਦਾ ਇਹ ਯਤਨ ਕਰਨਾ ਹੈ ਕਿ ਦੁਨੀਆਂ ਵਿਚ ਬਦੀ-ਬਖੀਲੀ ਤੇ ਖਿਚੋਤਾਣ ਮੁਢੋਂ ਹੀ ਮੁੱਕ ਜਾਵੇ।"

ਅੰਮ੍ਰਿਤਪਾਨ ਨੇ ਬਾਬਾ ਸੋਭਾ ਸਿੰਘ ਦੇ ਜੀਵਨ ਅੰਦਰ ਮਹਾਨ ਪਰਿਵਰਤਨ ਕੀਤਾ। ਉਹ ਰੋਜ਼ ਹੀ ਸੁਬ੍ਹਾ ਉਠਕੇ ਸਵਾ ਪਹਿਰ ਦੇ ਤੜਕੇ ਨਦੀ ਕਿਨਾਰੇ ਜਾ ਕੇ ਅਗਲੀਆਂ ਸਫਾਂ ਦੇ ਅਭਿਆਸੀ ਗੁਰ ਸਿਖਾਂ ਵਾਂਗ ਸਮਾਧੀ ਸਥਿਤ ਹੋਣ ਦਾ ਯਤਨ ਕਰਨ ਲਗੇ। ਬਾਣੀਆਂ ਉਨ੍ਹਾਂ ਪਹਿਲਾਂ ਹੀ ਯਾਦ ਕਰ ਲਈਆਂ ਸਨ। ਇਸੇ ਕਰਕੇ ਮਨ ਨੂੰ ਟਿਕਾਉ ਅੰਦਰ ਕਾਫੀ ਸਹੂਲਤ ਮਿਲੀ। ਇਕ ਦਿਨ ਬਾਬਾ ਜੀ ਨੇ ਨਦੀ ਕਿਨਾਰੇ ਬੈਠੇ ਹੀ ਭਾਈ ਦਿਆ ਸਿੰਘ ਜੀ ਨੂੰ ਮਨ ਵਸ ਕਰਨ ਤੇ ਕਾਮਨਾਵਾਂ ਦੇ ਨਾਸ ਕਰਨ ਹਿਤ ਸ਼ਬਦ-ਸੁਰਤ ਦਾ ਮਾਰਗ ਪੁਛਿਆ। ਸਾਹਿਬ ਭਾਈ ਦਿਆ ਸਿੰਘ ਜੀ ਨੂੰ ਕਿਹਾ, ਚਲੋ ਸਤਿਗੁਰੂ ਜੀ ਦਾ ਇਕ ਵਰਦਾਨ ਵੀ ਪੂਰਾ ਹੋਣ ਦਾ ਸਮਾਂ ਆ ਗਿਆ ਹੈ ਕਿ "ਜਿਥੇ ਵੀ ਕਦੇ ਦੁਨੀਆਂ ਦੇ ਮਹਾਨ ਮਨੁੱਖ ਦੀ ਚਰਚਾ ਚੱਲੇਗੀ ਉਥੇ ਪੰਜ ਪਿਆਰਿਆਂ ਨੂੰ ਅਵੱਸ਼ ਯਾਦ ਕੀਤਾ ਜਾਏਗਾ। ਜਿਸਨੇ ਜਦੋਂ ਵੀ ਕੌਮ ਨੂੰ ਨਵਾਂ ਜੋਸ਼ ਤੇ ਨਵਾਂ ਰੂਪ ਦੇਣਾ ਹੋਵੇਗਾ, ਉਹ ਜ਼ਰੂਰੀ ਤੌਰ ਪਰ ਪ੍ਰਮਾਣ ਦੇ ਤੌਰ ਪਰ ਇਨ੍ਹਾਂ ਹੀ ਮੇਰੇ ਪਿਆਰਿਆਂ ਨੂੰ ਯਾਦ ਕਰੇਗਾ"।

ਨਾਲ ਹੀ ਸਤਿਗੁਰੂ ਜੀ ਨੇ ਇਕ ਦਿਨ ਆਤਮਾ ਅੰਦਰ ਹੀ ਪ੍ਰਮਾਤਮਾ ਦੇ ਦੀਦਾਰ ਤੇ ਆਪਣੇ ਹੀ ਅੰਦਰ ਬੈਠੇ ਬ੍ਰਹਿਮੰਡ ਦੇ ਮਾਲਕ ਨੂੰ ਤੱਕਣ ਦੇ ਸਾਧਨ ਪ੍ਰਵਾਨ ਕਰਦਿਆਂ ਹੋਇਆਂ ਫੁਰਮਾਇਆ ਸੀ – "ਭਾਈ ਦਿਆ ਸਿੰਘ! ਤੁਸੀਂ ਆਪਾ ਗੁਰੂ ਨੂੰ ਸੌਂਪ ਦਿਤਾ। ਇਸ ਤਰ੍ਹਾਂ ਦੇਹ ਅਭਿਮਾਨ ਵੀ ਮੁੱਕ ਗਿਆ ਤੇ ਹਉਮੈ ਪੈਦਾ ਹੋਣ ਦਾ ਬੀਜ 'ਹੰਗਤਾ' ਵੀ ਮੁੱਕ ਗਈ। ਤੁਸਾਂ ਹੁਣ ਬ੍ਰਹਮ ਤੇ ਪਿੰਡ ਅੰਦਰ ਵਸ ਰਹੇ ਇਕ ਜੋਤ ਰੂਪ ਆਤਮਾ ਬਾਰੇ ਜੋ ਮਹਾਨ ਗਿਆਨ ਪ੍ਰਾਪਤ ਕੀਤਾ ਹੈ, ਇਹ ਛੋਹ, ਅਜ ਦਾ ਬੀਜ ਕਿਸੇ ਵੀ ਸਮੇਂ ਮਹਾਨ ਬ੍ਰਿਛ ਦਾ ਰੂਪ ਵਟਾ ਕੇ ਸਮੁਚੇ ਪੰਜਾਬ ਤੇ ਇਸਤੋਂ ਬਾਹਰ ਇਸਦੀਆਂ ਮਹਾਨ ਸ਼ਾਖਾਂ ਕਾਇਮ ਹੋ ਜਾਣਗੀਆਂ। ਤੁਹਾਡੀ ਸੰਪਰਦਾਏ ਚਲੇਗੀ, ਇਹ ਤੁਹਾਡੇ ਨਾਮ ਤੇ ਮੇਰੀ ਆਤਮਿਕ ਕਲਿਆਣ ਬਖਸ਼ਣਹਾਰ ਮਹਾਨ ਸ਼ਕਤੀ ਦੀ ਵਰਤੋਂ ਹਰ ਸਮੇਂ ਕਰਦੀ ਰਹੇਗੀ। ਤੁਹਾਡੇ ਨਾਮ ਨਾਲ ਲਗੀ ਸੰਪ੍ਰਦਾਏ ਦੇ ਮਹਾਨ ਗਿਆਨੀ, ਜਪੀ, ਤੇ ਸਾਧਨਾ ਸੰਪੰਨ, ਪ੍ਰਤੱਖ ਆਤਮ ਗਿਆਨ ਦੇ ਗਿਆਨੀ ਧਿਆਨ ਅੰਦਰ, ਧਿਆਤਾ-ਧਿਆਨ-ਧੇਯ, ਇਕੋ ਰੂਪ ਹੋ ਜਾਣਗੇ, ਫਿਰ ਕੋਈ ਵੀ ਦੁਨਿਆਈ ਆਰਥਕ ਤੇ ਭੀੜਾ ਉਨ੍ਹਾਂ ਨੂੰ ਤੰਗ ਨਹੀਂ ਕਰੇਗੀ, ਉਹ ਕਰਮ ਕਰਦੇ ਹੋਏ ਨਿਹਕਰਮ ਹੋਣਗੇ, ਨਿਰਮਲ ਕਰਮ ਇਨ੍ਹਾਂ ਤੋਂ ਹੀ ਅੱਗੇ ਜਾ ਕੇ ਫਲੀਭੂਤ ਹੋਵੇਗਾ।"

ਪਹਿਲਾਂ ਹੀ ਕਈ ਸਾਲ ਭਾਈ ਦਿਆ ਸਿੰਘ ਨੂੰ ਇਉਂ ਪ੍ਰਤੀਤ ਦਿਤਾ ਸੀ ਕਿ ਗੁਰਦੇਵ ਦੇ ਮਹਾਂਵਾਕ ਪੂਰੇ ਹੋਣ ਦਾ ਸਮਾਂ ਆ ਗਿਆ ਹੈ, ਸੋ ਤਦ ਹੀ ਆਪਨੇ ਬਾਬਾ ਸੋਭਾ ਸਿੰਘ ਜੀ ਨੂੰ ਸ਼ਬਦ ਸੁਰਤ, ਸਤਿਸੰਗਤ ਤੇ ਲੋਕ ਸੇਵਾ ਦੇ ਭੇਦ ਸਮਝਾ ਕੇ ਵੱਡੀ ਗੱਲ ਇਕੋ ਦਸੀ ਕਿ ਤੁਸਾਂ ਲੰਗਰ ਜਾਰੀ ਰੱਖਣਾ, ਦੁਖੀਆਂ ਦੇ ਦੁਖ ਨੂੰ ਆਪਣਾ ਜਾਣਕੇ ਨਿਵਾਰਨ ਕਰਨਾ। ਜਦੋਂ ਕੋਈ ਮਹਾਨ ਕੌੜੀ ਜ਼ਬਾਨ ਬੋਲੇ, ਤਦ ਉਸ ਪਰ ਤਰਸ ਕਰੋ, ਇਹ ਜਾਣਕੇ ਕਿ ਇਹ ਪਹਿਲਾਂ ਹੀ ਕ੍ਰੋਧਾਤੁਰ ਹੋ ਕੇ ਸੜ ਰਿਹਾ ਹੈ, ਫਿਰ ਮੈਂ ਹੋਰ ਇਸਨੂੰ ਕੀ ਆਖਣਾ ਹੈ। ਸੜ ਰਹੇ ਪਰ ਹੋਰ ਤੇਲ ਪਾਉਣਾ, ਇਹ ਮੂਰਖਾਂ ਦਾ ਕਰਮ ਹੈ, ਕਿਸੇ ਉਸ ਮਨੁਖ ਦਾ ਨਹੀਂ ਜੋ ਕਰਮ ਨੂੰ ਸਹੀ ਸਮਝਦਾ ਹੈ, ਸਤਿ ਧਰਮ ਤੇ ਸਤਿ ਪਦਾਰਥ ਦੇ ਗਿਆਨੀ ਨੂੰ ਕੇਵਲ ਮਾਤਰ ਉਸ ਮੰਜ਼ਲ ਵਲ ਨੂੰ ਤਕਣਾ ਹੈ ਜੋ ਉਸਦੇ ਨਿਸ਼ਾਨੇ ਵਜੋਂ ਬਣਾਈ ਹੋਈ ਹੈ, ਰਾਹ ਅੰਦਰ ਥੱਕ-ਟੁੱਟ ਕੇ ਪੈ ਜਾਣ ਪਰ ਕਦੇ ਜੰਗਲੀ ਜਾਨਵਰਾਂ ਦਾ ਸ਼ਿਕਾਰ ਵੀ ਹੋ ਸਕਦਾ ਹੈ। ਸੁਜਾਨ ਪੁਰਖ ਉਹੀ ਕਿਹਾ ਜਾ ਸਕਦਾ ਹੈ ਜੋ ਹਰ ਸਮੇਂ ਤੇ ਹਰ ਪਾਸੇ ਅੱਖਾਂ ਨੂੰ ਵੀ ਖੁਲ੍ਹਿਆਂ ਰੱਖੇ ਤੇ ਨਾਲ ਹੀ ਹਰ ਚੌਤਰਫੇ ਤੇ ਮਾਹੌਲ ਤੋਂ ਪੂਰੀ ਵਾਕਫੀਅਤ ਰਖੇ ਤਾਂ ਜੋ ਉਹ ਸਮੇਂ ਤੋਂ ਪੂਰਾ ਲਾਭ ਉਠਾਵੇ।

ਬਾਬਾ ਸੋਭਾ ਸਿੰਘ ਜੀ ਨੇ ਇਹ ਗੱਲਾਂ ਧਿਆਨ ਨਾਲ ਸੁਣ ਕੇ ਹੱਥ ਬੰਨ੍ਹ ਕੇ ਕਿਹਾ "ਗੁਰਮੁਖ ਮਹਾਂਪੁਰਖੋ, ਸਤਿਗੁਰਾਂ ਦਾ ਵਿਚਾਰ ਤੁਹਾਡੇ ਬਾਰੇ ਸਦਾ ਹੀ ਹੈ। ਤੁਸੀਂ ਹੀ ਅਸਲ ਗੁਰੂ ਦੀਖਿਆ ਕਿਸੇ ਵੀ ਮਨੁਖ ਨੂੰ ਦੇ ਸਕਣ ਦੇ ਸਮਰਥ ਪੁਰਖ ਹੋ, ਸੋ ਮੈਂ ਹਰ ਸਮੇਂ ਇਹ ਯਤਨ ਕਰਾਂਗਾ ਕਿ ਕਿਸੇ ਵੀ ਸਮੇਂ ਤੁਹਾਡੀ ਸਿਖਿਆ ਉਪਦੇਸ਼ ਤੇ ਉਹ ਗਿਆਨ ਉਪਦੇਸ਼ ਜੋ ਤੁਸਾਂ ਦਿਤਾ ਹੈ, ਉਹ ਨੀਵਾਂ ਨ ਹੋਵੇ, ਇਹ ਦਿਨ ਰਾਤ ਵਧੇ, ਤੇ ਸਮਾਂ ਆਉਣ ਪਰ ਇਹ ਕਿਸੇ ਅਤੀ ਅਧਿਕਾਰੀ ਜਗਿਆਸੂ ਨੂੰ ਫਿਰ ਦਿਤਾ ਜਾਵੇ ਜੋ ਅੱਗੇ ਲਈ ਸਭੋ ਕੁਝ ਇਸ ਲੰਬੀ ਦੁਨੀਆਂ ਅੰਦਰ ਖਿੰਡਾ ਦੇਖੇ, ਤੇ ਸਮਾਂ ਆਉਣ ਪਰ ਉਹ ਨਾਮ ਤੇ ਅੰਮ੍ਰਿਤ ਦੇ ਖੁਲ੍ਹੇ ਛੱਟੇ ਸੰਸਾਰ ਨੂੰ ਦੇ ਸਕੇ। ਮੈਂ ਪ੍ਰਤੱਗਿਆ ਕਰਦਾ ਹਾਂ ਕਿ ਆਪਦਾ ਬਖਸ਼ਿਆ ਇਹ ਪਵਿਤਰ ਭੰਡਾਰ ਕਿਸੇ ਵੀ ਗ਼ਲਤ ਤੇ ਨਾ ਅਹਿਲ ਮਨੁਖ ਦੀ ਝੋਲੀ ਨਹੀਂ ਪੈ ਸਕਦਾ।" ਭਾਈ ਸਾਹਿਬ ਦਿਆ ਸਿੰਘ ਜੀ ਨੇ ਬਾਬਾ ਜੀ ਨੂੰ ਜੱਫੀ ਅੰਦਰ ਲੈ ਲਿਆ, ਇਸ ਸਮੇਂ ਬਾਬਾ ਜੀ ਦੇ ਸਰੀਰ ਦੇ ਰੋਮ ਜ਼ਬਾਨ ਬਣ ਕੇ ਵਾਹੁ-ਵਾਹੁ ਕਹਿਣ ਲਗ ਪਏ ਤੇ ਆਖਰੀ ਉਹ ਉਨ੍ਹਾਂ ਦੇ ਰੂਪ ਅੰਦਰ ਹੀ ਇਕ-ਮਿਕ ਹੋ ਗਏ। ਉਹ ਇਸੇ ਤਰ੍ਹਾਂ ਮਹਿਸੂਸ ਕਰਦੇ ਸਨ ਕਿ ਉਹ ਇਕੋ ਹੀ ਜੋਤ ਦੇ ਦੋ ਹਿੱਸੇ ਹਨ, ਫਿਰ ਜਦੋਂ ਅਲੱਗ ਹੋਏ, ਤਦ ਪੂਰਨ ਪਿਆਰ ਨਾਲ ਸਿਰ ਝੁਕਾ ਕੇ ਬੇਨਤੀ ਕੀਤੀ "ਹੇ ਗੁਰੂ ਕੇ ਮਲਾਹ! ਜੇਕਰ ਇਹ ਚਪੂ ਦਿਤਾ ਹੈ ਤਦ ਇਹ ਵੀ ਬਲ ਬਖਸ਼ੋ ਕਿ ਮੈਂ ਇਸ ਬੇੜੀ ਨੂੰ ਚਲਾਂਦਾ ਹੋਇਆ ਇਸ ਦੇ ਸਵਾਰਾਂ ਨੂੰ ਤੇ ਇਸਦੇ ਨੇੜੇ ਆਉਣ ਵਾਲਿਆਂ ਦਾ ਸਹਾਰਾ ਤੇ ਸ਼ਕਤੀ ਬਣ ਕੇ ਉਨ੍ਹਾਂ ਨੂੰ ਘਰ ਪੁਜਣ ਲਈ ਸਮਰੱਥ ਬਣਾ ਸਕਾਂ।

ਭਾਈ ਦਿਆ ਸਿੰਘ ਜੀ ਨੇ ਪਿਆਰ ਨਾਲ ਨੌਜਵਾਨ ਸਾਹਿਬਜ਼ਾਦੇ ਦੇ ਸਿਰ ਪਰ ਹਥ ਧਰ ਕੇ ਗਦ-ਗਦ ਹੋ ਵਰ ਦਿਤਾ "ਜਾਉ, ਸਮੇਂ ਸਿਰ ਕੋਈ ਐਸਾ ਪੁਰਖ ਤੁਹਾਡੇ ਪਾਸੋਂ ਅੰਮ੍ਰਿਤ ਦੀ ਦਾਤ ਲੈਣ ਆਏਗਾ ਜੋ ਸਾਡੇ ਨਾਂ ਨੂੰ ਚਹੁੰਆਂ ਕੂੰਟਾਂ ਦੇ ਅੰਦਰ ਰੌਸ਼ਨ ਤੇ ਮਹਾਨ ਬਣਾ ਦੇਵੇਗਾ।'

ਇਸ ਪਿਛੋਂ ਬਾਬਾ ਸੋਭਾ ਸਿੰਘ ਜੀ ਨੇ ਘਰ ਆ ਕੇ ਨਵੇਂ ਜੀਵਨ ਦਾ ਦੌਰ ਅਰੰਭ ਕੀਤਾ। ਸੁਬ੍ਹਾ ਤੋਂ ਇਸ਼ਨਾਨ ਕਰਨ, ਸਮਾਧੀ ਤੇ ਫਿਰ ਦਿਨ ਸਮੇਂ ਲੰਗਰ ਅੰਦਰ ਸੇਵਾ, ਸ੍ਰੀ ਸਤਿਗੁਰੂ ਜੀ ਦੀ ਹਰ ਪ੍ਰਕਾਰ ਦੀ ਸੇਵਾ ਤੇ ਪੱਖਾ ਪਾਣੀ ਤੋਂ ਛੁਟ ਆਪ ਜੀ ਨੇ

ਆਪਣੇ ਗ੍ਰਹਿ ਵਿਖੇ ਆਏ ਅਤਿਥੀ ਦੀ ਸੇਵਾ ਪ੍ਰਸਾਦਿ ਪਾਣੀ ਆਦਿਕ ਤੋਂ ਵੀ ਕਰਨ ਦਾ ਸੁਭਾਉ ਪੱਕਾ ਕੀਤਾ। ਆਪ ਜੀ ਨੇ ਸੋਢੀ ਸਾਹਿਬਜ਼ਾਦੇ ਹੋਣ ਕਾਰਨ ਪਹਿਲਾਂ ਥੋੜਾ ਬਹੁਤ ਵੈਦਿਕ ਦਾ ਕੰਮ ਅਰੰਭ ਕੀਤਾ ਤੇ ਇਹ ਕੰਮ ਆਪ ਜੀ ਦੇ ਇਸ ਤਰ੍ਹਾਂ ਰਾਸ ਆਇਆ ਕਿ ਜਦੋਂ ਸਤਿਗੁਰੂ ਸੱਚੇ ਪਾਤਸ਼ਾਹ ਚਲੇ ਗਏ, ਅਨੰਦਗੜ੍ਹ ਨੇ ਉਜਾੜ ਹੋਣ ਦਾ ਮੂੰਹ ਡਿਠਾ ਤਦ ਆਬਾਦ ਕਰਨ ਤੇ ਨਗਰ ਦੀ ਆਬਾਦੀ ਨੂੰ ਫਿਰ ਬਹਾਲ ਕਰਨ ਦਾ ਬੀੜਾ ਚੁਕਿਆ ਜੋ ਕਿਸੇ ਹਦ ਤਕ ਸਫਲ ਰਿਹਾ। ਹੌਲੀ-ਹੌਲੀ ਬਾਬਾ ਸੋਭਾ ਸਿੰਘ ਜੀ ਦੀ ਸੋਭਾ ਸਾਰੀ ਸਿਖ ਕੌਮ ਅੰਦਰ ਫੈਲ ਗਈ ਤੇ ਇਸੇ ਗੱਲ ਦਾ ਮਾਣ ਪ੍ਰਾਪਤ ਸੀ ਕਿ ਊਨੇ ਵਾਲੇ ਬਾਬਾ ਸਾਹਿਬ ਸਿੰਘ ਜੀ ਬੇਦੀ ਜੋ ਕਿ ਪਿਛੋਂ ਜਾ ਕੇ ਸਿਖ ਸੰਸਾਰ ਦੇ ਇਕ ਤਰ੍ਹਾਂ ਯੁਗ ਪੁਰਸ਼ ਬਣੇ ਅਤੇ ਜਦੋਂ ਕਿਸੇ ਮਹਾਨ ਪੁਰਸ਼ ਪਾਸੋਂ ਅੰਮ੍ਰਿਤਪਾਨ ਕਰਨ ਦੀ ਖਾਹਸ਼ ਜ਼ਾਹਰ ਕੀਤੀ ਤਦ ਸਾਰੇ ਸਿਖਾਂ ਤੇ ਖਾਸ ਕਰ ਉਨ੍ਹਾਂ ਦੇ ਬਹੁਤ ਨਜ਼ਦੀਕੀ ਸਰਦਾਰ ਨੱਥਾ ਸਿੰਘ ਜੀ ਨੇ ਇਹ ਖਾਸ ਰਾਏ ਦਿਤੀ ਕਿ ਆਪ ਨੂੰ ਸਾਹਿਬ ਬਾਬਾ ਸੋਭਾ ਸਿੰਘ ਜੀ ਪਾਸੋਂ ਹੀ ਅੰਮ੍ਰਿਤ ਪਾਨ ਕਰਕੇ ਗੁਰੂ ਦੀਖਿਆ ਤੇ ਮਹਾਂਮੰਤਰ ਪ੍ਰਾਪਤ ਕਰਨਾ ਚਾਹੀਦਾ ਹੈ। ਸੋ ਆਪ ਜੀ ਅਨੰਦਪੁਰ ਸਾਹਿਬ ਆਏ। ਬਕਾਇਦਾ ਗੁਰੂ ਧਾਰਨ ਕਰਨ ਦੀ ਮਰਯਾਦਾ ਅਨੁਸਾਰ ਹੀ ਸਤਿਗੁਰੂ ਸੱਚੇ ਪਾਤਸ਼ਾਹ ਅੱਗੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਹਾਜ਼ਰ ਹੋ ਕੇ, ਅੰਮ੍ਰਿਤ ਲਈ ਪ੍ਰਾਰਥਨਾ ਕੀਤੀ ਜੋ ਆਪਣੇ ਇਕ ਆਉਣ ਵਾਲੇ ਸਮੇਂ ਦੀ ਮਹਾਨ ਬੁਨਿਆਦ ਧਰਨ ਵਾਂਗ ਪ੍ਰਵਾਨ ਕਰ ਲਈ। ਸੋ ਅੰਮ੍ਰਿਤ ਪਾਨ ਕਰਨ ਪਿਛੋਂ ਬਾਬਾ ਸਾਹਿਬ ਸਿੰਘ, ਜੋ ਲੋਕਾਂ ਅੰਦਰ ਅਵਤਾਰਾਂ ਦੀ ਤਰ੍ਹਾਂ ਪੂਜੇ ਤੇ ਸਤਿਕਾਰੇ ਜਾਂਦੇ ਸਨ, ਨੇ ਘਰ ਹਾਜ਼ਰ ਹੋ ਕੇ ਬਾਬਾ ਜੀ ਦੀ ਸੇਵਾ ਵਿਖੇ ਕਾਰ ਭੇਟ ਹਾਜ਼ਰ ਕੀਤੀ ਤੇ ਨਾਲ ਹੀ ਅੰਮ੍ਰਿਤ ਪਾਨ ਕਰਨ ਪਿਛੋਂ ਅੰਦਰ ਵਸ ਰਹੇ ਅੰਮ੍ਰਿਤ ਕੁੰਡ ਦੀ ਭਾਲ ਦਾ ਰਸਤਾ ਪੁਛਿਆ। ਬਾਬਾ ਸੋਭਾ ਸਿੰਘ ਹੱਸ ਕੇ ਕਹਿਣ ਲੱਗੇ ਤੁਸੀਂ ਵੱਡੀ ਜਗ੍ਹਾਂ ਪਰ ਹੋ। ਇਕ ਰਸਮ ਸੀ ਗੁਰੂ ਧਾਰਨ ਦੀ, ਜੋ ਕਿ ਪੂਰੀ ਹੋ ਗਈ, ਹੁਣ ਕਿਹੜੀ ਬਾਕੀ ਗੱਲ ਹੈ ਜੋ ਤੁਸੀਂ ਪ੍ਰਾਪਤ ਕਰਨੀ ਚਾਹੁੰਦੇ ਹੋ?

ਬਾਬਾ ਸਾਹਿਬ ਸਿੰਘ ਜੀ ਨੇ ਨਿਮਰਤਾ ਸਹਿਤ ਕਿਹਾ, "ਮੈਂ ਉਹ ਭੇਦ ਜਾਨਣ ਹਿਤ ਆਇਆ ਹਾਂ ਜੋ ਦਸਮ ਪਿਤਾ ਨੇ ਭਾਈ ਦਿਆ ਸਿੰਘ ਜੀ ਰਾਹੀਂ ਤੁਹਾਡੇ ਹਿਰਦੇ-ਭੂਮੀ ਅੰਦਰ ਛੁਪਾ ਦਿਤਾ ਹੈ। ਦੁਨੀਆਂ ਤੁਹਾਡੇ ਪਾਸ ਬਾਹਰਲੀ ਦੁਆਈ ਹਿਤ ਤਾਂ ਆਉਂਦੀ ਹੈ ਪਰ ਇਹ ਕੋਈ ਪੁਛਣ ਵਾਲਾ ਨਹੀਂ ਆਉਂਦਾ ਕਿ ਮਨ-ਰੂਪ ਰੋਗ ਤੋਂ ਪਿੱਛਾ ਕਿਸ ਤਰ੍ਹਾਂ ਛੁੱਟ ਸਕਦਾ ਹੈ? ਸੋ ਮੈਂ ਉਹ ਗੁਹਜ ਕਥਾ ਭੀ ਪੁਛਣੀ ਚਾਹੁੰਦਾ ਹਾਂ ਜੋ ਤੁਸੀਂ ਹਰ ਕਿਸੇ ਤੋਂ ਲੁਕਾ ਕੇ ਰਖਦੇ ਹੋ। ਆਪ ਛੇ-ਛੇ ਘੰਟੇ ਬਰਾਬਰ ਜਲ ਕਿਨਾਰੇ, ਤੇ ਕਦੇ ਇਕਾਂਤ ਅੰਦਰ ਨਿਵਾਸ ਕਰਕੇ ਕੋਈ ਮਹਾਨ ਅਨੰਦ ਮਾਣਦੇ ਹੋ, ਪਰ ਲੋਕਾਂ ਨੂੰ ਬਾਹਰਲੇ ਰਸਾਂ-ਕਸਾਂ ਤੇ ਲੰਗਰ ਦੇ ਕੜਾਹ ਪ੍ਰਸ਼ਾਦਿ ਹੀ ਛਕਾ ਕੇ ਰਸਤੇ ਨਾਪਣ ਲਗਾ ਦੇਂਦੇ ਹੋ। ਪਰ ਮੈਂ ਛੇਤੀ ਪਿੱਛਾ ਨਹੀਂ ਛੱਡਣਾ। ਇਹ ਕਹਿਣ ਨਾਲ ਹੀ ਤੇ ਗੱਲ ਨਹੀਂ ਮੁਕਦੀ ਕਿ ਮੈਂ ਵੱਡੀ ਕੁਲ ਦਾ ਹਾਂ। ਤੇ ਫਿਰ ਅੰਮ੍ਰਿਤਪਾਨ ਕਰਕੇ ਗੁਰੂ ਵਾਲਾ ਹੋ ਗਿਆ ਹਾਂ, ਫਿਰ ਹੋਰ ਕੋਈ ਗਲਬਾਤ ਹੀ ਨਹੀਂ ਰਹੀ।

ਲਉ ਮਹਾਰਾਜ, ਇਹ ਤੁਹਾਡਾ ਕਰਜ਼ਾ ਹੀ ਲੈ ਕੇ ਬੈਠਾ ਸਾਂ। ਮੈਂ ਇਹ ਜਾਣਦਾ ਸਾਂ ਕਿ ਕੋਈ ਗਾਹਕ ਹੀ ਆ ਕੇ ਇਸ ਮਹਿੰਗੇ ਥੋਕ ਨੂੰ ਖਰੀਦੇਗਾ। ਇਸ ਲਈ ਹਰ ਕਿਸੇ ਨੂੰ ਇਹ ਅਮੋਲਕ ਪਦਾਰਥ ਦਿਖਾਈਏ ਹੀ ਕਿਉਂ? ਮੈਂ ਪਹਿਲਾਂ ਹੀ ਇਹ ਤਕ ਲਿਆ ਸੀ ਕਿ ਜੋ ਮਹਾਨ ਪੁਰਸ਼ ਇਤਨੀ ਦੂਰੋਂ ਸਾਰੀਆਂ ਗੰਗਾ ਨੂੰ ਛੱਡ ਕੇ, ਕੇਵਲ ਮੇਰਾ ਨਾਮ ਲੈ ਕੇ ਅੰਮ੍ਰਿਤਪਾਨ ਕਰਨ ਹਿਤ ਆਇਆ ਹੈ, ਇਹ ਇਸ ਅੰਮ੍ਰਿਤਪਾਨ ਕਰਨ ਪਿਛੋਂ ਅੰਦਰਲੇ ਅੰਮ੍ਰਿਤ ਦੀ ਭਾਲ ਵੀ ਜ਼ਰੂਰ ਹੀ ਕਰੇਗਾ। ਸੋ ਮੈਂ ਆਪਣੇ ਸੇਵਕ ਤੇ ਸਾਥੀਆਂ ਨੂੰ ਪਹਿਲਾਂ ਹੀ ਸੁਬ੍ਹਾ ਦਾ ਰੋਕ ਰਖਿਆ ਸੀ ਕਿ ਜਦੋਂ ਵੀ ਬੇਦੀ ਸਾਹਿਬ ਆਉਣ, ਪੂਰਨ ਪਿਆਰ ਸਤਿਕਾਰ ਨਾਲ ਉਨ੍ਹਾਂ ਨੂੰ ਬਿਠਾਇਆ ਜਾਵੇ। ਸੋ ਲਵੋ, ਇਹ ਸੁਰਤੀ ਰਾਹੀਂ ਦਸਮ ਦੁਆਰ ਤੇ ਮੰਡਲ ਮੌਣ ਪਰਮ ਧਾਰਾ ਦੀ ਚਾਬੀ ਸੰਭਾਲੋ। ਇਸ ਰਾਹੀਂ ਤ੍ਰਿਕੁਟੀ ਦੇ ਮੁਕਾਮ ਪਰ ਸੁਰਤ ਨੂੰ ਸਵਾਸ ਦੀ ਟੇਕ ਲੈ ਕੇ ਟਿਕਾਉਗੇ, ਤਦ ਫਿਰ ਸੁਰਤੀ ਟਿਕਾਉ ਵਿਚ ਆ ਕੇ ਇਥੋਂ ਕੁੰਡਲਨੀ ਦੇ ਝਰਨੇ ਤਕ ਪੁਜੇਗੀ। ਕੁੰਡਲਨੀ ਤੇ ਸਫੈਦ ਰੰਗੀ ਫੁਹਾਰ ਪੈ ਕੇ ਸਰੀਰ ਤੇ ਸੁਰਤ ਨੂੰ ਸੁਖਾਵਾਂ, ਸੁਰਖਰੂ ਤੇ ਸ਼ਾਂਤ ਕਰੇਗੀ। ਇਸ ਮੁਕਾਮ ਪਰ ਜਦੋਂ ਸੁਰਤੀ ਟਿਕਾਉਗੇ ਤਦ ਅੰਦਰ ਇਕ ਤਰ੍ਹਾਂ ਅਮਿਉ ਝਰਨਾ ਫੁਟਦਾ, ਵਹਿੰਦਾ ਤੇ ਰੁਮਕ-ਰੁਮਕ ਚੌਤਰਫੇ ਸ਼ਾਂਤੀ ਵਰਤਾਂਦਾ ਟੁਰੇਗਾ। ਇਥੋਂ ਹੀ ਸਰੂਪ ਦਸਮ ਦੁਆਰ ਵਲ ਝਾਤ ਵਜਦੀ ਹੈ। ਦਸਮ ਦੁਆਰ ਇਕ ਉਹ ਟਿਕਾਉ ਤੇ ਰਸ ਮਈ ਅਵਸਥਾ ਹੈ ਜਿਥੋਂ ਕਿ ਰਿਧੀਆਂ ਸਿਧੀਆਂ ਤੇ ਸ਼ਕਤੀਆਂ ਭੀ ਪਿਛੇ ਰਹਿ ਜਾਂਦੀਆਂ ਹਨ। ਇਸ ਅਸਥਾਨ ਬਾਰੇ ਡਿਠਾ ਹੀ ਜਾ ਸਕਦਾ ਹੈ, ਕਿਹਾ ਨਹੀਂ; ਕਥਨਾ ਕਰੜਾ ਸਾਰ ਹੈ। ਫਿਰ ਮਹਾਂ ਸੁਝ ਤੇ ਅਫੁਰ ਅਵਸਥਾ ਬਾਰੇ ਤਾਂ ਦਸਣਾ ਇਕ ਅਸੰਭਵ ਗੱਲ ਹੈ। ਇਹ ਗੱਲ ਕਦੇ ਨਹੀਂ ਭੁਲਣੀ ਕਿ ਸਿੱਖੀ, ਸਹਿਜ ਯੋਗ ਦਾ ਮਰਾਗ ਹੈ। ਇਸ ਅੰਦਰ ਯੋਗ ਸਾਧਨਾ ਤੇ ਨਿਉਲੀ ਕਰਮ, ਨੇਤੀ ਧੋਤੀ ਜੈਸੀ ਕੋਈ ਵੀ ਕਿਰਿਆ ਨਹੀਂ ਹੈ। ਵਾਹਿਗੁਰੂ ਜੀ ਦੀ ਰਚਨਾ ਤੇ ਸਤਿਗੁਰੂ ਜੀ ਦਾ ਹੁਕਮੀ ਬੰਦਾ ਹੋ ਕੇ ਸਰੀਰ ਨੂੰ ਸੁਖੀ ਸੁਖਾਵਾਂ ਤੇ ਲਗਦੇ ਵਸ ਅਰੋਗ ਰਖ ਕੇ ਸੁਬ੍ਹਾ ਸ੍ਰੀ ਜਪੁਜੀ ਦੇ ਪਾਠ ਪਿਛੋਂ ਸਮਾਧੀ ਸਥਿਤੀ ਹੋਵੇ ਜਦੋਂ ਹੀ ਸੁਰਤ ਅਸਲ ਟਿਕਾਣੇ ਤੋਂ ਟੁੱਟ ਕੇ ਬਾਹਰ ਆਵੇ, ਸਵਾਸ ਦੀ ਟੇਕ ਦੇ ਕੇ ਫਿਰ ਟਿਕਾਉ। ਸਵਾਸ ਤੇ ਸੁਰਤ ਦਾ ਮੁੱਢਲਾ ਜੋੜ ਹੈ। ਜਿਸਦੀ ਸੁਰਤੀ ਨੇ ਟਿਕਾਉ ਲੈਣਾ ਹੈ, ਉਸਦਾ ਸਵਾਸ ਹਲਕਾ ਤੇ ਵਸ ਹੋਣਾ ਅਤਿ ਜ਼ਰੂਰੀ ਹੈ। ਸਵਾਸਾਂ ਰਾਹੀਂ ਹੀ ਮਨ ਦੀਆਂ ਮਤਾਂ ਖਿੰਡਦੀਆਂ ਹਨ ਤੇ ਮਨ ਸੰਸਾਰ ਦੀ ਘਾੜਤ ਘੜਦਾ ਹੈ। ਪਰ ਜੇ ਕਰ ਸਵਾਸ ਵਸੀਭੂਤ ਹੈ, ਤਦ ਮਨ ਨੂੰ ਆਪਣੀ ਆਸਾ ਅਨੁਸਾਰ ਸਿਧੇ ਪਾਸੇ ਲਾ ਕੇ ਉਸੇ ਹੀ ਅਫਲਾਤੂ ਮਨ ਨੂੰ ਪਾਰਬ੍ਰਹਮ ਬਣਾ ਲਈਦਾ ਹੈ। ਉਹੀ ਮਨ ਉਲਟ ਸਨਾਤਨ ਤੇ ਧਰਮ ਹੋ ਕੇ ਅਸਲ ਮਾਰਗ ਵਲ ਸਾਡੀ ਅਗਵਾਈ ਕਰਦਾ ਹੈ। ਮਨ ਤੇ ਬੁੱਧੀ ਇਕੋ ਹੀ ਤਸਵੀਰ ਦੇ ਦੋ ਰੂਪ ਸਾਬਤ ਹੋ ਸਕਦੇ ਹਨ। ਜੇਕਰ ਬੁੱਧੀ, ਬਿਬੇਕ ਸਵੱਛ ਤੇ ਨਿਰਮਲ ਹੈ, ਤਦ ਮਨ ਬੁਰੇ ਪਾਸੇ ਆ ਹੀ ਨਹੀਂ ਸਕਦਾ। ਇਹੀ ਕਾਰਨ ਹੈ ਕਿ ਸਾਡੀ ਅਰਦਾਸ ਅੰਦਰ ਰੋਜ਼ ਹੀ ਅਸੀਂ ਆਖਦੇ ਹਾਂ -

*ਗੁਰ ਸਿਖਾਂ ਦਾ ਮਨ ਨੀਵਾਂ,*
*ਮਤਿ ਉਚੀ, ਮਤਿ ਪਤਿ ਦਾ ਰਾਖਾ ਆਪ*
*ਅਕਾਲ ਪੁਰਖ ਵਾਹਿਗੁਰੂ।*

ਆਦਿ ਵਿਚ ਆਪਾ ਹੀ ਸਤਿਗੁਰੂ ਜੀ ਕੀ ਭੇਟ ਕਰਕੇ ਇਸ ਨੂੰ ਉਸਦੀ ਰਜ਼ਾ ਅੰਦਰ ਰਖੀਦਾ ਹੈ। ਫਿਰ ਉਹ ਆਪਣੇ ਆਪ ਹੀ ਸੁਰਤ ਤੇ ਟਿਕਾਉ ਨਾਲ ਮਤਿ ਤੇ ਪਤਿ ਦੀ ਰਾਖੀ ਕਰਨਹਾਰ ਪ੍ਰਭੂ ਦੀ ਸੇਵਾ ਅੰਦਰ ਹਾਜ਼ਰ ਹੋ ਜਾਂਦਾ ਹੈ। ਫਿਰ ਜਦੋਂ ਸਾਧਨ ਕਰਦਿਆਂ

ਤੁਸੀਂ ਇਹ ਅਨੁਭਵ ਕਰੋਗੇ ਕਿ ਹਰ ਪ੍ਰਾਣੀ ਮਾਤਰ ਅੰਦਰ ਮੇਰੀ ਆਪਣੀ ਹੀ ਆਤਮਾ ਹੈ, ਮੇਰੇ ਬਾਹਰ ਕੁਝ ਵੀ ਨਹੀਂ ਹੈ; ਫਿਰ ਅਗਲੀ ਗੱਲ ਇਹ ਆਵੇਗੀ ਕਿ ਤੁਸੀਂ ਇਹ ਸਚ ਹੀ ਅਨੁਭਵ ਕਰੋਗੇ ਕਿ ਮੈਂ ਸਤਿ ਹਾਂ, ਮੈਂ ਚਿਤ ਹਾਂ, ਮੈਂ ਅਨੰਦ ਹਾਂ ਤੇ ਫਿਰ ਜਦੋਂ ਤੁਸੀਂ ਆਤਮ ਬ੍ਰਹਮ ਹੋ ਜਾਵੋਗੇ, ਫਿਰ ਬੇੜਾ ਪਾਰ ਹੈ। ਅਸੀਂ ਇਹ ਨਿਸਚਾ ਕਰਦੇ ਹਾਂ ਕਿ ਸਤਿਗੁਰਾਂ ਦੀ ਰੀਤ, ਸੰਸਾਰ ਨੂੰ ਬੇਗਮਪੁਰਾ ਤੇ ਧਰਮ ਸਥਾਨ ਹੀ ਅਨੰਦਪੁਰ ਬਣਾਉਣ ਦਾ ਹੈ। ਉਹ ਪਹਿਲਾਂ ਸਾਡੇ ਇਕੱਲੇ ਇਕੱਲੇ ਦੇ ਤੌਰ ਤੇ ਜਦੋਂ ਅਨੰਦਮਈ, ਅੰਮ੍ਰਿਤਮਈ, ਅਖੰਡ ਰਸ ਸਹਿਤ, ਸ਼ਬਦ ਨੂੰ ਸੁਰਤੀ ਰਾਹੀਂ ਸੁਣ ਕੇ ਅਨਹਦ ਨਾਦ ਨੂੰ ਹਰ ਸਮੇਂ ਸੁਣਨਗੇ, ਤਦ ਇਹ ਦੂਸਰਿਆਂ ਨੂੰ ਉਸ ਮਹਾਨ - ਪਹਿਲਾਂ ਬਿਖੜੇ, ਫਿਰ ਸੁਹੇਲੇ ਤੇ ਅਤੀ ਅਨੰਦ ਦਾਤ ਰਸ ਨੂੰ ਮਾਨਣ ਦੇ ਯੋਗ ਬਣਾਉਣ ਦਾ ਉਪਰਾਲਾ ਹੀ ਨਹੀਂ, ਸਗੋਂ ਉਨ੍ਹਾਂ ਦੀ ਸੰਗਤ ਰਾਹੀਂ ਹਰ ਕੋਈ ਇਸ ਧਰਮ ਮਾਰਗ ਦਾ ਪਾਂਧੀ ਬਣਦਾ ਦਿਸੇਗਾ। ਅਸਾਂ ਇਹ ਰਸਤਾ ਪ੍ਰਾਪਤ ਕਰਕੇ ਪਹਿਲਾਂ ਸਖਤ ਤਪ ਕੀਤਾ, ਫਿਰ ਇਹ ਸੁਰਤੀ ਦੀ ਧਾਰਾ ਅਨੰਦ ਅੰਦਰ ਸਮਾ ਗਿਆ ਹੈ। ਸ਼ਬਦ ਨੂੰ ਆਦਿ ਰੂਪ ਵਿਚ ਤਕ ਲਿਆ, ਤਦ ਫਿਰ ਹੋਰ ਕੁਝ ਵੀ, ਜਾਣਨ ਦੀ ਲੋੜ ਹੀ ਨ ਰਹੀ। ਹੁਣ ਚੌਤਰਫੇ ਸਾਰੇ ਸਿਮਰਨ ਸ਼ਬਦ ਦੀ ਫੁਹਾਰ ਆਪ ਮੁਹਾਰੇ ਹੀ ਵਸਦੀ ਹੈ, ਉਹ ਅੱਖਾਂ ਰਾਹੀਂ ਦਿਸਦੀ ਹੈ, ਕੰਨਾਂ ਰਾਹੀਂ ਸੁਣਦੀ ਹੈ, ਸਰੀਰ ਰਾਹੀਂ ਅਨੁਭਵ ਹੁੰਦੀ ਹੈ। ਪਰ ਇਹ ਅਨਹਦ ਤੇ ਅਨਾਦੀ ਧੁਨ ਕਦੇ ਵੀ ਸੁਣਨ ਤੋਂ ਮਨ ਨਾ ਰਜਦਾ ਹੈ, ਨਾ ਹੀ ਅੱਕਦਾ ਹੈ। ਕਿੰਨਾ ਹੀ ਮਿਠਾ ਤੇ ਸੋਹਣਾ ਗੀਤ ਹੋਰ ਹੋਵੇ, ਉਹ ਤੁਸੀਂ ਬਾਰ-ਬਾਰ ਸੁਣ ਕੇ ਅੱਕ ਜਾਵੋਗੇ, ਥੱਕ ਜਾਓਗੇ, ਪਰ ਇਹ ਅਸਚਰਜ ਦੀ ਗੱਲ ਹੈ ਕਿ ਇਹ ਸੁਣਦਿਆਂ ਨਾ ਤਾਂ ਮਨ ਅੱਕਦਾ ਹੈ, ਨ ਹੀ ਧਿਆਨ ਧਰਦਿਆਂ ਝਿਜਕ ਹੋ ਆਉਂਦੀ ਹੈ, ਨਾ ਹੀ ਸੁਰਤੀ ਕਦੇ ਥਕੇਵਾਂ ਤੇ ਔਕੜ ਹੀ ਮਹਿਸੂਸ ਕਰਦੀ ਹੈ। ਲੋੜ ਹੈ ਕਿ ਸੁਰਤੀ ਦਾ ਇਹ ਅਮੋਲ ਰਸ ਖਜ਼ਾਨਾ ਉਸ ਨੂੰ ਇਕ ਵਾਰੀ ਦਿਖਾ ਦਿਤਾ ਜਾਵੇ। ਬਿਨਾਂ ਡਿੱਠੇ ਇਸਨੂੰ ਕੋਈ ਚਾਹੁੰਦਾ ਨਹੀਂ, ਤੇ ਇਕ ਵਾਰੀ ਪ੍ਰਾਪਤੀ ਪਿਛੋਂ ਇਸ ਨੂੰ ਕੋਈ ਛਡਦਾ ਨਹੀਂ। ਸੋ ਲਵੋ, ਇਹ ਭਾਰੀ ਪੰਡ ਜੋ ਭਾਈ ਦਿਆ ਸਿੰਘ ਜੀ ਮੇਰੇ ਸਪੁਰਦ ਕਰ ਗਏ ਸੀ, ਇਸਦੀ ਪਹਿਰੇਦਾਰੀ ਤੁਹਾਡੇ ਹਵਾਲੇ ਕਰਕੇ ਮੈਂ ਸਹੀ ਸੁਰਖਰੂ ਤੇ ਹੌਲਾ ਹੋ ਗਿਆ ਹਾਂ, ਹੁਣ ਤੁਸੀਂ ਇਸ ਪ੍ਰੰਪਰਾ ਦੀ ਵੱਡੀ ਮਹਾਨ ਜ਼ਿੰਮੇਵਾਰੀ ਨੂੰ ਆਪ ਹੀ ਸੰਭਾਲੋ। ਬਾਬਾ ਸਾਹਿਬ ਸਿੰਘ ਜੀ ਨੇ ਇਹ ਅਨੁਭਵ ਕੀਤਾ ਕਿ ਬਹੁਤ ਵੱਡੀ ਜ਼ਿੰਮੇਵਾਰੀ ਉਨ੍ਹਾਂ ਪਰ ਆ ਪਈ ਹੈ। ਪਰ ਨਾਲ ਹੀ ਇਹ ਵੀ ਵਿਸ਼ਵਾਸ਼ ਹੋ ਗਿਆ ਕਿ ਜੇਕਰ ਇਹ ਸਾਰਾ ਕੁਝ ਸਤਿਗੁਰੂ ਜੀ ਦੀ ਆਗਿਆ ਤੇ ਇੱਛਾ ਦਾ ਹੀ ਸਦਕਾ ਹੈ ਤਦ ਵਾਹਿਗੁਰੂ ਜੀ ਦੀ ਆਗਿਆ ਤੇ ਰਜ਼ਾ, ਅਨੁਸਾਰ ਸਤਿਗੁਰੂ ਜੀ ਦੀ ਆਗਿਆ ਜ਼ਰੂਰ ਪੂਰੀ ਹੋਵੇਗੀ ਤੇ ਛੇਤੀ ਹੀ ਨਾਮ ਬਾਣੀ, ਤੇ ਫਿਰ ਹੋ ਸਕੇ ਤਾਂ ਸਰਕਾਰੀ ਮੋਹਰ ਛਾਪ ਤੇ ਖਜ਼ਾਨੇ ਦੀਆਂ ਚਾਬੀਆਂ ਵੀ ਖਾਲਸੇ ਜੀ ਪਾਸ ਹੀ ਹੋਣਗੀਆਂ। ਇਹ ਸਾਰੀ ਸਿੱਖਿਆ ਵਿਚਾਰ ਤੇ ਮਹਾਨ ਵਰਦਾਨ ਜਾਂ ਫਿਰ ਸਤਿਗੁਰੂ ਜੀ ਦੇ ਨਾਮ ਭੰਡਾਰ ਦੀਆਂ ਚਾਬੀਆਂ ਤੇ ਖਜ਼ਾਨੇ ਹਾਸਲ ਕਰਕੇ ਬਾਬਾ ਸਾਹਿਬ ਸਿੰਘ ਬਾਬਾ ਸੋਭਾ ਸਿੰਘ ਜੀ ਤੋਂ ਆਗਿਆ ਲੈ ਕੇ ਊਨੇ ਸਾਹਿਬ ਨੂੰ ਚਲੇ ਗਏ।

ਬਾਬਾ ਸੋਭਾ ਸਿੰਘ ਜੀ ਬਾਰੇ ਅਸੀਂ ਉਪਰ ਦੱਸ ਆਏ ਹਾਂ। ਬਾਬਾ ਸੋਭਾ ਸਿੰਘ ਮਹਾਨ ਅਭਿਆਸੀ, ਸਹਿਜਯੋਗੀ ਤੇ ਨਾਲ ਹੀ ਮਸੀਹਾ ਵੀ ਸਨ। ਰੋਜ਼ਾਨਾਂ ਹਜ਼ਾਰਾਂ ਲੋਕ ਆਪ ਤੋਂ ਦਵਾਈਆਂ, ਅਰਦਾਸ, ਅਸ਼ੀਰਵਾਦ ਤੇ ਛਾਇਆ ਆਦਿਕ ਲਈ ਜਲ ਲੈ ਜਾਣ ਹਿਤ ਆਉਂਦੇ ਸਨ। ਦੀਨ ਦੁਖੀਆਂ ਲਈ ਉਹ ਇਕ ਮਹਾਨ ਦਰਦੀ, ਹਮਦਰਦ ਤੇ ਪੀੜਾ ਦੂਰ ਕਰਨ ਹਿਤ ਅਰਦਾਸ ਵੀ ਕਰਦੇ ਸਨ। ਹਰ ਮਨੁਖ, ਜੋ ਇਥੇ ਰੋਂਦਾ ਆਵੇ, ਉਹ ਇਥੋਂ ਜੀਵਨ ਦੀਆਂ ਆਸ਼ਾਵਾਂ ਤੇ ਮੁਰਾਦਾਂ ਲੈ ਕੇ ਜਾਂਦਾ ਸੀ। ਇਕ ਵਾਰੀ ਨਜ਼ਦੀਕ ਦੇ ਨਗਰੋਂ ਇਕ ਆਦਮੀ ਨੂੰ ਲੈ ਆਏ ਕਿ ਇਸਨੂੰ ਕਿਸੇ ਕਾਲੇ ਦੈਂਤ ਦੀ ਛਾਇਆ ਹੈ। ਇਹ ਆਦਮੀ ਅਜੇ ਬਹੁਤ ਦੂਰ ਸੀ ਕਿ ਉਸ ਦੈਂਤ ਦੀ ਛਾਇਆ ਨੇ ਕਿਹਾ ਕਿ ਇਸ ਮਹਾਨ ਆਤਮਾ ਦੇ ਸਾਹਮਣੇ ਮੈਨੂੰ ਨ ਲੈ ਜਾਵੋ, ਮੈਂ ਉਨ੍ਹਾਂ ਦੀ ਆਗਿਆ ਅਨੁਸਾਰ ਕੰਮ ਕਰਾਂਗਾ। ਫਿਰ ਬਾਬਾ ਜੀ ਨੇ ਦੂਰੋਂ ਹੀ ਆਵਾਜ਼ ਦਿਤੀ, ਕੌਣ ਹੈ? ਇਸ ਨੇ ਕਿਹਾ ਕਿ ਮੈਂ ਬਠਿੰਡੇ ਵਾਲੇ ਕਾਲੇ ਦੈਂਤ ਦਾ ਪੋਤਰਾ ਹਾਂ। ਸਤਿਗੁਰਾਂ ਨੇ ਉਦੋਂ ਕੱਢਿਆ, ਤਦ ਮੈਂ ਗੋਦੀ ਵਿਚ ਸਾਂ ਪਰ ਹੁਣ ਗੁਰ ਤੇਗ ਬਹਾਦਰ ਸਾਹਿਬ ਤਾਂ ਹੈ ਹੀ ਨਹੀਂ। ਬਾਬਾ ਸੋਭਾ ਸਿੰਘ ਜੀ ਦਾ ਚੇਹਰਾ ਲਾਲ ਹੋ ਗਿਆ ਤੇ ਜਲਾਲ ਵਿਚ ਆ ਕੇ ਕਹਿਣ ਲੱਗੇ, ਹੱਛਾ, ਤੂੰ ਉਸ ਦੈਂਤ ਦਾ ਪੋਤਰਾ ਹੈਂ ਜੋ ਬਠਿੰਡੇ ਤੋਂ ਕੱਢਿਆ ਗਿਆ ਸੀ ਤੇ ਮੈਂ ਗੁਰੂ ਤੇਗ ਬਹਾਦਰ ਜੀ ਦਾ ਪੋਤਰਾ ਹਾਂ, ਹੁਣ ਦੇਖਦੇ ਹਾਂ ਕਿ ਤੂੰ ਕਿਵੇਂ ਟਿਕ ਸਕਦਾ ਹੈਂ? ਇਹ ਕਹਿਣ ਦੀ ਦੇਰ ਸੀ ਕਿ ਉਹ ਛਾਇਆ ਵਾਲਾ ਮਨੁਖ ਇਕ ਦਮ ਬੇਹੋਸ਼ ਹੋ ਕੇ ਡਿਗ ਪਿਆ ਤੇ ਜਦੋਂ ਹੋਸ਼ ਆਈ, ਉਹ ਬੋਝ ਤੇ ਛਾਇਆ ਦੂਰ ਹੋ ਚੁਕੀ ਸੀ। ਫਿਰ ਮੁੜ ਕੇ ਉਹ ਆਦਮੀ ਕਦੇ ਵੀ ਉਸ ਤਰ੍ਹਾਂ ਨਾਲ ਬੀਮਾਰ ਨਾ ਹੋਇਆ।

ਸੋ ਇਹ ਲੋਕ ਸੇਵਾ, ਆਤਮ ਸੇਵਾ ਤੇ ਬਿਬੇਕ ਬੁੱਧੀ ਦਾ ਪ੍ਰਕਾਸ਼ ਕਰਨ ਹਿਤ ਇਹ ਸਾਰੀ ਲੰਬੀ ਕਹਾਣੀ ਆਪ ਤੋਂ ਪਿਛੋਂ ਸੰਤ ਸੰਪੂਰਨ ਸਿੰਘ ਜੀ ਤਕ ਵੀ ਚਲਦੀ ਰਹੀ, ਜਿਨ੍ਹਾਂ ਤੋਂ ਲੱਖਾਂ ਲੋਕਾਂ ਨੇ ਮਾਨਸਿਕ ਤੇ ਸਰੀਰਕ ਰੋਗ ਹਟਾਏ ਸਨ। ਇਹ ਗਲ ਅਨੰਦਪੁਰ ਸਾਹਿਬ ਦੇ ਸੋਢੀ ਆਪ ਮੰਨਦੇ ਹਨ ਕਿ ਬਾਬਾ ਸੋਭਾ ਸਿੰਘ ਜੀ ਜੈਸਾ ਪ੍ਰਾਪਤੀ ਤੇ ਸਿਦਕਵਾਨ ਹੋਰ ਕੋਈ ਸੋਢੀ ਸਾਹਿਬਜ਼ਾਦਾ ਘਟ ਹੀ ਹੋਇਆ ਹੈ। ਉਹ 'ਹਥੋਂ ਦੇ ਕੇ ਭਲਾ ਮਨਾਏ' ਦੀ ਤੁਕ ਪਰ ਸਦਾ ਅਮਲ ਕਰਦੇ ਸਨ। ਉਨ੍ਹਾਂ ਦੀ ਸੇਵਾ ਵਿਚ ਆ ਕੇ ਪਹਿਲੀ ਗੱਲ ਲੰਗਰ ਦੀ ਸੇਵਾ ਸੀ ਜੋ ਕਿ ਉਹ ਕਰਾਉਂਦੇ ਸਨ ਤੇ ਆਪ ਕਰਦੇ ਵੀ ਸਨ। ਲੰਗਰ ਨੂੰ ਇਸ ਸੰਪਰਦਾਏ ਅੰਦਰ ਪਹਿਲ ਬਾਬਾ ਸੋਭਾ ਸਿੰਘ ਜੀ ਨੇ ਕੀਤੀ ਤੇ ਉਹ ਹੁਣ ਵੀ ਉਸੇ ਤਰ੍ਹਾਂ ਜਾਰੀ ਹੈ। ਸਿਖ ਸੰਗਤਾਂ ਆਮ ਆਉਂਦੀਆਂ ਸਨ। ਤਖ਼ਤ ਸਾਹਿਬ ਤੇ ਬਾਕੀ ਗੁਰਦਵਾਰੇ ਦੇ ਪੁਜਾਰੀ ਵੀ ਲੰਗਰ ਵਲ ਘਟ ਹੀ ਧਿਆਨ ਦੇਂਦੇ ਸਨ। ਉਨ੍ਹਾਂ ਦਾ ਧਿਆਨ ਤਾਂ ਆਉਣ ਵਾਲਿਆਂ ਦੀ ਜੇਬ ਹੌਲੀ ਕਰਨ ਵਲ ਹੀ ਰਹਿੰਦਾ ਸੀ। ਫਿਰ ਪੂਜਾ ਭੇਟ ਲੈ ਕੇ ਉਹ ਰਹਿੰਦਾ ਕਿਥੇ ਹੈ, ਇਹ ਪੁਜਾਰੀ ਫਿਕਰ ਘਟ ਹੀ ਕਰਦੇ ਸਨ। ਸੋ ਲੋਕਾਂ ਨੂੰ ਮਾਨਸਿਕ ਤੇ ਸਰੀਰਕ ਰੋਗਾਂ ਤੋਂ ਬਚਾ ਕੇ ਸਤਿ ਸਰੂਪ ਤੇ ਅਰੋਗ ਸਰੀਰ ਦਾ ਦਾਨ ਪ੍ਰਦਾਨ ਕਰਨਾ, ਇਹ ਮਹਾਂਪੁਰਖਾਂ ਦੀ ਇਕ-ਮਾਤਰ ਖਾਹਸ਼ ਸੀ ਜੋ ਕਿ ਉਹ ਸਦਾ ਹੀ ਪੂਰੀ ਤਰ੍ਹਾਂ ਅਮਲੀ ਵਰਤੋਂ ਵਿਚ ਲਿਆਂਦੇ ਸਨ। ਸਤ ਦੇ ਪੁਜਾਰੀ ਦਾ ਵਿਵਹਾਰ, ਆਚਾਰ ਤੇ ਬਚਨ ਬਾਣੀ ਸਤ ਦੇ ਆਧਾਰ ਪਰ ਹੀ ਹੋਣੀ ਚਾਹੀਦੀ ਹੈ। ਜਿਸਦਾ ਵਿਹਾਰ, ਆਚਾਰ ਤੇ ਕਰਮ ਉਚਾ ਨਹੀਂ, ਉਹ ਮਾਨਸਿਕ ਤੇ ਆਤਮਿਕ ਤੌਰ ਪਰ ਕਦੇ ਵੀ ਉਚਾ ਨਹੀਂ ਹੋ ਸਕਦਾ। ਸੋ ਬਾਬਾ ਸੋਭਾ ਸਿੰਘ ਸਤ ਬਿਊਹਾਰ, ਸਤ ਕਿਰਿਆ ਤੇ ਸਤ ਸਰੂਪ ਦੀ ਪੂਜਾ ਕਰਕੇ ਸਤ ਰੂਪ ਹੋ ਜਾਣ ਦਾ ਮਹਾਨ ਗਿਆਨ ਹਰ ਪ੍ਰਾਣੀ ਨੂੰ ਬਖਸ਼ਦੇ ਸਨ, ਇਹ ਸਾਰਾ ਜੀਵਨ ਪ੍ਰਯੰਤ ਜਾਰੀ ਰਿਹਾ।

# ਸ਼ਹੀਦਾਂ ਦੇ ਸਿਰਤਾਜ
# ਸ੍ਰੀ ਗੁਰੂ ਅਰਜਨ ਦੇਵ ਜੀ

*ਡਾ. ਸ਼ਮਸ਼ੇਰ ਸਿੰਘ*

'ਸ਼ਹੀਦ' ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸਦੇ ਕੋਸ਼ਗਤ ਅਰਥ ਹਨ, 'ਗਵਾਹੀ ਦੇਣਾ'। ਸ਼ਹੀਦ ਆਪਣੇ ਅਕੀਦੇ ਨੂੰ ਸ਼ਹਾਦਤ ਦੁਆਰਾ ਸਾਬਤ ਕਰਦਾ ਹੈ। ਐਨਸਾਈਕਲੋਪੀਡੀਆ ਆਫ਼ ਇਸਲਾਮ ਵਿਚ ਵੀ ਸ਼ਹੀਦ ਦਾ ਅਰਥ ਗਵਾਹੀ ਹੀ ਲਿਆ ਗਿਆ ਹੈ। ਕੁਰਾਨ ਸਰੀਫ ਵਿਚ ਸ਼ਹੀਦ ਦਾ ਅਰਥ 'ਸ਼ਾਹਿਦ' ਆਇਆ ਹੈ ਜਿਸਦਾ ਅਰਥ ਗਵਾਹ ਹੈ - ਜੈਸਾ ਕਿ -

*ਰੱਬ ਤੁਹਾਡੇ ਕਰਮਾਂ ਦਾ ਸ਼ਾਹਿਦ ਹੈ।।*

ਸ਼ਹੀਦ ਦਾ ਦੂਸਰਾ ਅਰਥ ਜੋ ਪਹਿਲੇ ਨਾਲ ਹੀ ਮਿਲਦਾ ਜੁਲਦਾ ਹੈ, ਰੱਬ ਦੇ ਰਾਹ ਤੇ ਮਰਨ ਵਾਲੇ ਨੂੰ ਸ਼ਹੀਦ ਕਿਹਾ ਗਿਆ ਹੈ। ਸ਼ਹੀਦ ਦਾ ਅਰਥ ਬਲੀ ਦੇਣਾ ਵੀ ਆਇਆ ਹੈ। ਕੁਰਬਾਨੀਆਂ ਤਾਂ ਆਪੋ ਆਪਣੇ ਖੇਤਰ ਵਿਚ ਸਭ ਮਹਾਨ ਹਨ ਭਾਵੇਂ ਦੇਸ਼, ਕੌਮ ਜਾਂ ਧਰਮ ਲਈ ਦਿਤੀਆਂ ਜਾਣ ਪਰੰਤੂ ਐਨਸਾਈਕਲੋ ਪੀਡੀਆ ਅਨੁਸਾਰ ਧਰਮ ਦੇ ਸਦਾਚਾਰ ਲਈ ਦਿਤੀ ਗਈ ਕੁਰਬਾਨੀ ਸਰਬ ਉਤਮ ਮੰਨੀ ਗਈ ਹੈ। ਇਸਲਾਮ ਅੰਦਰ ਹਰ ਮਰਨ ਵਾਲੇ ਨੂੰ ਆਮ ਤੌਰ ਤੇ ਸ਼ਹੀਦ ਹੀ ਕਿਹਾ ਜਾਂਦਾ ਹੈ।

ਗੁਰਮਤਿ ਅਨੁਸਾਰ ਸ਼ਹਾਦਤ ਕੋਈ ਘਟਨਾ ਜਾਂ ਦੁਰਘਟਨਾ ਨਹੀਂ। ਸ਼ਹੀਦ ਤਾਂ ਕਿਸੇ ਉਚੇ ਤੇ ਸੁਚੇ ਆਦਰਸ਼ ਲਈ ਆਪਣੀ ਕੁਰਬਾਨੀ ਦਿੰਦਾ ਹੈ। ਇਹ ਅਕੀਦਾ ਨਿਜੀ ਨਹੀਂ ਹੁੰਦਾ ਤੇ ਨਾ ਹੀ ਕਿਸੇ ਸੀਮਤ ਸਮਾਜ ਲਈ ਹੀ ਹੁੰਦਾ ਹੈ। ਇਸਦਾ ਖੇਤਰ ਵਿਸ਼ਾਲ ਹੁੰਦਾ ਹੈ। ਇਹ ਮਨੁੱਖਤਾ ਦੀ ਕਲਿਆਣਕਾਰੀ ਭਾਵਨਾ ਨਾਲ ਜੁੜਿਆ ਹੋਇਆ ਹੁੰਦਾ ਹੈ। ਕਿਸੀ ਜਾਤ, ਵਰਨ, ਸਮਾਜ ਨਾਲ ਨਹੀਂ ਸਗੋਂ ਮਨੁੱਖਤਾ ਦੇ ਬੁਨਿਆਦੀ ਹੱਕਾਂ ਨੂੰ ਬਚਾਉਣ ਜਾਂ ਮੁੜ ਸਥਾਪਤ ਕਰਨ ਦੀ ਭਾਵਨਾ ਨਾਲ ਜ਼ੁਲਮ ਤੇ ਜ਼ਾਲਮ ਦੇ ਖਿਲਾਫ ਆਪਣੇ ਜੀਵਨ ਦੀ ਆਹੁਤੀ ਦਿਤੀ ਜਾਂਦੀ ਹੈ। ਐਸਾ ਮਰਨਾ ਸੂਰਮਗਤੀ ਹੈ ਜੋ ਪ੍ਰਭੂ ਦਰ ਉਤੇ ਪ੍ਰਵਾਨ ਚੜ੍ਹਦੀ ਹੈ - ਗੁਰੂ ਨਾਨਕ ਜੀ ਕਥਨ ਕਰਦੇ ਹਨ -

*ਮਰਣੁ ਮੁਣਸਾ ਸੂਰਿਆ ਹਕੁ ਹੈ*
*ਜੋ ਹੋਇ ਮਰਨਿ ਪਰਵਾਣੋ।।* *ਪੰਨਾ - 579*

ਸ਼ਹੀਦ ਦੀ ਮੌਤ ਕਾਇਰਤਾ ਭਰੀ ਨਹੀਂ ਹੁੰਦੀ। ਬੁਜ਼ਦਿਲੀ ਵਾਲੀ ਮੌਤ ਤਾਂ ਆਪਣੇ ਪਿਛੇ ਝੋਰੇ, ਦੁਖ, ਤਕਲੀਫਾਂ, ਰੋਣਾ-ਪਿਟਣਾ ਛੱਡ ਜਾਂਦੀ ਹੈ ਜਦ ਕਿ ਸ਼ਹੀਦ ਦੀ ਮੌਤ ਉਸਨੂੰ ਅਮਰਤਾ ਪ੍ਰਦਾਨ ਕਰਦੀ ਹੈ। ਉਹ ਆਪਣੇ ਪਿਛੇ ਸੁਨਿਹਰੀ ਇਤਿਹਾਸ, ਹੌਸਲਾ, ਸਾਹਸ, ਚੜ੍ਹਦੀ ਕਲਾ ਵਰਗੇ ਗੁਣ ਛੱਡ ਜਾਂਦੀ ਹੈ।

ਸ਼ਹੀਦਾਂ ਦਾ ਜਨਮ ਉਸਦੀ ਮੌਤ ਤੋਂ ਬਾਅਦ ਹੁੰਦਾ ਹੈ। ਸ਼ਹੀਦ ਆਤਮਾ ਸ਼ਬਰ ਤੇ ਸਿਦਕ ਵਾਲੀ ਹੁੰਦੀ ਹੈ। ਨਾ ਉਹ ਡਰਦੀ ਹੈ ਨਾ ਕਿਸੇ ਨੂੰ ਡਰਾਉਂਦੀ ਹੈ। ਉਹ ਭਰਮ ਤੇ ਭਉ ਤੋਂ ਮੁਕਤ ਹੁੰਦੀ ਹੈ। ਭਾਈ ਗੁਰਦਾਸ ਜੀ ਲਿਖਦੇ ਹਨ-

*ਸਬਰ ਸਿਦਕ ਸ਼ਹੀਦ ਭਰਮ ਭਉ ਖੋਵਣਾ।।*
*ਭਾਈ ਗੁਰਦਾਸ ਜੀ, ਵਾਰ - 3/18*

ਸ਼ਹੀਦ ਸਾਹਮਣੇ ਔਖੇ ਟੈਸਟ ਆਉਂਦੇ ਹਨ। ਉਸਨੂੰ ਲਾਲਚ, ਡਰ, ਧਮਕੀਆਂ ਆਦਿ ਦਿਤੀਆਂ ਜਾਂਦੀਆਂ ਹਨ। ਸ਼ਹੀਦ ਆਪਣੇ ਦ੍ਰਿੜ੍ਹ ਵਿਸ਼ਵਾਸ਼ ਕਾਰਨ ਡੋਲਦਾ ਨਹੀਂ ਸਗੋਂ ਇਸ ਤਰ੍ਹਾਂ ਦੇ ਬਿਖੜੇ ਰਸਤੇ ਉਸਨੂੰ ਹੋਰ ਮਜ਼ਬੂਤੀ ਪ੍ਰਦਾਨ ਕਰਦੇ ਹਨ।



ਸ਼ਹੀਦ ਦਾ ਡੁਲ੍ਹਿਆ ਖੂਨ ਕਦੀ ਵਿਅਰਥ ਨਹੀਂ ਜਾਂਦਾ। ਸ਼ਹੀਦ ਦੀ ਪਵਿੱਤਰ ਮਿੱਟੀ ਉਤੇ ਸਿਰ ਝੁਕ ਜਾਂਦਾ ਹੈ। ਧਰਤੀ ਉਸਦੇ ਗੀਤ ਗਾਉਂਦੀ ਹੈ। ਸ਼ਹੀਦੀ ਨਾਲ ਕੌਮਾਂ ਮਿਟਦੀਆਂ ਨਹੀਂ ਸਗੋਂ ਅਮਰ ਹੋ ਜਾਂਦੀਆਂ ਹਨ। ਕੌਮਾਂ ਦੀ ਤਕਦੀਰ ਬਦਲ ਜਾਂਦੀ ਹੈ। ਸ਼ਹੀਦ ਜ਼ੁਲਮ ਤੇ ਜ਼ਾਲਮ ਨਾਲ ਕਦੀ ਵੀ ਸਮਝੌਤਾ ਨਹੀਂ ਕਰਦਾ। ਸ਼ਹੀਦ ਦਾ ਖੂਨ, ਕੌਮ ਦਾ ਬੀਜ ਹੁੰਦਾ ਹੈ। ਸ਼ਹੀਦ ਸਵੈਮਾਨ, ਆਜ਼ਾਦੀ ਤੇ ਜੀਵਨ ਦੇ ਬੁਨਿਆਦੀ ਹੱਕਾਂ ਦੀ ਰਾਖੀ ਕਰਦਾ ਹੈ। ਸਿੱਖ ਧਰਮ ਅੰਦਰ ਇਕ ਤਾਂ ਉਹ

ਸ਼ਹੀਦ ਹਨ ਜਿਹੜੇ ਸ਼ਾਂਤਮਈ ਰਹਿਕੇ ਸ਼ਹੀਦੀ ਪਾਉਂਦੇ ਹਨ; ਦੂਸਰੇ, ਮੈਦਾਨੇ ਜੰਗ ਅੰਦਰ ਜੂਝਦੇ ਹੋਏ ਤੇ ਜ਼ਾਲਮ ਖਿਲਾਫ਼ ਸੰਘਰਸ਼ ਕਰਦੇ ਹੋਏ ਸ਼ਹਾਦਤ ਦਾ ਜਾਮ ਪੀਂਦੇ ਹਨ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਮੁੱਖ ਕਾਰਨ ਜਹਾਂਗੀਰ ਦਾ ਮਜ਼੍ਹਬੀ ਤੁਅੱਸਬ ਸੀ। ਇਸ ਤੁਅੱਸਬ ਦੇ ਪਿਛੇ ਸ਼ੇਖ ਅਹਿਮਦ ਸਰਹੰਦੀ ਮੁਜੱਦਦ ਅਲਫ ਸਾਨੀ ਨਕਸ਼ਬੰਦੀ ਫਿਰਕੇ ਦਾ ਹੱਥ ਸੀ ਜਿਨ੍ਹਾਂ ਨੇ ਜਹਾਂਗੀਰ ਨੂੰ ਗੁਰਗੱਦੀ ਦੁਆਉਣ ਵਿਚ ਇਸੇ ਸ਼ਰਤ ਤੇ ਮਦਦ ਕੀਤੀ ਸੀ ਕਿ ਉਹ ਇਸਲਾਮ ਦਾ ਪ੍ਰਚਾਰ ਕਰੇਗਾ। ਇਸ ਸਿਲਸਿਲੇ ਦਾ ਕੇਂਦਰ ਸਰਹੰਦ ਸੀ। ਸ਼ੇਖ ਅਹਿਮਦ ਦੇ ਇਕ ਪੱਤਰਕਾ - ਸੰਗ੍ਰਹਿ, 'ਮਕਤੁਬਾਤਿ-ਇਮਾਮ-ਰਬਾਨੀ' ਦੇ ਹਵਾਲਿਆਂ ਤੋਂ ਭਲੀ ਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਉਹ ਕਿਤਨਾ ਕੱਟੜ ਸੀ। ਹਿੰਦੂਆਂ ਨੂੰ ਜ਼ਲੀਲ ਤੇ ਉਤਸ਼ਾਹਹੀਣ ਬਣਾਉਣ ਲਈ ਗਊ-ਬੱਧ ਕਰਨ ਦੇ ਹੱਕ ਵਿਚ ਸੀ। ਉਹ ਸਾਰੇ ਹਿੰਦੁਸਤਾਨ ਵਿਚ ਇਸਲਾਮ ਨੂੰ ਹੀ ਦੇਖਣਾ ਚਾਹੁੰਦਾ ਸੀ। ਉਹ ਗੁਰੂ ਅਰਜਨ ਦੇਵ ਜੀ ਦੀ ਵਧਦੀ ਤਾਕਤ ਨੂੰ ਜਰ ਨਾ ਸਕਿਆ। ਇਹ ਤਾਂ ਜਹਾਂਗੀਰ ਦੀ ਆਪਣੀ ਲੇਖਣੀ 'ਤੁਜਕਿ ਜਹਾਂਗੀਰੀ' ਤੋਂ ਵੀ ਸਪਸ਼ਟ ਹੈ ਕਿ ਉਹ ਮੁਸਲਮਾਨਾਂ ਨੂੰ ਗੁਰੂ ਅਰਜਨ ਦੇਵ ਜੀ ਦੇ ਸ਼ਰਧਾਲੂ ਦੇਖ ਕੇ ਬਹੁਤ ਸੜ ਰਿਹਾ ਸੀ ਜਦ ਕਿ ਗੁਰੂ ਅਰਜਨ ਦੇਵ ਜੀ ਦੀ ਪਿਆਰ ਭਰੀ ਸਖਸ਼ੀਅਤ ਨੇ ਇਨ੍ਹਾਂ ਸਭ ਲੋਕਾਂ ਨੂੰ ਆਪਣੇ ਵਲ ਖਿੱਚ ਰੱਖਿਆ ਸੀ। ਸ਼ੇਖ ਅਹਿਮਦ ਸਰਹੰਦੀ ਦੀ ਚਿਠੀ ਨੰ: 193 ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਹ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਖੁਸ਼ ਹੋ ਕੇ ਲਿਖ ਰਿਹਾ ਹੈ -

"ਗੋਇੰਦਵਾਲ ਦੇ ਇਸ ਭ੍ਰਿਸ਼ਟ ਕਾਫਰ (ਗੁਰੂ ਅਰਜਨ ਦੇਵ) ਦੀ ਸ਼ਹਾਦਤ ਇਕ ਬੜੀ ਵੱਡੀ ਪ੍ਰਾਪਤੀ ਤੇ ਜਿਤ ਹੈ। ਇਸ ਨਾਲ ਘ੍ਰਿਣਤ ਹਿੰਦੂਆਂ ਨੂੰ ਵੀ ਇਕ ਬੜੀ ਵੱਡੀ ਜਲਾਲਤ ਭਰੀ ਹਾਰ ਹੋਈ ਭਾਵੇਂ ਉਸਨੂੰ ਕਿਸੇ ਤਰ੍ਹਾਂ ਮਾਰਿਆ ਗਿਆ, ਕਿਸੇ ਕਾਰਨ ਤੇ ਕਿਸੇ ਬਹਾਨੇ ਨਾਲ ਖਤਮ ਕੀਤਾ ਗਿਆ। ਇਸ ਕਾਫਰ ਦੀ ਸ਼ਹਾਦਤ ਤੋਂ ਪਹਿਲਾਂ ਮੈਨੂੰ ਇਕ ਸੁਪਨਾ ਵੀ ਆਇਆ ਜਿਸ ਵਿਚ ਮੈਂ ਤੱਕਿਆ ਕਿ ਜਹਾਂਗੀਰ ਨੇ ਕੁਫਰ ਦਾ ਸਿਰ ਕੁਚਲ ਦਿਤਾ ਹੈ। ਇਸ ਵਿਚ ਸ਼ੱਕ ਨਹੀਂ ਕਿ ਇਹ ਕਾਫਰ ਧਰਮਹੀਣ ਲੋਕਾਂ ਦਾ ਸਿਰਮੌਰ ਤੇ ਕਾਫਰਾਂ ਦਾ ਵੱਡਾ ਮੁਖੀ ਹੈ।"

ਦੂਸਰਾ ਕਾਰਨ, ਜਿਸਨੇ ਜਹਾਂਗੀਰ ਨੂੰ ਮੌਕਾ ਦਿਤਾ ਕਿ ਉਹ ਸਿੱਖ ਗੁਰੂ ਦੀ ਵਧ ਰਹੀ ਤਾਕਤ ਦੇ ਮੁਖੀ ਗੁਰੂ ਅਰਜਨ ਦੇਵ ਜੀ ਨੂੰ ਖਤਮ ਕਰ ਸਕੇ, ਉਹ ਸੀ ਚੰਦੂ ਦੀ ਚੁਗਲੀ। ਕਲਾਨੌਰੀਏ ਸ਼ਾਹੀ ਖਤਰੀਆਂ ਦੀ ਵਿਰੋਧਤਾ, ਜਿੰਨਾਂ ਚਿਰ ਵੇਦਾਂਤੀ ਭਗਤ ਕਾਹਨਾ ਸੀ; ਭਗਤ ਕਾਹਨੇ ਨੂੰ ਇਕ ਪਾਸੇ ਤਾਂ ਆਪਣੀ ਭਗਤਾਚਾਰੀ ਦਾ ਮਾਣ ਸੀ ਤੇ ਦੂਸਰੇ ਪਾਸੇ ਸਰਕਾਰੀ ਅਹਿਲਕਾਰੀ ਦਾ ਵੀ ਅਭਿਮਾਨ ਸੀ। ਇਸਦੇ ਨਾਲ ਹੀ ਸੂਫੀ ਫਕੀਰ ਛੱਜੂ, ਸ਼ਾਹ ਹੁਸੈਨ ਤੇ ਪੀਲੂ ਵੀ ਸਨ। ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਤੇ ਸੰਪਾਦਨਾ ਦਾ ਕੰਮ ਸ਼ੁਰੂ ਸੀ। ਵੈਰਾਗੀ ਕਾਹਨਾ ਭਗਤ, ਹੋਰ ਭਗਤਾਂ ਸਮੇਤ ਆਪਣੀ ਰਚਨਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਵਾਉਣ ਦੀ ਭਾਵਨਾ ਨਾਲ ਰਾਮਦਾਸਪੁਰੇ (ਸ੍ਰੀ ਅੰਮ੍ਰਿਤਸਰ) ਪਹੁੰਚਿਆ। ਉਸਦੀ ਰਚਨਾ ਵਿਚ ਅਹੰ ਭਾਵਨਾ ਦਾ ਪ੍ਰਭਾਵ ਸੀ ਜੋ ਗੁਰਮਤਿ ਦੀ ਕਸਵੱਟੀ ਉਪਰ ਨਾ ਉਤਰਨ ਕਾਰਨ ਦਰਜ ਕਰਨ ਤੋਂ ਇਨਕਾਰ ਕਰ ਦਿਤਾ ਗਿਆ ਸੀ।

*ਮੈਂ ਉਹੀ ਰੇ ਮੈਂ ਉਹੀ ਰੇ*
*ਜਾ ਕੇ ਬੇਦ ਪੁਰਾਨ ਸਭ ਗਾਵਹਿ*
*ਖੋਜਤ ਖੋਜ ਨਾ ਕੋਈ ਰੇ।।*

ਗੁਰਮਤਿ ਅਨੁਸਾਰ ਮਨੁੱਖ ਬ੍ਰਹਮ ਨਹੀਂ, ਬ੍ਰਹਮ ਦਾ ਰੂਪ ਹੋ ਸਕਦਾ ਹੈ। ਜੇਕਰ ਮਨੁੱਖ ਬ੍ਰਹਮ ਬਣ ਬੈਠਾ ਤਾਂ ਫਿਰ ਉਸਨੂੰ ਭਗਤੀ ਦੀ ਲੋੜ ਨਹੀਂ ਹੈ। ਰਚਨਾ ਦਰਜ ਨਾ ਹੋਣ ਤੇ ਉਸਨੇ ਭਨਕ ਖਾਧੀ ਅਤੇ ਗੁਰੂ ਜੀ ਨਾਲ ਵਾਦ-ਵਿਵਾਦ ਕਰਕੇ ਵਾਪਿਸ ਜਾ ਰਿਹਾ ਸੀ ਤਾਂ ਦੇਵਨੇਤ ਰਸਤੇ ਵਿਚ ਘੋੜੇ ਤੋਂ ਡਿੱਗ ਕੇ ਮਰ ਗਿਆ। ਕਾਹਨਾ, ਚੰਦੂ ਦਾ ਸਨਬੰਧੀ ਸੀ। ਇਸਤੇ ਚੰਦੂ ਗੁਰੂ ਜੀ ਦਾ ਦੁਸ਼ਮਣ ਬਣ ਬੈਠਾ। ਦੂਸਰਾ, ਚੰਦੂ ਦੀ ਬੇਟੀ 'ਸਦਾ ਕੌਰ' ਦਾ ਰਿਸ਼ਤਾ ਇਸ ਲਈ ਨਾਂਹ ਕਰ ਦਿਤਾ ਸੀ ਕਿਉਂਕਿ ਗੁਰੂ ਜੀ ਨੂੰ ਨੀਵਾਂ ਦਿਖਾਇਆ ਗਿਆ ਸੀ, ਜਿਸਦਾ ਜ਼ਿਕਰ ਇਸ ਤਰ੍ਹਾਂ ਹੈ-ਚੰਦੂ ਕਹਿੰਦਾ ਹੈ ਕਿ-

*ਦੇਖੋ ਭਾਈ ਅਸੀ ਸਾਰੀ ਖਤ੍ਰੀ ਧਰਮਾਇਣ ਕਹਾਈ।।*
*ਸਾਧ ਫਕੀਰ ਜਾਇ ਅਸਾ ਸਰੀਣ ਨੂੰ ਭੇਜੀ ਕੁੜਮਾਈ।।*
*ਉਨਾ ਜੋ ਮੋੜੀ ਉਨਾ ਆਪਣੇ ਆਪ ਨੂੰ ਕੀ ਜਾਤਾ।।*
*ਅਸੀਂ ਉਚਾਂਦੀਏ ਉਹ ਸਰੀਣ ਨਿਵਾਂਦੀਏ।।*
*ਏਡਾ ਦਿਮਾਕੁ ਉਨਾ ਕੀਤਾ ਹੋਇ ਪਵਾਂਦੀਏ।।*
*(ਕੇਸਰ ਸਿੰਘ ਛਿਬਰ, ਬੰਸਾਵਲੀ ਨਾਮਾ, ਚਰਨ 5)*

ਤੀਸਰਾ ਕਾਰਨ, ਖੁਸਰੋ ਦੀ ਬਗਾਵਤ ਕਰਨ ਤੇ ਗੁਰੂ ਅਰਜਨ ਦੇਵ ਜੀ ਵਲੋਂ ਤਿਲਕ ਲਾਉਣਾ ਜਾਂ ਅਸ਼ੀਰਵਾਦ ਦੇਣ ਵਾਲੀ ਝੂਠੀ ਕਹਾਣੀ ਸੀ। ਮੀਣੇ, ਚੰਦੂ ਤੇ ਹੋਰ ਸਨਤਾਨੀਆਂ ਵਲੋਂ ਜਹਾਂਗੀਰ ਦੇ ਕੰਨ ਭਰੇ ਗਏ ਸਨ। ਜਹਾਂਗੀਰ ਕੰਨਾਂ ਦਾ ਕੱਚਾ ਤੇ ਅੱਖਾਂ ਦੁਆਰਾ ਸਚਾਈ ਦੇਖਣ ਤੋਂ ਅਸਮਰਥ ਸੀ। ਉਸਦੇ ਪਿਛੋਕੜ ਵਿਚ ਬੈਠੇ ਕੱਟੜ ਫਿਰਕੇ ਤੇ ਗੁਰੂ ਘਰ ਦੇ ਦੋਖੀਆਂ ਨੇ ਰਲ ਕੇ ਇਹ ਸਭ ਸਾਜਸ਼ਾਂ ਘੜੀਆਂ।

ਖੁਸਰੋ, 5 ਅਪ੍ਰੈਲ 1606 ਨੂੰ ਆਗਰੇ ਤੋਂ ਬਾਗੀ ਹੋ ਕੇ ਲਾਹੌਰ ਵਲ ਟੁਰ ਪਿਆ ਤੇ 14 ਅਪ੍ਰੈਲ 1606 ਨੂੰ ਗੋਇੰਦਵਾਲ ਦਾ ਬਿਆਸਾ ਪੱਤਣ ਲੰਘ ਕੇ ਝਬਾਲ ਵਾਲੀ ਸ਼ਾਹੀ ਸੜਕ ਦੁਆਰਾ ਲਾਹੌਰ ਵਲ ਰੁਖ ਕੀਤਾ, 16 ਅਪ੍ਰੈਲ ਨੂੰ ਲਾਹੌਰ ਪੁਜਾ। ਸ਼ਹਿਰ ਘੇਰ ਲਿਆ, ਇਕ ਦਰਵਾਜ਼ੇ ਨੂੰ ਅੱਗ ਵੀ ਲਾ ਦਿਤੀ। ਜਦੋਂ ਉਸਨੂੰ ਪਤਾ ਲੱਗਾ ਕਿ 22 ਅਪ੍ਰੈਲ ਨੂੰ ਜਹਾਂਗੀਰ ਵਲੋਂ ਭੇਜੀਆਂ ਸ਼ਾਹੀ ਫੌਜਾਂ ਪਿੱਛਾ ਕਰਦੀਆਂ ਆ ਰਹੀਆਂ ਹਨ ਤਾਂ ਮੁੜ ਪਿਛੇ ਪਰਤਿਆ। 24 ਅਪ੍ਰੈਲ ਨੂੰ ਭਰੋਵਾਲ ਦੀ ਜੂਹ ਵਿਚ ਭਾਰੀ ਟੱਕਰ ਹੋਈ, ਸ਼ਾਹੀ ਲਸ਼ਕਰ ਸ਼ੇਖ ਫਰੀਦ ਬਖਸ਼ੀ ਕਮਾਂਡਰ ਦੀ ਜਿੱਤ ਹੋਈ। ਇਸੇ ਖੁਸ਼ੀ ਵਿਚ ਇਸ ਥਾਂ ਫਤਹਿਬਾਦ ਨਗਰ ਵਸਿਆ। ਖੁਸਰੋ ਗੁਜਰਾਂਵਾਲ-ਗੁਜਰਾਤ ਵੱਲ ਭੱਜ ਨਿਕਲਿਆ ਤੇ ਝਨਾਂ ਪਾਰ ਕਰਦਾ ਹੋਇਆ ਫੜਿਆ ਗਿਆ। ਜਹਾਂਗੀਰ ਵੀ ਪਿੱਛਾ ਕਰਦਾ 28 ਅਪ੍ਰੈਲ ਨੂੰ ਲਾਹੌਰ ਪਹੁੰਚ ਗਿਆ। ਬਦਾਮੀ ਬਾਗ ਡੇਰਾ ਕੀਤਾ, ਖੁਸਰੋ ਨੂੰ ਪੇਸ਼ ਕੀਤਾ ਉਸਦੇ ਸਾਥੀਆਂ ਨੂੰ ਗਊਆਂ ਤੇ ਗਧਿਆਂ ਦੀ ਖੱਲਾਂ ਵਿਚ ਮੜ੍ਹਵਾ ਕੇ ਮਾਰ ਮੁਕਾਇਆ ਤੇ ਬਦਾਮੀ ਬਾਗ ਤੋਂ ਕਿਲੇ ਦੇ ਬੂਹੇ ਤਕ ਸੂਲੀਆਂ ਗੱਡ ਕੇ ਇਨ੍ਹਾਂ ਨੂੰ ਲਟਕਾ ਕੇ ਖੁਸਰੋ ਨੂੰ ਸਬਕ ਸਿਖਾਉਣ ਦੀ ਭਾਵਨਾ ਹਿਤ, ਵਿਚੋਂ ਦੀ ਲੰਘਾਇਆ। ਇਹ ਸਾਰਾ 'ਤੁਜਕਿ ਜਹਾਂਗੀਰ' ਪੰਨਾ 7 ਤੋਂ 34 ਤਕ ਮਿਲਦਾ ਹੈ।

ਜਹਾਂਗੀਰ ਆਗਰੇ ਤੋਂ ਲਾਹੌਰ ਤਕ ਖੁਸਰੋ ਦੇ ਹਿਮੈਤੀਆਂ ਨੂੰ ਸਜਾਵਾਂ ਦਿੰਦਾ ਹੋਇਆ ਲਾਹੌਰ ਪਹੁੰਚਿਆ। ਇਸ ਬਗਾਵਤ ਦਾ 5 ਅਪ੍ਰੈਲ ਤੋਂ 7 ਮਈ ਤਕ ਲਗਭਗ ਇਕ ਮਹੀਨੇ ਦਾ ਸਮਾਂ ਸੀ। ਇਸ ਸਮੇਂ ਤਕ ਗੁਰੂ ਅਰਜਨ ਦੇਵ ਵਿਰੁੱਧ ਕੋਈ ਸ਼ਿਕਾਇਤ ਨਹੀਂ ਸੀ। ਖੁਸਰੋ ਦੀ ਬਗਾਵਤ ਵਿਚ ਗੁਰੂ ਜੀ ਵਲੋਂ ਤਿਲਕ ਲਾਉਣਾ ਜਾਂ ਮਦਦ ਕਰਨਾ, ਸਭ ਬਾਅਦ ਦੀਆਂ ਘੜੀਆਂ ਹੋਈਆਂ ਸਾਜ਼ਸਾਂ ਸਨ। ਜਹਾਂਗੀਰ ਨੇ ਗੱਦੀ ਉਤੇ ਬੈਠਦਿਆਂ ਹੀ ਬਾਰਾਂ ਹੁਕਮ ਜਾਰੀ ਕੀਤੇ ਜਿਨ੍ਹਾਂ ਵਿਚ ਨੰ: 2 ਇਹ ਸੀ ਕਿ ਜਰਨੈਲੀ ਸੜਕਾਂ ਉਪਰ ਮਸੀਤਾਂ, ਸਰਾਵਾਂ ਤੇ ਖੂਹ ਬਣਾਏ ਜਾਣ।

ਅਪ੍ਰੈਲ – ਜੂਨ 1605 ਈ. ਗੁਰੂ ਅਰਜਨ ਦੇਵ ਜੀ ਨੇ ਤਰਨਤਾਰਨ ਵਿਖੇ ਸਰੋਵਰ ਤੇ ਹਰਿਮੰਦਰ ਬਣਾਉਣ ਲਈ ਭੱਠੇ ਚੜ੍ਹਵਾਏ। ਲਾਹੌਰ ਦੇ ਕੋਤਵਾਲ ਨੂਰਦੀਨ ਨੇ ਬਾਦਸ਼ਾਹ ਦੇ ਉਪਰੋਕਤ ਹੁਕਮ ਅਨੁਸਾਰ ਤਰਨਤਾਰਨ ਤੇ ਝਬਾਲ ਦੇ ਲਾਗੇ ਸ਼ਾਹੀ ਸੜਕ ਉਤੇ ਸਰਾਵਾਂ ਲਈ ਗੁਰੂ ਜੀ ਵਲੋਂ ਪਕਵਾਈਆਂ ਇੱਟਾਂ ਜਬਰਦਸਤੀ ਚੁਕਵਾ ਲਈਆਂ ਤੇ ਗੁਰੂ ਜੀ ਨੂੰ ਤਰਨਤਾਰਨ ਵਿਖੇ ਸਰੋਵਰ ਤੇ ਮੰਦਰ ਦਾ ਕੰਮ ਵਿਚ ਛੱਡ ਕੇ ਮੁੜ ਸ੍ਰੀ ਅੰਮ੍ਰਿਤਸਰ ਆਉਣਾ ਪਿਆ।

ਸੂਰਜ ਪ੍ਰਕਾਸ਼ ਦੇ ਕਰਤਾ ਭਾਈ ਸੰਤੋਖ ਸਿੰਘ ਦੇ (ਰਾਸਿ 3, ਅੰਸੂ – 68) ਅਨੁਸਾਰ ਜਦੋਂ ਖੁਸਰੋ ਗੋਇੰਦਵਾਲ ਤੋਂ ਲੰਘ ਕੇ ਝਬਾਲ ਦੇ ਰਸਤੇ ਲਾਹੌਰ ਵਲ ਗਿਆ ਤਾਂ ਗੁਰੂ ਜੀ ਉਸ ਵਕਤ 20 ਮੀਲ ਦੂਰ ਰਾਮਦਾਸਪੁਰੇ (ਸ੍ਰੀ ਅੰਮ੍ਰਿਤਸਰ) ਸਨ। ਖੁਸਰੋ ਨਾਲ ਮੁਲਾਕਾਤ ਹੀ ਨਾ ਹੋਈ ਤੇ ਟਿੱਕਾ ਲਾਉਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਤਰ੍ਹਾਂ ਦੀ ਟਿੱਕੇ ਤਿਲਕ ਦੀ ਰਸਮ ਗੁਰਮਤਿ ਦੇ ਅਨੁਕੂਲ ਵੀ ਨਹੀਂ। ਇਸ ਤੋਂ ਪਹਿਲਾਂ ਜਦੋਂ ਵੀ ਬਾਦਸ਼ਾਹ ਗੁਰੂ ਘਰ ਆਏ, ਕਿਸੇ ਨੂੰ ਤਿਲਕ ਨਹੀਂ ਲਾਇਆ। ਇਸ ਲਈ ਇਹ ਸਭ ਸਾਜਸ਼ ਗੁਰੂ ਜੀ ਨੂੰ ਸ਼ਹੀਦ ਕਰਨ ਦੀ ਭਾਵਨਾ ਨਾਲ ਰਚੀ ਗਈ ਸੀ। ਗੁਰੂ ਜੀ ਦੇ ਉਨ੍ਹਾਂ ਦਿਨਾਂ ਵਿਚ ਸ੍ਰੀ ਅੰਮ੍ਰਿਤਸਰ ਹੋਣ ਦੀ ਗਵਾਹੀ ਦੀ ਪੁਸ਼ਟੀ, ਤਹਿਕੀਕਾਤ ਚਿਸ਼ਤੀ ਪੰਨਾ – 443, ਸਤਰ 18–20 ਤੋਂ ਵੀ ਹੁੰਦੀ ਹੈ।

ਉਪਰੋਕਤ ਵੇਰਵੇ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਗੁਰੂ ਜੀ ਦੀ ਸ਼ਹਾਦਤ ਦਾ ਮੁਖ ਕਾਰਨ ਜਹਾਂਗੀਰ ਦਾ ਮੁਤਅੱਸਬੀ-ਪੁਣਾ ਸੀ, ਜਿਹੜਾ ਕਿ ਉਸਦੀ ਆਪਣੀ ਰਚਨਾ ਤੋਂ ਵੀ ਸਪਸ਼ਟ ਹੋ ਜਾਂਦਾ ਹੈ। ਉਹ ਗੁਰੂ ਅਰਜਨ ਦੇਵ ਜੀ ਦੀ ਵਧਦੀ ਤਾਕਤ ਤੋਂ ਘਬਰਾ ਰਿਹਾ ਸੀ। ਗੁਰੂ ਜੀ ਦੀ ਸਖਸ਼ੀਅਤ 'ਤੇ ਮੁਸਲਮਾਨ ਵੀ ਕਾਇਲ ਸਨ। ਇਹ ਜਹਾਂਗੀਰ ਬਰਦਾਸ਼ਤ ਨਾ ਕਰ ਸਕਿਆ। ਗੁਰੂ ਜੀ ਤਾਂ ਸਭਨਾਂ ਨੂੰ ਪਿਆਰ ਕਰਦੇ ਸਨ। ਉਨ੍ਹਾਂ ਦਾ ਕੋਈ ਵੀ ਦੁਸ਼ਮਣ ਨਹੀਂ ਸੀ। ਮੁਨਸ਼ੀ ਖੁਸ਼ਵਕਤ ਰਾਇ ਅਨੁਸਾਰ ਚੰਦੂ ਨੇ ਚੁਗਲੀ ਕੀਤੀ ਤੇ ਕਿਹਾ –

*ਸਾਰੀ ਦੁਨੀਆਂ ਦਾ ਮਾਲ ਧਨ ਗੁਰੂ ਦੇ ਘਰਿ ਹੈ ਅਤੇ ਦੇਸ਼ ਦੇ ਅਕਸਰ ਰਾਜੇ (ਜਿਮੀਂਦਾਰ) ਉਸ ਨਾਲ ਮੇਲ-ਜੋਲ ਰਖਦੇ ਹਨ। ਇਸ ਤੇ ਹੀ ਬਾਦਸ਼ਾਹ ਨੇ ਲੇਖਾ-ਪੱਤਾ ਪੇਸ਼ ਕਰਨ ਵਾਸਤੇ, (ਗੁਰੂ ਜੀ ਨੂੰ) ਤਲਬ ਕਰ ਲਿਆ।*

*(ਤਵਾਰੀਖ-ਸਿਖਾਂ-ਲਿਖਤੀ ਪਤਿ 15)*

ਪ੍ਰਿਥੀ ਚੰਦ ਮੀਣੇ ਦਾ ਰੋਲ ਵੀ ਇਥੇ ਵਰਣਨਯੋਗ ਹੈ – ਜਿਹੜਾ ਕੇਸਰ ਸਿੰਘ ਛਿਬਰ ਬੰਸਾਵਲੀ ਨਾਮਾ ਵਾਲਾ ਲਿਖਦਾ ਹੈ –

*ਫੇਰ ਪ੍ਰਿਥੀਆ ਆਇਆ ਲਾਹੌਰਿ*
*ਬਿਨਾ ਦੁਸਟੀ ਗਲ ਕਰੇ ਨ ਹੋਰ*
*ਨਿਤ-ਨਿਤ ਦੀ ਚੁਗਲੀ ਆਇ ਇਕ ਦਿਨ ਫੁਰੀ।*
*ਸੰਮਤ ਸੋਲਾਂ ਸੇ ਬਾਣਵੇਂ ਦਸਤਕ ਟੁਰੀ।*
*ਨਵਾਬ ਕਹਿਆ 'ਹਿੰਦੂ ਨੂੰ ਲੈ ਆਓ'*
*ਕਰੋ ਦਸਤਕ ਪਿਆਦੇ ਜਾਓ*
*ਤੁਰਕਾਂ ਦਾ ਵੱਡਾ ਸੀ ਜੋਰ ਅਹੁ ਰਾਜ।*
*ਰਲਿ ਮਿਲਿ ਸਾਹੀਆਂ ਅਤੇ ਭਰਾਵਾਂ ਕੀਤਾ ਕੁਕਾਜ।।*

*(ਬੰਸਾਵਲੀਨਾਮਾ, ਚਰਨ 5)*

ਜਹਾਂਗੀਰ ਦੀ ਆਪਣੀ ਲਿਖਤ ਇਸ ਪ੍ਰਕਾਰ ਹੈ ਜਿਹੜੀ ਸਪਸ਼ਟ ਹੈ ਕਿ ਉਹ ਗੁਰੂ ਜੀ ਨੂੰ ਹਰ ਹੀਲੇ ਖਤਮ ਕਰਨਾ ਚਾਹੁੰਦਾ ਸੀ –

'ਚੁਨਾਂਚਿ ਬਹੁਤ ਸਾਰੇ ਭੋਲੇ ਹਿੰਦੂਆਂ ਬਲਕਿ ਮੂਰਖ ਤੇ ਕਮੀਨੇ ਮੁਸਲਮਾਨਾਂ ਨੂੰ ਵੀ ਉਸ (ਗੁਰੂ ਜੀ) ਨੇ ਆਪਣੀ ਰਹੁ-ਰੀਤ ਦੇ ਅਨੁਯਾਈ ਬਣਾ ਕੇ ਪੀਰੀ ਤੇ ਵਲੀਪੁਣੇ ਦੀ ਧੂਮ-ਮਚਾਈ ਹੋਈ ਸੀ। ਤੇ ਉਹ ਉਸਨੂੰ ਗੁਰੂ ਕਹਿੰਦੇ। ਲਾਂਭੇ-ਸਾਂਭੇ ਤੋਂ ਗੁਆਰਾ, ਤੇ ਗੁਆਰਾ ਦੇ ਪੁਜਾਰੀ ਲੋਕ ਉਸ ਪਾਸ ਆਉਂਦੇ; ਤੇ ਪੂਰੀ ਸ਼ਰਧਾ ਉਸ ਉਪਰ ਪ੍ਰਗਟ ਕਰਦੇ। ਤਿੰਨ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਜਾਰੀ ਸੀ। ਚਿਰਾਂ ਤੋਂ ਮੇਰੇ ਦਿਲ ਵਿਚ ਆਉਂਦੀ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦੇਵਾਂ ਜਾਂ ਉਸ (ਗੁਰੂ ਜੀ) ਨੂੰ ਮੁਹੰਮਦੀ ਉਮਤ (ਇਸਲਾਮ) ਵਿਚ ਲੈ ਆਉਣਾ ਚਾਹੀਦਾ ਹੈ।'

(ਤੁਜ਼ਕਿ ਜਹਾਂਗੀਰੀ, ਪੰਨਾ – 35)

ਗੁਰੂ ਜੀ ਨੇ ਅੰਤਮ ਸਮਾਂ ਨਜ਼ਦੀਕ ਆਇਆ ਦੇਖ ਕੇ, ਭਾਈ ਗੁਰਦਾਸ ਜੀ, (ਗੁਰੂ) ਹਰਿਗੋਬਿੰਦ ਜੀ ਤੇ ਹੋਰ ਨਿਕਟਵਰਤੀ ਗੁਰਮੁਖਾਂ ਨੂੰ ਬੁਲਾਇਆ ਜਿਸਦਾ ਜ਼ਿਕਰ ਛਿਬਰ ਜੀ ਇਸ ਤਰ੍ਹਾਂ ਕਰਦੇ ਹਨ –

*ਸਾਡਾ ਲਗੇਗਾ ਸੀਸ ਇਹ ਨਿਸਚਾ ਆਇਆ*
*ਹਰਿਗੋਬਿੰਦ ਹੈ ਖਸਮਾਨਾ ਹੈ ਤੁਸਾਨੂੰ।।*
*ਸਰੀਰ ਹੈ ਛੁਟਣਾ ਸੰਸਾ ਨਹੀਂ ਕੋਈ।*
*ਰਜਾਇ ਖਾਵੰਦ ਦੀ ਹੈ ਇਸ ਤਰ੍ਹਾਂ ਹੋਈ।।*

*(ਬੰਸਾਵਲੀਨਾਮ ਚਰਨ 5)*

ਜਹਾਂਗੀਰ ਦੇ ਹੁਕਮ ਅਨੁਸਾਰ, ਗੁਰੂ ਜੀ ਦਾ ਘਰ-ਬਾਰ, ਬਾਲ-ਬੱਚੇ, ਧਨ-ਮਾਲ ਜਬਤ ਕਰਨ ਦਾ ਹੁਕਮ ਮੁਰਤਿਜਾ ਖਾਨ ਨੂੰ ਦਿਤਾ ਤੇ ਗੁਰੂ ਨੂੰ ਤਸੀਹੇ ਦੇ ਕੇ ਮਾਰ ਮੁਕਾਉਣ ਦਾ ਹੁਕਮ ਦਿਤਾ। ਗੁਰੂ ਜੀ ਨੂੰ ਇਹ ਸਜ਼ਾ ਦੇਣ ਲਈ ਚੰਦੂ ਨੇ ਬਾਦਸ਼ਾਹ ਨੂੰ ਪੇਸ਼ਕਸ਼ ਕੀਤੀ। ਇਸਦਾ ਜ਼ਿਕਰ (ਤਵਾਰੀਖ ਸਿਖਾ ਪਤਿ 15) ਉਤੇ ਆਇਆ ਹੈ। ਜੈਸਾ ਕਿ ਉਸ ਨੇ ਕਿਹਾ ਕਿ ਜੇਕਰ ਤੁਸੀਂ ਗੁਰੂ ਅਰਜਨ ਦੇਵ ਨੂੰ ਮੇਰੇ ਸਪੁਰਦ ਕਰ ਦਿਓ ਤਾਂ ਮੈਂ ਤੁਹਾਨੂੰ ਇਸ ਤੋਂ ਜੁਰਮਾਨੇ ਦੀ ਭਾਰੀ ਰਕਮ ਲੈ ਕੇ ਦੇਵਾਂਗਾ।


ਅਸੀਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਸ਼ਹੀਦ ਦਾ ਡੁੱਲ੍ਹਿਆ ਖੂਨ ਕਦੀ ਵਿਅਰਥ ਨਹੀਂ ਜਾਂਦਾ। ਗੁਰੂ ਜੀ ਦਾ ਅਕੀਦਾ ਸਭ ਲਈ ਧਾਰਮਿਕ ਅਜ਼ਾਦੀ ਸੀ। ਇਹ ਸਭ ਦਾ ਬੁਨਿਆਦੀ ਸਰਵ ਸਿਧ ਅਧਿਕਾਰ ਹੈ। ਗੁਰੂ ਜੀ ਨੇ ਜਾਣ ਸਮੇਂ ਇਹ ਵੀ ਕਿਹਾ –

ਬਾਕੀ ਪੰਨਾ 49 ਤੇ

# ਗੁਰੂ ਹਰਗੋਬਿੰਦ ਸਾਹਿਬ - ਮੀਰੀ ਤੇ ਪੀਰੀ

ਡਾ. ਸਮਸ਼ੇਰ ਸਿੰਘ

ਮੀਰੀ-ਪੀਰੀ ਦੇ ਸਿਧਾਂਤ ਨੂੰ ਸਿੱਖ ਇਤਿਹਾਸ ਤੇ ਸਿੱਖ ਵਿਚਾਰਧਾਰਾ ਦੇ ਸੰਦਰਭ ਵਿਚ ਓਪਰੀ ਨਜ਼ਰ ਨਾਲ ਦੇਖਿਆ ਤਾਂ ਭਰਮ ਜਿਹਾ ਪਾਉਂਦਾ ਦਿਸਦਾ ਹੈ ਪ੍ਰੰਤੂ ਸਮੁੱਚੇ ਸੰਦਰਭ ਵਿਚ ਅਤੇ ਗੰਭੀਰ ਚਿੰਤਨ ਦੁਆਰਾ ਸਮਝਣ ਤੇ ਦੇਖਣ ਉਪਰੰਤ ਸਪਸ਼ਟ ਹੁੰਦਾ ਹੈ ਕਿ ਇਹ ਭਗਤੀ ਨਾਲ ਸ਼ਕਤੀ ਦਾ ਸੰਚਾਰ ਕੋਈ ਐਸਾ ਮੋੜ ਨਹੀਂ ਸੀ ਜੋ ਲੋਕਾਂ ਤੇ ਸਮਕਾਲੀ ਇਤਿਹਾਸਕਾਰਾਂ ਨੇ ਸਮਝਿਆ ਤੇ ਬਿਆਨਿਆ ਹੈ। ਇਹ ਭਗਤੀ ਤੇ ਆਧਾਰਤ ਸ਼ਕਤੀ ਦੀ ਲੋਕ ਕਲਿਆਣ ਲਈ ਹੀ ਸਥਾਪਨਾ ਸੀ।



ਮੀਰੀ ਪੀਰੀ ਦੇ ਪ੍ਰਤੀਕ : ਸ੍ਰੀ ਅਕਾਲ ਤਖ਼ਤ ਸਾਹਿਬ

"ਵਡੀ ਹੂ ਵਡਾ ਅਪਾਰ ਤੇਰਾ ਮਰਤਬਾ ॥"
ਜੂਨ ੧੯੮੪ ਦੇ ਫ਼ੌਜੀ ਹਮਲੇ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ।

ਪੀਰੀ ਗੁਰਤਾ ਜੋ ਭਗਤੀ ਦੀ ਪ੍ਰਮੁਖਤਾ ਤੇ ਸਿਖਰ ਹੈ। ਮੀਰੀ (ਦੁਨਿਆਵੀ ਪਾਤਸ਼ਾਹੀ) ਦੋਨੋਂ ਹੀ ਆਪੋ ਆਪਣੇ ਪੱਖ ਵਿਚ ਪੂਰਨ ਸਿਖਰ ਹਨ ਤੇ ਵੱਖੋ-ਵੱਖਰੇ ਸਿਧਾਂਤਾਂ ਦਾ ਪ੍ਰਗਟਾਵਾ ਕਰਦੇ ਹਨ। ਇਤਿਹਾਸ ਵਿਚ ਇਨ੍ਹਾਂ ਦੋਨਾਂ ਦਾ ਸੁਮੇਲ ਇਸ ਤਰ੍ਹਾਂ ਦੇਖਣ ਨੂੰ ਨਹੀਂ ਆਉਂਦਾ ਜਿਸ ਤਰ੍ਹਾਂ ਗੁਰੂ ਪਾਤਸ਼ਾਹ ਨੇ ਕਰਕੇ ਦਿਖਾਇਆ ਹੈ। ਇਹ ਦੋਵੇਂ ਸਿਧਾਂਤ ਸਿੱਖ ਵਿਚਾਰਧਾਰਾ ਅਨੁਸਾਰ ਵੱਖੋ-ਵੱਖਰੇ ਹੁੰਦੇ ਹੋਏ ਵੀ ਇਕ ਦੂਸਰੇ ਦੇ ਪੂਰਕ ਹਨ। ਇਨ੍ਹਾਂ ਦੀ ਸਹੀ ਰੂਪ ਵਿਚ ਵਰਤੋਂ ਕਿਸੇ ਇਕ ਲਈ ਵੀ ਹਾਨੀਕਾਰਕ ਤੇ ਅਧੂਰੀ ਨਹੀਂ ਹੈ।

ਗੁਰੂ ਸਾਹਿਬਾਨ ਤੋਂ ਪਹਿਲਾਂ ਤੇ ਉਸ ਸਮੇਂ ਪੀਰੀ ਦਾ ਅਸਲ ਸਰੂਪ ਅਲੋਪ ਹੋ ਚੁੱਕਾ ਸੀ। ਲੋਕੀ ਐਸੇ ਪੀਰਾਂ ਦੇ ਮਗਰ ਲਗ ਕੇ ਝੂਠੇ ਆਦਰਸ਼ ਵਾਲੀ ਜ਼ਿੰਦਗੀ ਜੀ ਰਹੇ ਸਨ। ਇਸ ਕਮਜ਼ੋਰੀ ਦਾ ਫਾਇਦਾ ਉਠਾਂਦਿਆਂ ਮੀਰੀ ਨੇ ਗਲਵਾ ਪਾ ਲਿਆ। ਨਤੀਜਾ ਇਹ ਹੋਇਆ ਕਿ ਹਿੰਦੋਸਤਾਨ ਗੁਲਾਮ ਹੋ ਗਿਆ। ਸਭਿਆਚਾਰ, ਬੋਲੀ, ਪਹਿਰਾਵਾ, ਰਸਮੋ-ਰਿਵਾਜ਼, ਪੂਜਾ-ਪਾਠ ਦੀਆਂ ਵਿਧੀਆਂ ਸਾਰੀਆਂ ਹੀ ਗੁਲਾਮੀ ਕਾਰਨ ਮੀਰੀ ਵਾਲਿਆਂ ਹੀ ਹੋ ਗਈਆਂ। ਐਸੀ ਪੀਰੀ ਤੇ ਮੀਰੀ ਤੋਂ ਛੁਟਕਾਰਾ ਪਾਉਣ ਲਈ ਗੁਰੂ ਸਾਹਿਬ ਨੇ ਪਹਿਲੀਆਂ ਪੰਜ ਜੋਤਾਂ ਤਕ ਪੀਰੀ ਦੇ ਅਸਲ ਸਰੂਪ ਨੂੰ ਦ੍ਰਿੜ੍ਹ ਕਰਾਇਆ ਤੇ ਪੀਰੀ ਦੇ ਅਸੂਲਾਂ ਦੀ ਸਥਾਪਨਾ ਕੀਤੀ। ਛੇਵੇਂ ਜਾਮੇ ਅੰਦਰ ਜਾ ਕੇ ਪੀਰੀ ਨੂੰ ਨਾਲ ਜੋੜਿਆ। ਗੁਰੂ ਸਾਹਿਬ ਤੋਂ ਪਹਿਲਾਂ ਮੀਰੀ ਜਿਹੜੀ ਕੇਵਲ ਤਾਕਤ, ਤਾਜ, ਤਖਤ, ਰਾਜ ਸਤਾ ਦੀ ਭੁੱਖੀ ਸੀ ਅਤੇ ਪੀਰੀ ਜੰਤਰਾਂ-ਮੰਤਰਾਂ ਤਕ ਹੀ ਸੀਮਤ ਸੀ, ਨੂੰ ਝੰਜੋੜਿਆ। ਇਤਿਹਾਸਕ ਝਰੋਖੇ 'ਚੋਂ ਇਸਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ।

ਬਾਬਰ ਪਾਸ ਤੋਪਾਂ, ਤੇਜ਼ ਰਫਤਾਰ ਘੋੜੇ ਤੇ ਹੋਰ ਸ਼ਾਹੀ ਤਾਕਤ ਦੇ ਸਾਜ਼ੋ ਸਮਾਨ ਸਨ ਜਿਸ ਨਾਲ ਉਹ ਹਿੰਦੋਸਤਾਨ ਉਤੇ ਹਮਲਾ ਕਰਨ ਲਈ ਆਇਆ ਤੇ ਪੀਰ ਪਾਸ ਜੰਤ੍ਰ-ਮੰਤ੍ਰ ਹੀ ਸਨ ਜਿਹੜੇ ਕਿਸੇ ਕੰਮ ਨਾ ਆਏ। ਨਤੀਜਾ ਇਹ ਹੋਇਆ, ਹਿੰਦੋਸਤਾਨ ਗੁਲਾਮ ਬਣ ਗਿਆ। ਮੰਦਰ ਜਲੇ, ਟਿਕਾਣੇ ਬਰਬਾਦ ਹੋਏ, ਹਿੰਦੋਸਤਾਨੀ ਸਾਹਿਬਜ਼ਾਦਿਆਂ ਦੇ ਸੀਸ ਰੁਲੇ, ਸਭ ਪਾਸੇ ਤਬਾਹੀ ਹੋਈ -

*ਕੋਟੀ ਹੂ ਪੀਰ ਵਰਜਿ ਰਹਾਏ॥*

*ਜਾ ਮੀਰੁ ਸੁਣਿਆ ਧਾਇਆ॥*

*ਥਾਨ ਮੁਕਾਮ ਜਲੇ ਬਿਜ ਮੰਦਰ*

*ਮੁਛਿ ਮੁਛਿ ਕੁਇਰ ਰੁਲਾਇਆ॥*

*ਕੋਈ ਮੁਗਲੁ ਨ ਹੋਆ ਅੰਧਾ*

*ਕਿਨੈ ਨ ਪਰਚਾ ਲਾਇਆ॥ਪੰਨਾ - 417, 418*

ਝੂਠੀ ਪੀਰੀ ਦੇ ਨਤਾਣੇਪਨ ਵਿਚ ਧਰਮ ਦੀ ਗਤੀ ਰਹਿ ਜਾਂਦੀ ਹੈ। ਧਰਮ ਅਧਰਮ ਹੋ ਗਿਆ। ਮੀਰੀ ਤੇ ਪੀਰੀ ਦੋਵੇਂ ਆਪਣਾ ਅਸਲ ਆਦਰਸ਼ ਭੁਲਾ ਬੈਠੀਆਂ ਸਨ। ਪੀਰੀ ਤਦ ਹੀ ਸਫਲ ਹੁੰਦੀ ਹੈ ਜੇਕਰ ਇਸਦਾ ਆਧਾਰ ਸੱਚ, ਦੂਸਰਿਆਂ ਪ੍ਰਤੀ ਸ਼ਰਧਾ, ਸਾਂਝੀਵਾਲਤਾ, ਪਿਆਰ ਹੋਵੇ। ਗੁਰੂ ਨਾਨਕ ਨੇ ਹਿੰਦੂ ਤੇ ਮੁਸਲਮਾਨਾਂ ਦੋਹਾਂ ਨੂੰ ਪਿਆਰ ਕੀਤਾ। ਦੋਨਾਂ ਨੂੰ ਆਪੋ ਆਪਣੀਆਂ ਕਮਜ਼ੋਰੀਆਂ ਪ੍ਰਤੀ ਸੁਚੇਤ ਕੀਤਾ। ਉਨ੍ਹਾਂ ਦੇ ਰਸਮੋ ਰਿਵਾਜ਼ਾਂ ਪ੍ਰਤੀ ਅਸਲ ਤੱਤ ਨੂੰ ਸਾਹਮਣੇ ਰਖਿਆ ਤੇ ਅਧਿਆਤਮੀਕਰਨ ਕੀਤਾ - ਰਾਜੇ ਬਾਰੇ ਜ਼ਿਕਰ ਕਰਦਿਆਂ ਕਿਹਾ-

*ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ॥*

*ਪੰਨਾ - 992*

ਮੀਰ ਜਦੋਂ ਆਪਣੇ ਆਪ ਨੂੰ ਦਾਤਾ ਸਮਝ ਕੇ ਹੰਕਾਰ ਵਿਚ ਆ ਜਾਂਦਾ ਹੈ ਤਦ ਉਹ ਆਪਣੇ ਅਸਲ ਆਦਰਸ਼ ਤੋਂ ਪਰ੍ਹੇ ਚਲਾ ਜਾਂਦਾ ਹੈ। ਜਿਹੜਾ ਮੀਰ, ਪੀਰ ਦਾ ਸਤਿਕਾਰ ਕਰਦਾ ਹੈ, ਨਿਆਂ ਕਰਦਾ ਹੈ ਤੇ ਭਲੇ ਪੁਰਸ਼ਾਂ ਦਾ ਸਨਮਾਨ ਕਰਦਾ ਹੈ, ਉਹ ਹੀ ਅਸਲ ਮੀਰ ਮੰਨਿਆ ਜਾ ਸਕਦਾ ਹੈ। ਦੂਸਰੇ ਪਾਸੇ, ਪੀਰ ਜਿਹੜਾ ਆਪਣਾ ਭਰੋਸਾ ਖੁਦਾ ਤੋਂ ਤੋੜ ਕੇ ਮੀਰ ਨੂੰ ਦਾਤਾ ਸਮਝ ਲੈਂਦਾ ਹੈ, ਉਹ ਵੀ ਆਪਣੇ ਅਸਲ ਨਿਸ਼ਾਨੇ ਤੋਂ ਦੂਰ ਗਿਆ ਸਮਝਿਆ ਜਾ ਸਕਦਾ ਹੈ। ਮੀਰ ਤੇ ਪੀਰ ਦਾ ਵਿਚਾਰ ਹੇਠ ਲਿਖੀ ਵਾਰਤਾ ਤੋਂ ਸਪਸ਼ਟ ਹੋ ਜਾਂਦਾ ਹੈ - ਜਿਹੜਾ ਗੁਰੂ ਨਾਨਕ ਨੇ ਬਾਬਰ ਦੇ ਪ੍ਰਸ਼ਨ ਦੇ ਉਤਰ ਵਿਚ ਕਿਹਾ -

*ਬੰਦੇ ਕੀ ਜੋ ਲੇਵੋ ਓਟ॥*
*ਦੀਨ ਦੁਨੀ ਮੈਂ ਤਾਕਓ ਤੋਟ॥*
*ਕਹਿ ਨਾਨਕ ਸੁਣ ਬਾਬਰ ਮੀਰ॥*
*ਤੁਝ ਤੇ ਮਾਂਗੇ ਸੋ ਅਹਿਮਕ ਫਕੀਰ॥*

ਇਹ ਵਿਚਾਰਧਾਰਾ ਦੂਸਰੇ ਗੁਰੂ ਨਾਨਕ (ਗੁਰੂ ਅੰਗਦ ਦੇਵ) ਦੇ ਸਮੇਂ ਉਸ ਵਕਤ ਫਿਰ ਸਪਸ਼ਟ ਹੁੰਦੀ ਹੈ ਜਦੋਂ ਹਮਾਯੂੰ ਹਾਰ ਖਾ ਕੇ ਖਡੂਰ ਸਾਹਿਬ ਆਉਂਦਾ ਹੈ ਤੇ ਗੁਰੂ ਅੰਗਦ ਦੇਵ ਜੀ ਵੱਲੋਂ ਕੋਈ ਵੱਖਰਾ ਉਚੇਚਾ ਸਤਿਕਾਰ ਨਾ ਹੋਣ ਕਰਕੇ ਗੁੱਸੇ ਵਿਚ ਆ ਕੇ ਗੁਰੂ ਜੀ ਉਤੇ ਤਲਵਾਰ ਖਿਚ ਲਈ ਤਾਂ ਗੁਰੂ ਜੀ ਨੇ ਜਵਾਬ ਵਿਚ ਕਿਹਾ, ਕਿ "ਇਹ ਤਲਵਾਰ ਜਿਥੇ ਲੋੜ ਸੀ, ਉਥੇ ਤਾਂ ਖਿੱਚੀ ਨਾ ਗਈ।" ਇਸਤੇ ਹਮਾਯੂੰ ਨੂੰ ਬੜੀ ਸ਼ਰਮ ਆਈ।

ਇਸੇ ਤਰ੍ਹਾਂ ਹੀ ਤੀਸਰੇ ਪਾਤਸ਼ਾਹ ਨੇ ਅਕਬਰ ਦੇ ਰਾਜ ਵਿਚ ਕੁਰਕਸ਼ੇਤਰ ਦੇ ਤੀਰਥ ਯਾਤਰੀਆਂ ਉਤੇ ਟੈਕਸ ਵਿਰੁਧ ਅਵਾਜ਼ ਉਠਾਈ ਤੇ ਧਾਰਮਿਕ ਆਜ਼ਾਦੀ ਲਈ ਜਨ ਸਧਾਰਨ ਦੀ ਅਗਵਾਈ ਕੀਤੀ ਤੇ ਨਾਲ ਮੀਰ ਨੂੰ ਇਸ ਗੱਲ ਦਾ ਅਹਿਸਾਸ ਕਰਵਾਇਆ ਕਿ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਕੇ ਇਕ ਆਦਰਸ਼ ਮੀਰ ਨਹੀਂ ਕਹਿਲਾ ਸਕਦਾ।

*ਤੀਰਥ ਉਦਮੁ ਸਤਿਗੁਰੂ ਕੀਆ*
*ਸਭ ਲੋਕ ਉਧਰਣ ਅਰਥਾ॥* ਪੰਨਾ - 1116

ਗੁਰੂ ਅਰਜਨ ਦੇਵ ਜੀ ਦੇ ਸਮੇਂ ਭਾਈ ਸੀਗਾਰੂ ਤੇ ਭਾਈ ਜੈਤਾ, ਦੋ ਪਰਉਪਕਾਰੀ ਸੂਰਮੇ ਸਿਖਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਬੇਨਤੀ ਕੀਤੀ, ਜਿਸਦਾ ਜ਼ਿਕਰ ਪ੍ਰਿ. ਸਤਿਬੀਰ ਸਿੰਘ ਨੇ ਕੀਤਾ ਹੈ ਕਿ "ਕਦੀ ਨੂਰਦੀਨ, ਕਦੀ ਕੁਲੀਖਾਨ ਤੇ ਕਦੀ ਬੀਰਬਲ, ਗੁਰੂ ਘਰ ਉਤੇ ਆ ਹਮਲਾ ਕਰਦਾ ਹੈ, ਸਾਨੂੰ ਆਗਿਆ ਦੇਵੋ ਤਾਂ ਅਸੀਂ ਸ਼ਸ਼ਤ੍ਰ ਪਹਿਨ ਕੇ ਜੂਝੀਏ।" ਗੁਰੂ ਜੀ ਨੇ ਉਤਰ ਦਿਤਾ - "ਅਸਾਂ ਸ਼ਸ਼ਤ੍ਰ ਪਕੜਨੇ ਹਨ। ਗੁਰੂ ਹਰਿਗੋਬਿੰਦ ਦਾ ਰੂਪ ਧਾਰ ਕੇ ਸਮਾਂ ਕਲਜੁਗ ਦਾ ਵਰਤਣਾ ਹੈ। ਸ਼ਸ਼ਤ੍ਰਾਂ ਦੀ ਵਿਦਿਆ ਕਰ ਮੀਰ ਦੀ ਮੀਰੀ ਤੇ ਸ਼ਬਦ ਦੀ ਪ੍ਰੀਤ ਨਾਲ ਪੀਰ ਦੀ ਪੀਰੀ ਖਿੱਚ ਲੈਣੀ ਹੈ।"

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਹੋਰ ਭਾਵੇਂ ਕੋਈ ਵੀ ਕਾਰਨ ਹੋਣ, ਅਸਲ ਵਿਚ ਜਹਾਂਗੀਰ ਦਾ ਤੁਅੱਸਵੀ-ਪੁਣਾ ਸੀ ਜਿਸਦੇ ਪਿੱਛੇ ਸ਼ੇਖ ਅਹਿਮਦ ਸਰਹੰਦੀ ਮੁਜੱਦਦ ਅਲਫ ਧਾਨੀ ਨਕਸ਼ਬੰਦੀਆਂ ਦਾ ਫਿਰਕਾ ਸੀ। ਗੁਰੂ ਜੀ ਨੇ ਸ਼ਹਾਦਤ ਤੋਂ ਪਹਿਲਾਂ (ਗੁਰੂ) ਹਰਗੋਬਿੰਦ ਸਾਹਿਬ ਨੂੰ ਉਪਦੇਸ਼ ਦਿਤਾ -

"[illegible] ਦੀਆਂ ਤਾਕਤਾਂ ਮਨੁੱਖ ਦੇ ਮੁੱਢਲੇ ਹੱਕਾਂ ਦੀ ਜੜ੍ਹ ਵੱਢਣ ਦੇ ਆਹਰ ਵਿਚ ਹਨ। ਗੁਰੂ ਨਾਨਕ ਦਾ ਘਰ ਮੁੱਢ ਕਦੀਮ ਤੋਂ ਹੀ ਸਚ, ਪ੍ਰੇਮ, ਅਣਖ, ਆਜ਼ਾਦੀ ਦਾ ਰਾਖਾ ਰਿਹਾ ਹੈ। ਜਨਤਾ ਨੂੰ ਬੰਧਨਾ ਤੋਂ ਛਡਾਉਣ ਦਾ ਕੰਮ ਸ਼ਾਂਤਮਈ ਢੰਗ ਨਾਲ ਕੀਤਾ ਜਾਵੇਗਾ ਪਰ ਹੁਣ ਸਮੇਂ ਘੋਰ ਆ ਗਏ ਹਨ, ਮੈਂ ਸ਼ਹਾਦਤ ਲਈ ਜਾਂਦਾ ਹਾਂ, ਸ਼ਾਇਦ ਤੁਰਕਾਂ ਦੀ ਆਤਮਾ ਜਾਗ ਪਏ। ਪਰ ਅਜਿਹਾ ਨਾ ਹੋ ਸਕਿਆ ਤਾਂ ਆਪ ਸ਼ਸ਼ਤ੍ਰ ਪਹਿਨੋ, ਹੋਰਨਾਂ ਨੂੰ ਐਸਾ ਕਰਨ ਦੀ ਪ੍ਰੇਰਨਾ ਕਰਨਾ। ਤਦ ਤਕ ਡਟੇ ਰਹਿਣਾ ਜਦ ਤਕ ਜ਼ਾਲਮ, ਜ਼ੁਲਮ ਬੰਦ ਨਾ ਕਰ ਦੇਵੇ ਜਾਂ ਸੁਧਰ ਨਾ ਜਾਵੇ। ਸੂਰਬੀਰ ਫੌਜ ਬਣਾਉਣੀ ਜੋ ਕਿਸੇ ਖਤਰੇ ਤੋਂ ਨਾ ਡਰੇ। ਐਸੇ ਨਿਡਰ ਜੋਧੇ ਹੋਣ ਜੋ ਸਿਵਾਏ ਅਕਾਲ ਪੁਰਖ ਤੋਂ ਹੋਰ ਕਿਸੇ ਨੂੰ ਨਾ ਮੰਨਣ। ਤੇਗ ਨਫ਼ਰਤ ਤੇ ਬਦਲੇ ਦੀ ਤਾਂਘ ਵਿਚ ਨਾ ਚਲੇ ਜ਼ੁਲਮ ਤੇ ਜ਼ਾਲਮ ਵਿਰੁਧ ਚਲੇ।"

ਮੀਰੀ ਤੇ ਪੀਰੀ ਦਾ ਸੁਮੇਲ ਸਿੱਖ ਧਰਮ ਵਿਚ ਇਕ ਅਨੋਖਾ ਤੇ ਵਿਲੱਖਣ ਸੁਮੇਲ ਹੈ। ਇਹ ਵੱਡੀ ਪ੍ਰਾਪਤੀ ਹੈ। ਸੰਸਾਰ ਦੇ ਇਤਿਹਾਸ ਅੰਦਰ ਐਸਾ ਦੇਖਣ ਨੂੰ ਘਟ ਹੀ ਆਉਂਦਾ ਹੈ ਕਿ ਭਗਤੀ ਤੇ ਸ਼ਕਤੀ ਦਾ ਸ਼ੁਧ ਰੂਪ ਵਿਚ ਸੁਮੇਲ ਹੋਵੇ। ਉਹ ਜੀਵ ਧਨ ਹਨ ਜਿਹੜੇ ਇਨ੍ਹਾਂ ਦੋ ਅੰਤਿਮ ਪੱਖਾਂ ਨੂੰ ਇਕ ਥਾਂ ਰੱਖ ਕੇ ਜੀਉਂਦੇ ਹਨ। ਗੁਰੂ ਪਾਤਸ਼ਾਹ ਦਾ ਕਥਨ ਹੈ -

*ਧੰਨ ਜੀਓ ਤਿਹ ਕੋ ਜਗ ਮੈ*
*ਮੁਖ ਤੇ ਹਰਿ ਚਿਤਿ ਮੈ ਜੁਧੁ ਬਿਚਾਰੈ॥* ਦਸਮ ਗ੍ਰੰਥ

ਗੁਰੂ ਹਰਿਗੋਬਿੰਦ ਜੀ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਦ ਗੁਰਗੱਦੀ ਦੀ ਰਸਮ ਅਦਾਇਗੀ, ਬੜੀ ਅਲੌਕਿਕ ਕਿਸਮ ਦੀ ਸੀ। ਸੇਲੀ ਟੋਪੀ ਨੂੰ ਨਵਾਂ ਰੂਪ ਦਿੰਦਿਆਂ ਸੇਲੀ ਨੂੰ ਤਲਵਾਰ ਦੇ ਗਾਤਰੇ ਦਾ ਰੂਪ ਦੇਣ ਲਈ ਕਿਹਾ। ਬਾਬਾ ਬੁੱਢਾ ਜੀ ਵਲੋਂ ਦੋ ਤਲਵਾਰਾਂ ਮੀਰੀ ਤੇ ਪੀਰੀ ਦੀਆਂ ਪਹਿਨਾਈਆਂ ਗਈਆਂ।

*ਪੁਨ ਪਿਚ ਸਤਿਗੁਰ ਆਇਸ ਕਹੀ*
*ਪਲਟ ਲੇਓ ਤਜੋ ਰਿਪੁ ਨਹੀ॥*
*ਸੇਲੀ ਮੇਲਿਨਿ ਕੋ ਨਾਹਿ ਕਾਲਾ*
*ਮੈਂ ਕਰਹੋ ਸੰਗਰਾਮ ਬਿਸਾਲਾ॥*

ਸ਼ਾਹੀ ਠਾਠ ਵਾਲੀ ਪਗੜੀ ਸਜਾਈ ਗਈ। ਥੜ੍ਹਾ ਸਾਹਿਬ (ਹੁਣ ਅਕਾਲ ਤਖਤ ਸਾਹਿਬ) ਵਾਲੀ ਥਾਂ ਉਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਕਲਗੀ ਸਜਾਈ ਗਈ। ਇਸ ਸਮੇਂ ਗੁਰੂ ਜੀ ਗਿਆਰਾਂ ਸਾਲਾਂ ਦੇ ਸਨ। ਗੁਰਗੱਦੀ ਦੀ ਰਸਮ ਉਪਰੰਤ ਸਾਰੀ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ -

"ਗੁਰੂ ਦਾ ਹੁਕਮ ਸਿੱਖ ਲਈ ਮੋੜਨ ਵਾਲਾ ਨਹੀਂ ਹੁੰਦਾ। ਇਸਦੀ ਪੂਰਤੀ, ਦੁਨਿਆਵੀ ਫਰਜ਼ਾਂ ਵਾਂਗ ਨਹੀਂ ਹੁੰਦੀ, ਸਗੋਂ ਇਸਨੂੰ ਪੂਰਾ ਕਰਨ ਨਾਲ ਆਤਮਿਕ ਸ਼ਾਂਤੀ ਮਿਲਦੀ ਹੈ। ਇਸ ਤੋਂ ਉਪਰੰਤ ਗੁਰੂ ਘਰ ਵਿਚ ਸ਼ਸ਼ਤ੍ਰ, ਘੋੜੇ, ਜੁਆਨ ਭਰਤੀ ਹੋਣ ਲੱਗ ਪਏ। ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਨੇ ਇਸਨੂੰ ਇਸ ਤਰ੍ਹਾਂ ਵਰਣਨ ਕੀਤਾ ਹੈ -

*ਸੁਨ ਸਿਖਨ ਜੋ ਗੁਰ ਕੀ ਕਾਰ॥*
*ਖਰਚਯੋ ਦਰਬ ਲੇਨ ਹਥਿਆਰ॥*
*ਚੰਚਲ ਤੁਰੰਗ ਮੋਲ ਕਰਿ ਲਿਏ॥*

*ਗੁਰ ਪ੍ਰਸੰਨਤਾ ਚਾਹਿਤ ਕਿਏ॥* *ਗੁ. ਪ੍ਰ. ਸੂਰਜ. ਗ੍ਰੰਥ*

ਗੁਰੂ ਹਰਿਗੋਬਿੰਦ ਸਾਹਿਬ ਨੂੰ ਤਖਤ ਤੇ ਬੈਠਣ ਉਪਰੰਤ ਕਈ ਖੇਚਲਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਨੇ ਸਿਪਾਹੀਆਂ ਵਾਲਾ ਬਾਣਾ ਧਾਰਨ ਕਰ ਲਿਆ। ਆਪਣੇ ਪਿਤਾ ਦੇ ਪ੍ਰਚਲਤ ਅਸੂਲਾਂ ਤੋਂ ਬਿਨਾਂ, ਉਨ੍ਹਾਂ ਤਲਵਾਰਾਂ ਵੀ ਧਾਰਨ ਕੀਤੀਆਂ, ਫੌਜਾਂ ਰੱਖੀਆਂ, ਸ਼ਿਕਾਰ ਖੇਡਣੇ ਆਰੰਭ ਕੀਤੇ।"

ਦੋ ਤਲਵਾਰਾਂ, ਮੀਰੀ ਤੇ ਪੀਰੀ ਦੀ ਤਸਵੀਰ ਖਿੱਚਦਿਆਂ ਢਾਡੀ ਅਬਦੁਲ ਤੇ ਨੱਥ ਮਲ ਨੇ ਬਹੁਤ ਸੁੰਦਰ ਕਿਹਾ ਹੈ ਕਿ "ਪੀਰ ਦੀ ਤਲਵਾਰ, ਅਜ਼ਮਤ ਵਾਲੀ ਤੇ ਰਾਖੀ ਕਰਨ ਵਾਲੀ ਹੈ ਅਤੇ ਮੀਰੀ ਨੂੰ ਰਾਜ ਭਾਗ ਤੋੜਨ ਵਾਲੀ ਕਿਹਾ ਹੈ -

*ਦੋ ਤਲਵਾਰਾਂ ਬੱਧੀਆਂ, ਇਕ ਮੀਰ ਦੀ ਇਕ ਪੀਰ ਦੀ।*
*ਇਕ ਅਜ਼ਮਤ ਦੀ, ਇਕ ਰਾਜ ਦੀ,*
*ਇਕ ਰਾਖੀ ਕਰੇ ਵਜ਼ੀਰ ਦੀ।*
*ਹਿਮਤ ਬਾਹੀ ਕੋਟਗੜ ਦਰਵਾਜ਼ਾ ਬਲਖ ਬਖ਼ੀਰ ਦੀ।*
*ਪਗ ਤੇਰੀ ਕਿ ਜਹਾਂਗੀਰ ਦੀ।*

ਪੀਰੀ ਨਾਲ ਮੀਰੀ ਦਾ ਸੰਚਾਰ ਕਰਨ ਦਾ ਮੰਤਵ ਬੜਾ ਸਪਸ਼ਟ ਸੀ। ਇਹ ਨਾ ਤਾਂ ਬਦਲੇ ਦੀ ਭਾਵਨਾ ਵਾਲਾ ਸੀ ਤੇ ਨਾ ਹੀ ਵਕਤੀ ਹਕੂਮਤ ਦੇ ਵਾਂਗ ਕੋਈ ਰਾਜ ਭਾਗ ਦੀ ਭੁੱਖ ਸੀ ਸਗੋਂ ਸਵੈਮਾਨ, ਅਣਖ, ਇਜ਼ਤ ਤੇ ਅਜ਼ਾਦੀ ਨਾਲ ਜੀਉਣ ਤੇ ਸੰਸਕ੍ਰਿਤੀ ਨੂੰ ਸ਼ੁਧ ਰੂਪ ਵਿਚ ਕਾਇਮ ਰੱਖਣ ਦਾ ਮੰਤਵ ਸੀ। ਧਰਮ ਯੁੱਧ ਕਰਨਾ, ਧਰਮ ਹੁੰਦਾ ਹੈ - ਗੁਰ ਬਿਲਾਸ ਦਾ ਕਰਤਾ ਇਸ ਵਿਚਾਰ ਦੀ ਪੁਸ਼ਟੀ ਕਰਦਾ ਹੈ। ਇਸ ਵਿਚਾਰ ਦੀ ਸਪਸ਼ਟਤਾ ਡੰਕਨ ਗਰੀਨ ਲੀਜ਼ ਦੇ ਬਿਆਨ ਤੋਂ ਵੀ ਹੋ ਜਾਂਦੀ ਹੈ।

But he (Hargobind Sahib) had to begin the work of liberating the masses so long oppressed by the cruel, corrupt and bloody, tyranny. (Gospel of Guru Granth Sahib preface)

ਜਦੋਂ ਮੀਰ ਆਪਣੇ ਕਰਤੱਵ ਨੂੰ ਭੁੱਲ ਕੇ, ਮਨੁੱਖਤਾ ਦੇ ਮੁੱਢਲੇ ਹੱਕਾਂ ਤੇ ਕਾਬਜ਼ ਹੋ ਜਾਂਦਾ ਹੈ ਤਾਂ ਫਿਰ ਇਸ ਜਲਾਲਤ ਭਰੀ ਜ਼ਿੰਦਗੀ ਤੋਂ ਲੋਕਾਂ ਨੂੰ ਜਗਾਉਣ ਲਈ ਕਦੀ ਪਰੀਵਰਤਨ ਜ਼ਰੂਰ ਆਉਂਦਾ ਹੈ। ਇਹ ਪਰੀਵਰਤਨ ਕਈ ਵਾਰੀ ਗਲਤ ਫਹਿਮੀਆਂ ਪੈਦਾ ਕਰ ਦਿੰਦਾ ਹੈ। ਇਸ ਤਰ੍ਹਾਂ ਦੀਆਂ ਗਲਤ ਫਹਿਮੀਆਂ ਗੁਰੂ ਹਰਿਗੋਬਿੰਦ ਸਾਹਿਬ ਦੇ ਕਰਤਵਾਂ ਤੋਂ ਵੀ ਪੈਦਾ ਹੋਈਆਂ ਪ੍ਰੰਤੂ ਇਨ੍ਹਾਂ ਦਾ ਸਪਸ਼ਟੀਕਰਨ ਪਹਿਲਾਂ ਤਾਂ ਭਾਈ ਗੁਰਦਾਸ ਜੀ ਨੇ ਕੀਤਾ ਤੇ ਲੋੜ ਪੈਣ ਤੇ ਗੁਰੂ ਪਾਤਸ਼ਾਹ ਨੇ ਆਪ ਵੀ ਕੀਤਾ -

ਗੁਰੂ ਘਰ ਅੰਦਰ ਭਗਤੀ ਭਾਵਨਾ ਵਾਲੇ ਸਿੱਖਾਂ ਅੰਦਰ ਵੀ ਇਸ ਤਰ੍ਹਾਂ ਗਲਤ ਫਹਿਮੀ ਹੋਣੀ ਕੁਦਰਤੀ ਸੀ। ਸਿੱਖਾਂ ਦਾ ਕਹਿਣਾ ਸੀ, ਪਹਿਲੋਂ ਪੰਜ ਗੁਰੂ ਧਰਮਸਾਲਾ ਬਣਾ ਕੇ ਬੈਠਦੇ ਸਨ, ਹੁਣ ਤਾਂ ਗੁਰੂ ਇਕ ਥਾਂ ਟਿਕ ਕੇ ਨਹੀਂ ਬੈਠਦਾ। ਪਹਿਲਾਂ ਬਾਦਸ਼ਾਹ, ਗੁਰੂਆਂ ਦੇ ਘਰ ਆਉਂਦੇ ਸਨ, ਹੁਣ ਐਸਾ ਨਹੀਂ ਹੈ। ਪਹਿਲਾਂ ਸੰਗਤ ਗੁਰੂਆਂ ਦੇ ਦਰਸ਼ਨ ਕਰਦੀ ਸੀ, ਹੁਣ ਤਾਂ ਗੁਰੂ ਦੌੜਿਆ ਫਿਰਦਾ ਹੈ ਡਰਾਇਆ ਡਰਦਾ ਨਹੀਂ। ਪਹਿਲੇ ਗੁਰੂ, ਮੰਜੀ ਤੇ ਬੈਠ ਕੇ ਉਪਦੇਸ਼ ਕਰਦੇ ਸਨ। ਹੁਣ, ਗੁਰੂ ਤਾਂ ਕੁੱਤਿਆਂ ਨਾਲ ਸ਼ਿਕਾਰ ਖੇਡਦਾ ਫਿਰਦਾ ਹੈ। ਪਹਿਲੇ ਗੁਰੂ, ਬਾਣੀ ਉਚਰਨ ਕਰਦੇ ਸਨ ਹੁਣ ਗੁਰੂ ਐਸਾ ਨਹੀਂ ਕਰਦਾ, ਸੇਵਕਾਂ ਨੂੰ ਪਾਸ ਨਹੀਂ ਰੱਖਦਾ। ਦੁਸ਼ਟ ਦੋਖੀਆਂ ਪੈਂਦੇ ਖਾਂ ਨੂੰ ਮੂੰਹ ਲਾਈ ਫਿਰਦਾ ਹੈ।

*ਧਰਮ ਸਾਲ ਕਰ ਬਹੀਦਾ ਇਕਤ ਥਾਂ ਨ ਟਿਕੈ ਟਿਕਾਯਾ॥*
*ਪਾਤਸ਼ਾਹ ਘਰ ਆਂਵਦੇ ਗੜ੍ਹ ਚੜ੍ਹਿਯਾ ਪਾਤਿਸ਼ਾਹ ਚੜ੍ਹਾਯਾ॥*
*ਉਮਤ ਮਹਿਲ ਨ ਪਾਵਦੀ ਨੱਠਾ ਫਿਰੈ ਨ ਡਰੈ ਡਰਾਯਾ॥*
..........................................................................
*ਸੇਵਕ ਪਾਸ ਨ ਰਖੀਅਨਿ ਦੋਖੀ ਦੁਸ਼ਟ ਆਗੂ ਮੁਹਿ ਲਾਯਾ॥*
*ਭਾਈ ਗੁਰਦਾਸ ਜੀ, ਵਾਰ - 26/24*

ਭਾਈ ਗੁਰਦਾਸ ਨੇ ਮੀਰੀ ਸਿਧਾਂਤ ਦੀ ਤੁਲਨਾ ਕਰਦਿਆਂ ਗੁਰੂ ਘਰ ਦੀ ਪੀਰੀ ਅੰਦਰ ਮੀਰੀ ਨੂੰ ਦੁਨਿਆਵੀ ਮੀਰੀ ਨਾਲੋਂ ਵਡਿਆਂਦਿਆਂ ਕਿਹਾ -

ਦੁਨਿਆਵੀ ਬਾਦਸ਼ਾਹ ਤਾਂ ਮਰਨ ਵੇਲੇ ਆਪਣੇ ਪੁੱਤਰ ਨੂੰ ਬਾਦਸ਼ਾਹੀ ਦਿੰਦਾ ਹੈ, ਫਿਰ ਪੁਤਰ ਆਪਣੀ ਦੋਹੀ ਫੇਰਦਾ ਹੈ। ਸਿਪਾਹੀ ਉਸਦੇ ਹੁਕਮ ਨੂੰ ਮੰਨਦੇ ਹਨ। ਉਹ ਤਖਤ ਉਤੇ ਬੈਠ ਕੇ ਹੁਕਮ ਚਲਾਉਂਦਾ ਹੈ। ਜਦ ਕਿ ਗੁਰੂ ਘਰ ਦੀ ਰੀਤ ਵੱਖਰੀ ਹੈ। ਗੁਰੂ, ਗਾਡੀ ਰਾਹ (national high way) ਨੂੰ ਨਿਭਾਉਂਦਾ ਹੈ। ਇਕੋ ਹੀ ਅਕਾਲ ਪੁਰਖ, ਇਕੋ ਹੀ ਸੰਗਤ, ਇਕੋ ਟਕਸਾਲ, ਇਕੋ ਹੀ ਬਾਣੀ ਰੂਪ ਕਤਬਾ, ਅਕਾਲ ਦਾ ਬਾਣੀ ਰੂਪ ਉਪਦੇਸ਼ ਰੂਪੀ ਸਿੱਕਾ, ਦਰਗਾਹ ਦਾ ਹੁੰਦਾ ਹੈ -

*ਦੁਨਿਆਵਾ ਪਾਤਿਸਾਹੁ ਹੋਇ ਦੇਇ ਮਰੈ ਪੁਤੈ ਪਾਤਿਸਾਹੀ॥*
*ਦੋਹੀ ਫੇਰੈ ਆਪਣੀ ਹੁਕਮੀ ਬੰਦੇ ਸਭ ਸਿਪਾਹੀ॥*
*ਕੁਤਬਾ ਜਾਇ ਪੜਾਇੰਦਾ ਕਾਜ਼ੀ ਮੁਲਾਂ ਭਰੈਂ ਉਗਾਹੀ॥*
...............................................................
*ਬਾਬਾਣੈ ਘਰਿ ਚਾਲ ਹੈ ਗੁਰਮੁਖਿ ਗਾਡੀ ਰਾਹੁ ਨਿਬਾਹੀ॥*
*ਇਕ ਦੋਹੀ ਟਕਸਾਲ ਇਕ ਕੁਤਬਾ ਤਖਤ ਸਚਾ ਦਰਗਾਹੀ॥*
*ਗੁਰਮੁਖਿ ਸੁਖ ਫਲੁ ਦਾਦਿ ਇਲਾਹੀ॥*
*ਭਾਈ ਗੁਰਦਾਸ ਜੀ, ਵਾਰ - 26/31*

ਗੁਰੂ ਦੇ ਕਰਤੱਵ, ਮੀਰੀ ਵਾਲੇ ਹੋਣ ਦੇ ਬਾਵਜੂਦ ਵੀ ਉਨ੍ਹਾਂ ਦਾ ਪੀਰੀ ਵਾਲਾ ਗੁਣ, ਤੱਤ ਰੂਪ ਵਿਚ ਸਦਾ ਕਾਇਮ ਰਹਿੰਦਾ ਹੈ। ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਇਸ ਪ੍ਰਕਾਰ ਦੇ ਸ਼ੰਕਿਆਂ ਦੇ ਉਤਰ ਸਪਸ਼ਟ ਰੂਪ ਵਿਚ ਦਿਤੇ ਹਨ। ਗੁਰੂ ਜੀ ਨੂੰ ਸ਼ਸ਼ਤਰਾਂ ਨਾਲ ਲੈਸ ਤੇ ਫੌਜਾਂ, ਘੋੜੇ ਆਦਿ ਨੂੰ ਦੇਖ ਕੇ ਸ਼ਿਵਾ ਜੀ ਦਾ ਧਾਰਮਿਕ ਆਗੂ ਸਮਰੱਥ ਰਾਮਦਾਸ, ਭੁਲੇਖਾ ਖਾ ਜਾਂਦਾ ਹੈ, ਉਹ ਪੁੱਛਦਾ ਹੈ -

'ਮੈਂ ਸੁਣਿਆ ਹੈ ਕਿ ਤੁਸੀਂ ਗੁਰੂ ਨਾਨਕ ਦੀ ਗੱਦੀ ਤੇ ਬਿਰਾਜਮਾਨ ਹੋ। ਗੁਰੂ ਨਾਨਕ ਇਕ ਤਿਆਗੀ ਸਾਧੂ ਸੀ ਤੇ ਤੁਸੀਂ ਹਥਿਆਰਬੰਦ ਹੋ, ਫੌਜਾਂ ਤੇ ਘੋੜੇ ਰੱਖੇ ਹੋਏ ਹਨ; ਤੁਸੀਂ ਕੈਸੇ ਸਾਧੂ ਹੋ?

ਗੁਰੂ ਜੀ ਦੇ ਹੇਠ ਲਿਖੇ ਉਤਰ ਨੇ ਸਮਰਥ ਰਾਮਦਾਸ ਨੂੰ ਸੰਤੁਸ਼ਟ ਕਰ ਦਿਤਾ -

*ਬਾਤਨ ਫਕੀਰੀ ਜ਼ਹਿਰ ਅਮੀਰੀ॥*

*ਸਸਤ੍ਰ ਗਰੀਬ ਕੀ ਰੱਖਿਆ॥*
*ਜਰਵਾਨੇ ਕੀ ਭੱਖਿਆ॥*
*ਬਾਬਾ ਨਾਨਕ ਸੰਸਾਰ ਨਹੀਂ ਤਿਆਗਿਆ॥*
*ਮਾਇਆ ਤਿਆਗੀ ਥੀ॥*

ਗੁਰੂ ਜੀ, ਕਸ਼ਮੀਰ - ਮਾਈ ਭਾਗਭਰੀ ਦਾ ਨਿਸਤਾਰਾ ਕਰਦੇ ਹੋਏ ਜਦੋਂ ਵਾਪਸ ਬਾਰਾ-ਮੁਲਾ, ਉੜੀ, ਮੁਜਫਰਾਬਾਦ, ਐਬਟਾਬਾਦ, ਹਸਨ ਅਬਦਾਲ ਹੁੰਦੇ ਹੋਏ ਗੁਜਰਾਤ ਪੁੱਜੇ ਤਾਂ ਇਥੋਂ ਦੇ ਨਾਮੀ ਫਕੀਰ ਸ਼ਾਹ ਦੌਲਾ ਨਾਲ ਮੁਲਾਕਾਤ ਹੋਈ ਜਿਸਨੇ ਗੁਰੂ ਜੀ ਦਾ ਸ਼ਾਹੀ ਠਾਠ-ਬਾਠ ਦੇਖ ਕੇ ਪ੍ਰਸ਼ਨ ਕੀਤਾ -

*ਹਿੰਦੂ ਕਿਆ ਔਰ ਪੀਰੀ ਕਿਆ॥*
*ਔਰਤ ਕਿਆ ਔਰ ਫਕੀਰੀ ਕਿਆ॥*
*ਦੌਲਤ ਕਿਆ ਔਰ ਤਿਆਗ ਕਿਆ॥*
*ਪੁੱਤਰ ਕਿਆ ਔਰ ਵੈਰਾਗ ਕਿਆ॥*

ਗੁਰੂ ਜੀ ਉਤਰ ਦਿੰਦੇ ਹਨ -

**ਔਰਤ ਈਮਾਨ ਹੈ।**

**ਪੁੱਤਰ ਨਿਸ਼ਾਨ ਹੈ।**

**ਦੌਲਤ ਗੁਜ਼ਰਾਨ ਹੈ।**

**ਪੀਰ, ਨਾ ਹਿੰਦੂ ਨਾ ਮੁਸਲਮਾਨ ਹੈ।**

ਸ਼ਾਹ ਦੌਲੇ ਨੇ ਫਿਰ ਹੋਰ ਸ਼ੰਕਾ ਪ੍ਰਗਟ ਕਰਦਿਆਂ ਪ੍ਰਸ਼ਨ ਕੀਤਾ-

*ਆਰਫ (ਗਿਆਨ) ਕਿਆ ਦੁਨੀਆਂਦਾਰੀ ਕਿਆ।*
*ਮਜਹਬ ਕਿਆ ਸਚਿਆਰ ਕਿਆ।*
*ਪੁਜਾਰੀ ਕਿਆ ਸੁਆਬ ਕਿਆ।*
*ਮਾਰੂਥਲ ਕਿਆ ਔਰ ਆਬ (ਪਾਣੀ) ਕਿਆ।*

ਗੁਰੂ ਜੀ ਨੇ ਉਤਰ ਦਿਤਾ -

**ਆਰਫ ਬੀਚਾਰ ਹੈ।**

**ਮਜ਼ਹਬ ਸੁਧਾਰ ਹੈ।**

**ਪੂਜਾਰੀ ਆਚਾਰ ਹੈ।**

**ਮਾਰੂਥਲ ਮੇਂ ਜਲ, ਕੁਦਰਤ ਕਰਤਾਰ ਹੈ।**

ਇਹ ਉਤਰ ਸੁਣਨ ਉਪਰੰਤ ਸ਼ਾਹ ਦੌਲਾ ਅਤੀ ਪ੍ਰਸੰਨ ਹੋਇਆ ਤੇ 'ਨਾਨਕ ਫ਼ਕੀਰ ਦੀਨ-ਦੁਨੀ ਦੇ ਪੀਰ' ਕਹਿੰਦਿਆਂ ਗੁਰੂ ਹਰਿਗੋਬਿੰਦ ਜੀ ਦੇ ਚਰਨ ਫੜ ਲਏ।

ਇਨ੍ਹਾਂ ਸਮਕਾਲੀ ਪੀਰਾਂ ਫਕੀਰਾਂ ਤੋਂ ਇਲਾਵਾ ਆਧੁਨਿਕ ਯੁਗ ਦੇ ਸਿੱਖ ਇਤਿਹਾਸ ਲਿਖਣ ਵਾਲੇ ਲਿਖਾਰੀ ਵੀ ਧੋਖਾ ਖਾ ਗਏ। ਜਾਦੂ ਨਾਥ ਸਰਕਾਰ ਨੇ ਲਿਖਿਆ ਹੈ -

"ਗੁਰੂ ਨਾਨਕ ਜੀ ਦੀ ਫਕੀਰੀ ਦਾ ਸੀਤਲ ਸੋਮਾ, ਫੌਜੀ ਛਾਉਣੀ ਦੇ ਮਾਰੂਥਲ ਵਿਚ ਜਾ ਕੇ ਸੁੱਕ ਗਿਆ।"

ਪੀਰਾਂ ਫਕੀਰਾਂ ਨੂੰ ਸਮਝਣਾ ਔਖਾ ਹੈ। ਪੀਰੀ ਉਤੇ ਅਧਾਰਿਤ ਮੀਰੀ ਵੀ ਸਮਝਣੀ ਅਤੀ ਕਠਿਨ ਹੈ। ਅਕਾਲ ਪੁਰਖ ਉਤੇ ਭਰੋਸਾ ਰੱਖਣ ਵਾਲੇ ਪੀਰ ਤਾਂ ਮੀਰੀ ਦਾ ਹਰ ਕਰਤੱਵ ਅਕਾਲ ਪੁਰਖ ਦੇ ਹੁਕਮ ਅਨੁਸਾਰ ਜਨਤਾ ਵਿਚ ਸੱਚ, ਇਨਸਾਫ, ਬਰਾਬਰਤਾ, ਸਵੈਮਾਨ, ਅਣਖ, ਇਜ਼ਤ, ਆਜ਼ਾਦੀ ਆਦਿ ਬੁਨਿਆਦੀ ਹੱਕਾਂ ਦੀ ਰਾਖੀ ਵਾਸਤੇ ਆਪਾ ਨਿਛਾਵਰ ਕਰ ਦਿੰਦੇ ਹਨ।

ਇਹ ਇਕ ਭੁਲੇਖਾ ਸੀ। ਓਪਰੀ ਨਜ਼ਰ ਨਾਲ ਦੇਖਿਆਂ ਸਾਨੂੰ ਇੰਝ ਲਗਦਾ ਹੈ ਕਿ ਗੁਰੂ ਹਰਿਗੋਬਿੰਦ ਜੀ ਗੁਰੂ ਨਾਨਕ ਦੀ ਭਗਤੀ ਭਾਵਨਾ ਤੋਂ ਬਿਲਕੁਲ ਉਲਟ, ਫੌਜੀ ਤਾਕਤ ਵਲ ਪਰਤ ਗਏ ਪ੍ਰੰਤੂ ਐਸਾ ਨਹੀਂ ਸੀ। ਗੁਰੂ ਜੀ ਨੇ ਤਾਂ ਨਿਤਾਣਿਆਂ, ਨਿਮਾਣਿਆਂ, ਨਿਆਸਰਿਆਂ ਲੋਕਾਂ ਲਈ ਇਕ ਸਹਾਰਾ ਬਣਨ ਲਈ ਅਕਾਲ ਪੁਰਖ ਦੇ ਹੁਕਮ ਅਨੁਸਾਰ ਮੀਰੀ (ਸੱਚੀ ਪਾਤਸ਼ਾਹੀ) ਧਾਰਨ ਕੀਤੀ ਸੀ। ਉਸ ਸਮੇਂ ਲੋਕਾਂ ਨੂੰ ਗੁਲਾਮ ਰੱਖਣ ਲਈ ਕਈ ਪ੍ਰਕਾਰ ਦੇ ਕਦਮ ਚੁਕੇ ਗਏ ਸਨ। ਜਿਵੇਂ ਘੋੜੇ ਤੇ ਚੜ੍ਹਨਾ ਮਨ੍ਹਾ ਸੀ। ਪਗੜੀ ਬੰਨ੍ਹਣ ਦੀ ਮਨਾਹੀ ਸੀ। ਤਾਜ ਪਹਿਨਣਾ ਤੇ ਤਖਤ ਦਾ ਨਿਰਮਾਣ ਤਾਂ ਬਹੁਤ ਮੁਸ਼ਕਲ ਸੀ। ਕੋਈ ਵਿਅਕਤੀ ਸ਼ਸ਼ਤਰ ਨਹੀਂ ਸੀ ਰੱਖ ਸਕਦਾ। ਇਸ ਪ੍ਰਕਾਰ ਦੀ ਜਲਾਲਤ ਭਰੀ ਜ਼ਿੰਦਗੀ ਤੋਂ ਲੋਕਾਂ ਨੂੰ ਛੁਟਕਾਰਾ ਦਿਵਾਉਣ ਲਈ ਗੁਰੂ ਜੀ ਨੇ 12 ਫੁੱਟ ਉਚੇ ਤਖਤ ਦਾ ਨਿਰਮਾਣ, ਆਪ ਜੀ ਨੇ ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਕੀਤਾ। ਇਹ ਅਕਾਲ ਦਾ ਤਖਤ ਸੀ।

ਫੌਜਾਂ ਰੱਖੀਆਂ, ਕਿਲ੍ਹਿਆਂ ਦਾ ਨਿਰਮਾਣ ਕੀਤਾ, ਚਾਰ ਧਰਮ-ਯੁੱਧ ਲੜੇ ਤੇ ਜਿੱਤਾਂ ਪ੍ਰਾਪਤ ਕੀਤੀਆਂ। ਬੀਰ ਰਸੀ ਵਾਰਾਂ ਢਾਡੀਆਂ ਤੋਂ ਸੁਣਵਾ ਕੇ ਲੋਕਾਂ ਵਿਚ ਬੀਰਤਾ ਦਾ ਨਿਰਮਾਣ ਕੀਤਾ। ਮਾਨਸਿਕ ਤੌਰ ਤੇ ਹਾਰੇ ਹੋਏ ਲੋਕਾਂ ਨੂੰ ਸਾਹਸ ਪ੍ਰਦਾਨ ਕੀਤਾ। ਇਹ ਸਭ ਕਰਤੱਵ ਸਵੈਮਾਨ, ਅਣਖ, ਇੱਜ਼ਤ ਤੇ ਅਜ਼ਾਦੀ ਨਾਲ ਜੀਊਣ ਲਈ ਹੀ ਕੀਤੇ ਗਏ ਸਨ।

ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਅਰਜਨ ਪਾਤਸ਼ਾਹ ਦਾ ਹੀ ਰੂਪ ਸਨ। ਭਗਤੀ ਵਿਚੋਂ ਸ਼ਕਤੀ ਦਾ ਨਿਰਮਾਣ ਹੋਣ ਤੇ ਸ਼ਕਤੀ ਦੀ ਕਦੀ ਵੀ ਗਲਤ ਵਰਤੋਂ ਨਹੀਂ ਹੁੰਦੀ। ਗੁਰੂ ਦੀ ਜੋਤ ਤੇ ਜੁਗਤ ਦੀ ਇਕਸਾਰਤਾ ਪ੍ਰਗਟਾਂਦਿਆਂ ਭਾਈ ਗੁਰਦਾਸ ਜੀ ਲਿਖਦੇ ਹਨ-

*ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ॥*
*ਅਰਜਨ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ॥*

..........................................................

*ਦਲਿ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ॥*
*ਭਾਈ ਗੁਰਦਾਸ ਜੀ, ਵਾਰ - 1/48*

ਜੋ ਨਿਚੋੜ ਸਾਰੇ ਧਰਮੋਂ ਕਾ, ਗ੍ਰੰਥ ਸਾਹਿਬ ਕੇ ਅੰਦਰ ਹੈ, ਵੋ ਅਨਯ ਗ੍ਰੰਥੋਂ ਮੇਂ ਨਹੀਂ ਮਿਲੇਗਾ। ਯੇ ਤੋ ਸਾਰੇ ਸੰਸਾਰ ਕੇ ਜਿਤਨੇ ਭੀ ਧਰਮ ਹੈਂ, ਉਨ ਕੋ ਫਿਲਟਰ (filter) ਕਰਕੇ ਬਨਾਇਆ ਗਿਆ ਹੈ।

*ਡਾ. ਸਵਾਮੀ ਰਾਮ ਜੀ*

(ਲੜੀ ਜੋੜਨ ਲਈ ਦੇਖੋ,
ਮਈ ਅੰਕ, ਪੰਨਾ - 28)

# ਜੀਵਨ ਮਨੋਰਥ

ਸੰਤ ਵਰਿਆਮ ਸਿੰਘ ਜੀ
ਵਿ. ਗੁ. ਰੂ. ਮਿਸ਼ਨ

ਮਿਸਾਲ ਨਾਲ ਗੱਲ ਸਮਝਣ ਦਾ ਯਤਨ ਕਰੋ। ਇਕ ਵਾਰੀ ਇਕ ਰਾਜਾ ਆਪਣੀ ਕਚਹਿਰੀ 'ਚ ਬੈਠਾ ਰਾਜ ਦਾ ਕਾਰੋਬਾਰ ਕਰ ਰਿਹਾ ਸੀ। ਬਾਹਰ ਦਰਬਾਨ ਬੈਠੇ ਨੇ, ਫਰਿਆਦੀ ਆਉਂਦੇ ਨੇ। ਫਰਿਆਦ ਅੰਦਰ ਆ ਜਾਂਦੀ ਐ। ਰਾਜਾ ਉਹਨੂੰ ਅੰਦਰ ਨੂੰ ਬੁਲਾ ਲੈਂਦੈ। ਮਹਿਕਮਿਆਂ ਦੇ ਸਾਰੇ ਅਫਸਰ ਦਰਜਾ-ਬਦਰਜਾ ਰਾਜੇ ਦੇ ਆਲੇ ਦੁਆਲੇ ਬੈਠੇ ਨੇ, ਸੀਟਾਂ ਲਈਂ। ਇਨਸਾਫ ਕਰਨ ਵਾਲਾ ਰਾਜਾ ਐ ਤੇ ਉਸੇ ਵੇਲੇ ਕਹਿੰਦੇ ਕਿ ਭਾਈ ਆਹ ਅਰਜ਼ੀ ਦਿਤੀ ਐ। ਦੱਸੋ ਕਿਹੜਾ ਮਹਿਕਮਾ ਐ, ਏਹਦਾ ਕੀ ਕਰਿਐ। ਉਸੇ ਵੇਲੇ ਫੈਸਲੇ ਕਰ ਦੇਣੇ।

ਕਰਦੇ ਕਰਦੇ ਇਕ ਜਾਦੂਗਰ ਆ ਗਿਆ। ਉਹਨੇ ਦਰਬਾਨਾਂ ਨੂੰ ਕਿਹਾ ਕਿ ਤੁਸੀਂ ਮਹਾਰਾਜ ਨੂੰ ਇਕ ਮੇਰੀ ਬੇਨਤੀ ਕਰ ਦਓ ਕਿ ਮੈਂ ਬਹੁਤ ਵਧੀਆ ਤੋਂ ਵਧੀਆ ਤਮਾਸ਼ੇ ਕਰਨਾ ਜਾਣਦਾਂ। ਮੇਰਾ ਕੋਈ ਖੇਲ੍ਹ ਦੇਖਣ। ਅਣਹੋਈਆਂ ਚੀਜ਼ਾਂ ਨੂੰ ਮੈਂ ਹੋਈਆਂ ਕਰ ਦੇਨਾਂ, ਹੋਈਆਂ ਨੂੰ ਅਣਹੋਈਆਂ ਕਰ ਦੇਨਾਂ। ਇਹ ਮੇਰੇ ਖੇਲ੍ਹ ਵਿਚ ਸਿਫਤ ਐ, ਤੇ ਬਾਦਸ਼ਾਹ ਨੂੰ ਕਹਿ ਦਓ। ਦਰਬਾਨਾਂ ਨੇ ਕਿਹਾ ਕਿ ਮਹਾਰਾਜ ਇਕ ਐਸਾ ਜਾਦੂਗਰ ਆਇਐ, ਉਹ ਕਹਿੰਦੈ ਕਿ ਮੇਰੇ ਖੇਲ੍ਹ ਦੇ ਵਿਚ ਇਕ ਐਸੀ ਤਉਫੀਕ ਐ, ਤਾਸੀਰ ਐ ਕਿ ਮੈਂ ਅਣਹੋਈਆਂ ਨੂੰ ਹੋਈਆਂ ਕਰ ਦੇਨਾਂ। ਹੋਈਆਂ ਚੀਜ਼ਾਂ ਨੂੰ ਅਣਹੋਈਆਂ ਕਰ ਦੇਨਾਂ; ਜੇ ਸਰਕਾਰ ਆਗਿਆ ਦੇਣ, ਸਮਾਂ ਦੇਣ ਤਾਂ ਸਮੇਂ ਦੇ ਮੁਤਾਬਿਕ ਮੈਂ ਆਪਣਾ ਖੇਲ੍ਹ ਦਿਖਾਵਾਂ। ਉਸ ਵੇਲੇ ਬਾਦਸ਼ਾਹ ਨੇ ਅੰਦਰ ਬੁਲਾ ਲਿਆ। ਕਹਿਣ ਲੱਗੇ, ਜਾਦੂਗਰ! ਖੇਲ੍ਹ ਦੇਖਦਿਆਂ ਨੂੰ ਤਾਂ ਸਾਡੀ ਉਮਰ ਬਤੀਤ ਹੋ ਗਈ। ਕੋਈ ਹੈ ਤੇਰੇ ਕੋਲ ਸ਼ਪੈਸ਼ਲ ਖੇਲ੍ਹ? ਕਹਿੰਦਾ, ਹਾਂ ਹਜ਼ੂਰ। ਰਾਜਾ ਕਹਿੰਦਾ ਕਿ ਮੇਰਾ ਜੀਅ ਕਰਦੈ ਅੰਦਰੋਂ, ਕਿ ਦੇਵਤਿਆਂ ਦੇ ਦਰਸ਼ਨ ਕਰਾਂ। ਕਰਾ ਸਕਦੈਂ? ਕਹਿੰਦਾ, ਹਾਂ ਮਹਾਰਾਜ। ਕਹਿੰਦੇ, ਦੂਜੀ ਗੱਲ ਐ ਕਿ ਖੇਲ੍ਹ ਹੋਵੇ, ਐਵੇਂ Time waste ਨਾ ਹੋਵੇ। ਉਹਦੇ ਵਿਚ ਕੋਈ ਮਤਲਬ ਵੀ ਹੋਵੇ, ਕੋਈ ਸਿੱਖਿਆ ਵੀ ਹੋਵੇ। ਕਹਿੰਦੇ, ਠੀਕ ਐ ਮਹਾਰਾਜ। ਮੈਂ ਦੋਏ ਤਰ੍ਹਾਂ ਦਾ ਕਰਤਬ ਕਰਨ ਦੀ ਕੋਸ਼ਿਸ਼ ਕਰਾਂਗਾ। ਸਿੱਖਿਆ ਵੀ ਹੋਵੇਗੀ ਤੇ ਤੁਹਾਨੂੰ ਦੇਵ ਦਰਸ਼ਨ ਵੀ ਹੋ ਜਾਣਗੇ। ਉਸ ਵੇਲੇ ਰਾਜੇ ਨੇ ਸਾਰੀ ਸਭਾ ਨੂੰ ਬਰਖਾਸਤ ਕਰ ਦਿਤਾ। ਖੁਲ੍ਹੇ ਮੈਦਾਨ ਦੇ ਵਿਚ ਲੋਕਾਂ ਨੂੰ ਵੀ ਖਬਰ ਦਿਤੀ। ਸਾਰਾ ਸ਼ਹਿਰ ਵੀ ਆ ਗਿਆ ਤੇ ਜਾਦੂਗਰ ਵੀ ਚਲਿਆ ਗਿਆ ਤਾਂ ਉਸ ਵੇਲੇ ਰਾਜਾ ਬੈਠਾ ਐ। ਉਚੇ ਥਾਂ ਦੇ ਉਤੇ ਗੱਦੀ ਲੱਗੀ ਹੋਈ ਐ ਤੇ ਆਲੇ ਦੁਆਲੇ ਸੇਵਾਦਾਰ ਖੜ੍ਹੇ ਨੇ ਤੇ ਉਸ ਵੇਲੇ ਉਹਨੇ ਜਾ ਕੇ ਕਿਹਾ ਕਿ ਹਜ਼ੂਰ ਮੈਂ ਖੇਲ੍ਹ ਤਾਂ ਦਿਖਾਵਾਂਗਾ ਪਰ ਤੁਸੀਂ ਬਚਨ ਕੀਤਾ ਐ ਕਿ ਮੈਂ ਦੇਵਤਿਆਂ ਦੇ ਦਰਸ਼ਨ ਕਰਾਵਾਂ। ਦੇਵਤੇ ਹੁਣ ਧਰਤੀ ਤੇ, ਐਂ ਤਾਂ ਆਉਂਦੇ ਨਹੀਂ, ਫੇਰ ਮੈਂ ਯੁੱਧ ਕਰਕੇ ਫੜ ਕੇ ਲਿਆ ਸਕਦਾਂ। ਦਰਸ਼ਨ ਤੁਹਾਨੂੰ ਕਰਾ ਦੇਵਾਂਗਾ ਪਰ ਮੇਰੇ ਨਾਲ ਮੇਰੀ ਇਸਤਰੀ ਐ। ਇਹ ਇਕੱਲੀ ਰਹਿ ਨਹੀਂ ਸਕਦੀ। ਆਹ ਮੈਨੂੰ ਮਜਬੂਰੀ ਐ। ਕਹਿਣ ਲੱਗੇ, ਜਾਦੂਗਰ! ਇਹ ਮੈਂ ਆਪਣੀ ਲੜਕੀ ਦੇ ਨਾਲ, ਜਿਥੇ ਮੇਰੀ ਲੜਕੀ ਰਹਿੰਦੀ ਐ, ਉਹਦੇ ਕੋਲ ਮੈਂ ਇਹਦਾ ਵਾਸਾ ਕਰਾਵਾਂਗਾ। ਉਹਦੇ ਨਾਲ ਇਹਨੂੰ ਮੈਂ ਜਗ੍ਹਾ ਦੇਵਾਂਗਾ - ਰਹਿਣ ਦੀ; ਤੂੰ ਫਿਕਰ ਨ ਕਰ। ਜਿਹੋ ਜਿਹੀ ਮੇਰੀ ਲੜਕੀ, ਐਸੀ ਹੀ ਤੇਰੀ ਪਤਨੀ ਐ। ਇਹ ਮੇਰੀ ਲੜਕੀ ਐ - ਧਰਮ ਦੀ ਪੁਤਰੀ। ਤੂੰ ਨਿਸ਼ੰਗ ਹੋ ਕੇ ਖੇਲ੍ਹ ਦਿਖਾ। ਉਸ ਵੇਲੇ ਕਹਿਣ ਲੱਗਾ ਕਿ ਮਹਾਰਾਜ ਮੈਂ ਹੁਣ ਦੇਵ ਲੋਕ ਨੂੰ ਚਲਿਆਂ। ਜੇ ਦੇਵਤੇ ਮੇਰੀ ਗੱਲ ਨਾ ਮੰਨੇ ਤਾਂ ਮੈਂ ਯੁੱਧ ਕਰਕੇ ਉਹਨਾਂ ਨੂੰ ਸੁਟਾਂਗਾ - ਥੱਲੇ। ਕਹਿਣ ਲੱਗੇ, ਯੁੱਧ ਜਾਣਦੈਂ? ਕਹਿੰਦੈ, ਹਾਂ ਮਹਾਰਾਜ। ਸਾਰੇ ਹੈਰਾਨ ਹੋ ਗਏ ਕਿ ਐਹੋ ਜਿਹਾ ਜਾਦੂਗਰ, ਜਿਹੜਾ ਦੇਵਤਿਆਂ ਨਾਲ ਜਾ ਕੇ ਯੁੱਧ ਕਰੇਗਾ, ਉਸ ਵੇਲੇ ਖੜ੍ਹਾ-ਖੜ੍ਹਾ ਗਾਇਬ ਹੋ ਗਿਆ। ਉਤੋਂ ਆਵਾਜ਼ ਆਈ ਕਿ ਮਹਾਰਾਜ ਮੈਂ ਦੇਵ ਲੋਕ 'ਚ ਪਹੁੰਚ ਗਿਆਂ ਤੇ ਮੈਂ ਹੁਣ ਸਾਰਿਆਂ ਤੋਂ ਪਹਿਲਾਂ ਬਰਣ ਦੇਵਤੇ ਨੂੰ ਕਿਹਾ ਸੀ ਕਿ ਦਰਸ਼ਨ ਦੇਹ। ਦਰਸ਼ਨ ਦੇਂਦਾ ਨਹੀਂ ਤੇ ਮੈਂ ਯੁੱਧ ਕਰਨਾ ਸ਼ੁਰੂ ਕਰ ਦਿਤਾ। ਉਸ ਵੇਲੇ ਬੜੀ ਮਾਰ ਧਾੜ ਦੀ ਆਵਾਜ਼ ਆਈ। ਸ਼ਸ਼ਤਰ ਖੜਕਦੇ ਨੇ, ਧਮਾਕੇ ਹੁੰਦੇ ਨੇ। ਸਾਰੇ ਲੋਕ ਸੁਣਦੇ ਐਂ ਕਿ ਯੁੱਧ ਹੋ ਰਿਹੈ - ਬੜਾ ਜ਼ਬਰਦਸਤ। ਉਹਤੇ ਬਾਦ ਇਕ ਬਾਂਹ ਥੱਲੇ ਆ ਰਹੀ ਐ - ਅਸਮਾਨ 'ਚੋਂ। ਕਹਿਣ ਲੱਗੇ ਕਿ ਬਾਂਹ ਕਿਹਦੀ ਹੋਊਗੀ? ਬਾਂਹ ਦੇ ਵਿਚ ਬੜੇ ਗਹਿਣੇ ਪਹਿਨੇ ਹੋਏ ਨੇ, ਅਜੀਬ ਬਾਂਹ ਐ, ਵਸਤਰ ਵੀ ਵਧੀਆ ਨੇ। ਕਹਿਣ ਲੱਗੇ, ਜਾਦੂਗਰ ਦੀ ਤਾਂ ਨਹੀਂ ਹੈ। ਉਸ ਵੇਲੇ ਦੂਜੀ ਬਾਂਹ ਆ ਗਈ, ਲੱਤ ਆ ਗਈ - ਕੱਟੀ ਹੋਈ, ਦੂਸਰੀ ਕੱਟੀ ਹੋਈ ਲੱਤ ਆ ਗਈ; ਐਂ ਤੁਰੇ ਆਉਂਦੇ ਨੇ - ਲਾਈਨ ਬੰਨ੍ਹੀ। ਕੀ ਦੇਖਦੇ ਨੇ, ਧੜ ਵੀ ਆ ਰਿਹੈ ਤੇ ਸਿਰ ਵੀ ਆ ਰਿਹੈ। ਇਹ ਧਰਤੀ ਤੇ ਗਿਰ ਗਏ ਸਾਰੇ - ਆ ਕੇ। ਉਸ ਵੇਲੇ ਜਦ ਸਿਰ ਗਿਰਿਆ, ਉਹਦੇ 'ਚੋਂ ਐਨਾ ਪਾਣੀ ਨਿਕਲਿਆ - ਮੂੰਹ ਵਿਚੋਂ, ਤੇ ਪਾਣੀ-ਓ-ਪਾਣੀ ਕਰ ਦਿਤਾ ਤੇ ਕਹਿਣ ਲੱਗੇ, ਮਹਾਰਾਜ, ਇਹ ਬਰਨ ਦੇਵਤਾ ਐ, ਦਰਸ਼ਨ ਕਰੋ।

ਮੁਕਟ ਲੱਗਿਐ ਹੋਇਐ - ਬਹੁਤ ਵਧੀਆ, ਸੁੰਦਰ ਚਿਹਰੈ। ਕਹਿੰਦੇ, ਜਿਉਂਦੇ ਦੇ ਤਾਂ ਦਰਸ਼ਨ ਹੋਏ ਨਾ, ਪਰ ਚਲੋ ਕੋਈ ਨਾ ਦਰਸ਼ਨ ਤਾਂ ਕਰ ਏ ਲਏ - ਦੇਵਤਿਆਂ ਦੇ। ਨਾਲ ਦੀ ਨਾਲ ਜਿਹੜੇ ਜਰਨੈਲ ਸੀ, ਕਹਿਣ ਲੱਗੇ ਕਿ ਮਹਾਰਾਜ, ਨੋਟ ਕਰਨ ਵਾਲੀ ਗੱਲ ਐ ਕਿ ਕਿੱਡਾ ਬਹਾਦਰ ਐ ਇਹ। ਦੇਵਤਿਆਂ ਨਾਲ, ਕੌਣ ਐਂ, ਜਿਹੜਾ ਮਨੁੱਖ ਯੁੱਧ ਕਰ ਲਵੇ। ਉਨ੍ਹਾਂ ਦੀ ਸ਼ਕਤੀ ਅਮਿੱਟ ਹੁੰਦੀ ਐ। ਦੂਸਰੀ ਵਾਰੀ ਫੇਰ ਉਹਨੇ ਆਵਾਜ਼ ਦਿਤੀ ਕਿ ਮਹਾਰਾਜ, ਹੁਣ ਮੈਂ ਅਗਨ ਦੇਵਤੇ ਨਾਲ ਯੁੱਧ ਕਰਨ ਲੱਗਿਆਂ। ਅੱਗ ਏ ਅੱਗ ਹੋ ਗਈ ਜਦ ਉਹਦਾ ਸਿਰ ਗਿਰਿਆ। ਨਾਲ ਦੀ ਨਾਲ ਆਵਾਜ਼ ਆਈ ਕਿ ਦਰਸ਼ਨ ਕਰੋ - ਅਗਨ ਦੇਵਤੇ ਦੇ। ਉਸ ਤੋਂ ਪਿਛੋਂ ਕਹਿਣ ਲੱਗੇ, ਮਹਾਰਾਜ! ਮੈਂ ਹੋਰ ਦੇਵਾਂ ਨਾਲ ਯੁੱਧ ਕਰਦਾਂ। ਅਖੀਰ ਦੇ ਉਤੇ ਆਵਾਜ਼ ਆਈ ਕਿ ਹੁਣ ਮੈਂ ਸਵਰਗ ਲੋਕ ਦੇ ਮਹਾਂਬਲੀ ਰਾਜੇ ਇੰਦਰ ਨਾਲ ਯੁੱਧ ਕਰਨ ਲੱਗਿਆਂ, ਜਿਹਦੇ ਕੋਲ ਐਸੇ ਸ਼ਸ਼ਤਰ ਨੇ ਕਿ ਦੁਨੀਆਂ ਦਾ ਬੰਦਾ, ਕੋਈ ਤਾਬ ਨਹੀਂ ਲਿਆ ਸਕਦਾ। ਇੰਦਰ ਦਾ ਜੋ ਬੱਜਰ ਸ਼ਸ਼ਤਰ ਐ ਕੋਈ - ਐਟਮ ਬੰਬ ਵਰਗਾ। ਕਹਿਣ ਲੱਗੇ ਕਿ ਹੁਣ ਮੈਂ ਉਹਦੇ ਨਾਲ ਯੁੱਧ ਕਰਦਾਂ ਤੇ ਉਹ ਦੇਖਦੇ-ਦੇਖਦੇ ਇੰਦਰ ਦਾ ਵੀ ਉਹੀ ਹਾਲ ਹੋਇਆ। ਕਹਿੰਦਾ, ਮਹਾਰਾਜ! ਮੈਂ ਇੰਦਰ ਸੁੱਟ ਦਿਤਾ ਤੇ ਕੁਝ ਦੇਵਤੇ ਹੋਰ ਨੇ। ਐਨੇ ਨੂੰ ਫੇਰ ਧਰਤੀ ਤੇ ਗਿਰਿਆ ਤੇ ਦੇਖ ਲਿਆ ਕਿ ਇਹ ਤਾਂ ਜਾਦੂਗਰ ਦੀ ਬਾਂਹ ਐ; ਲੱਤ ਗਿਰੀ, ਉਹ ਵੀ ਦੇਖ ਲਈ। ਘਰ ਵਾਲੀ ਉਹਦੀ, ਵਿਚ ਬੈਠੀ

ਐ - ਸਾਰਿਆਂ ਦੇ, ਲੜਕੀ ਬੈਠੀ ਐ। ਰੋਣ ਲੱਗ ਗਈ ਕਿ ਇਹ ਤਾਂ ਮੇਰੇ ਪਤੀ ਦਾ ਸਰੀਰ ਐ। ਏਨੇ ਨੂੰ ਦੂਜੀ ਲੱਤ ਵੀ ਆ ਗਈ ਤੇ ਗਰਦਨ ਵੀ ਆ ਰਹੀ ਐ, ਤੇ ਧੜ ਵੀ ਥੱਲੇ ਨੂੰ ਆ ਰਿਹੈ। ਇਕੱਠਾ ਕਰ ਲਿਆ, ਰੋਣ ਲੱਗ ਗਈ ਕਿ ਮੇਰਾ ਪਤੀ ਮਾਰਿਆ ਗਿਆ। ਹੁਣ ਮੇਰਾ ਕੀ ਹੋਊ? ਉਸ ਵੇਲੇ ਬੜਾ ਅਫਸੋਸ ਹੋਇਆ ਸਾਰਿਆਂ ਨੂੰ। ਬਹੁਤ ਅਫਸੋਸ 'ਚ ਚਲੇ ਗਏ, ਬੋਲਦਾ ਨਹੀਂ ਕੋਈ ਇਕ ਦੂਜੇ ਦੇ ਨਾਲ। ਕਹਿਣ ਲੱਗੇ, ਦੇਖੋ ਕਿੱਡਾ ਬਹਾਦਰ ਸੀ, ਆਪ ਮਾਰਿਆ ਗਿਆ - ਸਾਨੂੰ ਤਮਾਸ਼ਾ ਦਿਖਾਉਂਦਾ-ਦਿਖਾਉਂਦਾ। ਹਜ਼ੂਰ ਕੀ ਹੁਕਮ ਐ? ਕਹਿਣ ਲੱਗੇ ਕਿ ਮੁਰਦੇ ਏਥੇ ਪਏ ਰਹੇ ਤਾਂ ਸੜ ਜਾਣਗੇ। ਐਂ ਕਰੋ, ਚਿਖਾ ਦਾ ਬੰਦੋਬਸਤ ਕਰੋ ਤੇ ਇਹਨਾਂ ਨੂੰ ਜਲਾ ਦਈਏ। ਦੋ ਚਿਖਾ ਤਿਆਰ ਕਰੋ - ਇਕ ਪਾਸੇ ਦੇਵਤਿਆਂ ਦੀ ਤੇ ਇਕ ਜਾਦੂਗਰ ਦੀ। ਦੋ ਚਿਖਾ ਦਾ ਇੰਤਜ਼ਾਮ ਕਰ ਲਿਆ। ਉਸ ਵੇਲੇ ਉਹ ਕਹਿਣ ਲੱਗੀ ਕਿ ਮੈਂ ਆਪਣੇ ਪਤੀ ਤੋਂ ਬਗੈਰ ਜਿਉਂਦੀ ਨਹੀਂ ਰਹਿਣਾ, ਮੈਂ ਇਹਦੇ ਨਾਲ ਏ ਜਾਣੈ। ਬਥੇਰੀ ਸਮਝਾਈ ਕਿ ਬੇਟਾ ਤੈਨੂੰ ਪੁੱਤਰੀ ਵਾਂਗਣ ਰੱਖਾਂਗੇ, ਤੂੰ ਫਿਕਰ ਨਾ ਕਰ; ਤੇਰੇ ਗੁਜ਼ਾਰੇ ਵਾਸਤ ਮੈਂ ਵੱਡਾ ਬੰਦੋਬਸਤ ਕਰ ਦੇਵਾਂਗਾ। ਕਹਿੰਦੀ, ਨਾ, ਮੈਂ ਤਾਂ ਆਪਣੇ ਪਤੀ ਨਾਲ ਜਾਣੈ। ਚਿਖਾ ਜਲਾ ਦਿਤੀ ਤੇ ਉਹ ਛਾਲ ਮਾਰ ਕੇ ਵਿਚ ਬੈਠ ਗਈ। ਉਹ ਵੀ ਜਲ ਗਈ ਤੇ ਉਹ ਵੀ ਜਲ ਗਏ। ਬੈਠੇ ਰਹੇ ਅਫਸੋਸ 'ਚ। ਕੋਈ ਕਿਸੇ ਨਾਲ ਗੱਲ ਨਹੀਂ ਕਰਦਾ।

ਐਨੇ ਨੂੰ ਕੀ ਦੇਖਦੇ ਐਂ ਕਿ ਰਾਜੇ ਦੇ ਸਾਹਮਣੇ ਜਾਦੂਗਰ ਆ ਗਿਆ। ਝੁੱਕ ਕੇ ਸਲਾਮਾਂ ਕੀਤੀਆਂ, ਬੰਦਨਾਂ ਕਰੀ; ਕਹਿੰਦਾ, ਮਹਾਰਾਜ! ਮੇਰਾ ਤਮਾਸ਼ਾ ਕਿਹੋ ਜਿਹਾ ਲੱਗਿਆ? ਹੈਰਾਨ ਹੋ ਗਏ ਕਿ ਤੂੰ ਜਿਉਂਨੈ? ਕਹਿੰਦਾ, ਹਾਂ। ਮੇਰੀ ਇਸਤਰੀ? ਕਹਿੰਦੇ, ਉਹ ਤਾਂ ਤੇਰੇ ਨਾਲ ਸਤੀ ਹੋ ਗਈ। ਕਹਿੰਦਾ, ਮੈਂ ਤਾਂ ਤੁਹਾਡੇ ਸਾਹਮਣੇ ਖੜ੍ਹਾਂ। ਮਹਾਰਾਜ, ਤੁਸੀਂ ਗਲਤ ਕੰਮ ਕਰਿਐ। ਮੇਰੀ ਇਸਤਰੀ ਦੀ ਅਵਾਜ਼ ਆ ਰਹੀ ਐ, ਸੁਣੋ ਧਿਆਨ ਨਾਲ। ਅਵਾਜ਼ ਆਈ ਕਿ ਏਸ ਰਾਜੇ ਨੇ ਮੈਨੂੰ ਸੱਤ ਜਿੰਦਿਆਂ 'ਚ ਬੰਦ ਕਰਿਆ ਹੋਇਐ ਤੇ ਮੈਂ ਬੜੀ ਦੁੱਖੀ ਆਂ। ਮੈਨੂੰ ਕੈਦ ਕਰ ਦਿਤਾ, ਬਚਨ ਹਾਰ ਗਿਆ ਇਹ, ਤੇ ਮੇਰੇ ਨਾਲ ਸ਼ਾਦੀ ਕਰਾਉਣੀ ਚਾਹੁੰਦੈ। ਰਾਜਾ ਧਰਮਾਤਮਾ ਸੀ। ਵਜ਼ੀਰਾਂ ਨੇ ਕਿਹਾ ਕਿ ਨਹੀਂ ਜਾਦੂਗਰ, ਸਾਡੇ ਮਹਾਰਾਜ ਬੜੇ character ਵਾਲੇ ਨੇ, ਐਸੀ ਬਾਤ ਹੋ ਨਹੀਂ ਸਕਦੀ। ਇਹ ਕੋਈ ਗਲਤ ਅਵਾਜ਼ ਆ ਰਹੀ ਐ। ਕਹਿੰਦਾ, ਗਲਤ ਨਹੀਂ; ਚਾਬੀ ਦਓ, ਮੈਂ ਖੋਲ੍ਹ ਕੇ ਲਿਆ ਦੇਨਾਂ। ਚਾਬੀ ਲਈ ਤੇ ਸੱਤਾਂ ਤਾਲਿਆਂ 'ਚੋਂ ਕੱਢ ਕੇ ਲਿਆਂਦੀ। ਕਹਿੰਦੇ, ਮਹਾਰਾਜ ਐਸਾ ਹੈ ਨਹੀਂ? ਸਾਰੇ ਸ਼ਰਮਿੰਦੇ ਹੋ ਗਏ, ਨੀਵੀਂ ਪਾ ਲਈ ਕਿ ਹੋਇਆ ਕੀ? ਇਹ ਹੋਈ ਕੀ ਜਾਂਦੈ?

ਉਸ ਵੇਲੇ ਜਦ ਬਹੁਤ ਅਫਸੋਸ 'ਚ ਹੋ ਗਏ, ਉਸ ਨੇ ਕਿਹਾ ਕਿ ਮਹਾਰਾਜ! ਅਫਸੋਸ ਨਾ ਕਰੋ, ਮੈਂ ਹੁਣ ਗੱਲ ਦਸਦਾਂ। ਇਹ ਤੁਹਾਨੂੰ ਪਹਿਲਾਂ ਖੁਸ਼ੀ ਹੋਈ ਜਿਸ ਵਕਤ ਮੈਂ ਮਾਰ-ਮਾਰ ਸੁੱਟਦਾ ਸੀ; ਹੁਣ ਤੁਹਾਨੂੰ ਦਵੈਸ਼ ਹੋਈ, 'ਰਾਗ' ਹੋਇਆ, ਗਮੀ ਹੋਈ; ਨਾ ਮੈਂ ਕਿਤੇ ਗਿਆਂ, ਨਾ ਮੈਂ ਕਿਸੇ ਨਾਲ ਯੁੱਧ ਕਰਿਐ; ਇਹ ਕੇਵਲ ਮੈਂ ਤੁਹਾਨੂੰ ਇਕ ਜਾਦੂ ਦਾ ਕਰਿਸ਼ਮਾ ਦਿਖਾਇਐ, ਤਮਾਸ਼ਾ ਦਿਖਾਇਐ ਤੇ ਤੁਸੀਂ ਕਿਹਾ ਸੀ ਕਿ ਇਹ ਸਿੱਖਿਆਦਾਇਕ ਵੀ ਹੋਵੇ। ਦੇਖੋ, ਮੈਂ ਆਪਣੀ ਮਾਇਆ ਵਰਤਾਈ ਐ - ਛੋਟੇ ਜਿਹੇ ਬੰਦੇ ਨੇ, ਛੋਟੀ ਜਿਹੀ ਮਾਇਆ ਤੇ ਤੁਸੀਂ ਕਿੰਨਾਂ ਭੁੱਲ ਗਏ, ਕਿੰਨਾ ਤੁਹਾਡੇ ਅੰਦਰ ਰੰਜ ਪੈਦਾ ਹੋ ਗਿਆ, ਕਿੰਨਾਂ ਅਫਸੋਸ ਪੈਦਾ ਹੋ ਗਿਆ। ਪਹਿਲਾਂ ਕਿੰਨੀ ਖੁਸ਼ੀਂ ਸੀ ਤੁਹਾਡੇ ਮਨ ਦੇ ਅੰਦਰ, ਮੈਂ ਇਕ ਜਾਦੂਗਰ, ਆਪਣੇ ਜਾਦੂ ਦੇ ਨਾਲ ਤੁਹਾਨੂੰ ਭੁਲਾ ਸਕਦਾਂ। ਫੇਰ ਜਿਹੜੀ ਇਹ ਮਾਇਆ ਹੈ - ਪ੍ਰਮੇਸ਼ਰ ਦੀ, ਜਿਹਦਾ ਮਿਤ ਕੋਈ ਨਹੀਂ ਹੈ, ਜਿਹਦੇ ਬਾਰੇ ਕੋਈ ਕਹਿ ਨਹੀਂ ਸਕਦਾ ਅਨਰ - ਬਚਨੀ ਜਿਸਨੂੰ ਆਖਦੇ ਐਂ - ਮਹਾਰਾਜ, ਉਹਦੇ ਵਿਚ ਕਿੰਨੀ ਸ਼ਕਤੀ ਐ। ਬਾਵਜੂਦ ਚਾਰੇ ਵੇਦਾਂ ਦੇ, ਛੇਈ ਸ਼ਾਸ਼ਤਰਾਂ ਦੇ; ਮਹਾਂਪੁਰਸ਼ ਆਉਂਦੇ ਨੇ ਹਾਕਾਂ ਮਾਰਦੇ ਨੇ, ਅਵਾਜ਼ਾਂ ਦੇਂਦੇ ਨੇ, ਜੀਵ ਨੂੰ ਸਮਝਾਉਂਦੇ ਨੇ ਪਰ ਇਹ ਜਿਹੜਾ ਜੀਵ ਐ, ਐਨਾ ਮੋਹਿਤ ਹੋ ਗਿਆ, ਏਹਦੇ ਵਿਚੋਂ ਨਿਕਲ ਨਹੀਂ ਸਕਦਾ। ਐਸ ਤਰ੍ਹਾਂ ਪੜ੍ਹ ਲਓ-

*ਧਾਰਨਾ - ਮਾਇਆ ਮੋਹਣੀ ਨੇ, ਮੋਹ ਲਿਆ ਜਗ ਸਾਰਾ,*
*ਧੋਖੇ ਵਿਚ ਜੀਵ ਆ ਗਿਆ - 2, 2.*

*ਪਹਿਲੈ ਪਿਆਰਿ ਲਗਾ ਥਣ ਦੁਧਿ।*
*ਦੂਜੈ ਮਾਇ ਬਾਪ ਕੀ ਸੁਧਿ॥*
*ਤੀਜੈ ਭਯਾ ਭਾਭੀ ਬੇਬ॥*
*ਚਉਥੈ ਪਿਆਰਿ ਉਪੰਨੀ ਖੇਡ॥*
*ਪੰਜਵੈ ਖਾਣ ਪੀਅਣ ਕੀ ਧਾਤੁ॥*
*ਛਿਵੈ ਕਾਮੁ ਨ ਪੁਛੈ ਜਾਤਿ॥*
*ਸਤਵੈ ਸੰਜਿ ਕੀਆ ਘਰ ਵਾਸੁ॥*
*ਅਠਵੈ ਕ੍ਰੋਧੁ ਹੋਆ ਤਨ ਨਾਸੁ॥*
*ਨਾਵੈ ਧਉਲੇ ਉਭੇ ਸਾਹ॥*
*ਦਸਵੈ ਦਧਾ ਹੋਆ ਸੁਆਹ॥*
*ਗਏ ਸਿਗੀਤ ਪੁਕਾਰੀ ਧਾਹ॥*
*ਉਡਿਆ ਹੰਸੁ ਦਸਾਏ ਰਾਹ॥*
*ਆਇਆ ਗਇਆ ਮੁਇਆ ਨਾਉ॥*
*ਪਿਛੈ ਪਤਲਿ ਸਦਿਹੁ ਕਾਵ॥*
*ਨਾਨਕ ਮਨਮੁਖਿ ਅੰਧੁ ਪਿਆਰੁ॥*
*ਬਾਝੁ ਗੁਰੂ ਡੁਬਾ ਸੰਸਾਰੁ॥ ਪੰਨਾ - 137 - 38*

ਮਹਾਰਾਜ ਕਹਿੰਦੇ, ਐਂ ਆਇਐ ਧੋਖੇ 'ਚ। ਗਰਭ ਕੁੰਟ ਦੇ ਵਿਚ ਤਾਂ ਉਰਧ ਤਪ ਕਰਦਾ ਸੀ -

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥*
*ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥*
*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥*
*ਪੰਨਾ - 921*

ਹੁਣ ਹੋਇਆ ਕੀ? ਏਧਰ ਤਾਂ ਵਧਾਈਆਂ ਮਿਲਣ ਲੱਗੀਆਂ, ਓਧਰਲੇ ਪਾਸੇ ਕੀ ਹੋਇਆ?

*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥*
*ਪੰਨਾ - 921*

ਹੁਣ ਮਾਇਆ ਨੇ ਆਪਣਾ ਰਾਜ ਕਰ ਲਿਆ ਏਥੇ। ਆਪਣੀ ਤਾਕਤ ਮਾਇਆ ਨੇ ਫੈਲਾ ਦਿਤੀ। ਬੱਚਾ ਪੈਦਾ ਹੋ ਗਿਆ। ਓਹਦੂੰ ਪਹਿਲਾਂ ਨਾ ਮਾਂ ਸੀ, ਨਾਂ ਪਿਉ ਸੀ; ਕੁਝ ਨਹੀਂ ਸੀ। ਜੀਵ ਸੀਗਾ ਤੁਰਿਆ ਫਿਰਦਾ, ਉਡਾਰੀਆਂ ਮਾਰਦਾ। ਕਰਮਾਂ ਦੇ ਵਸ ਕਰਕੇ, ਗਰਭ ਚ ਆ ਕੇ ਪੈ ਗਿਆ ਤੇ ਜੰਮਿਆਂ ਤਾਂ ਮਾਂ ਬਾਪ ਬਣਨੇ ਸ਼ੁਰੂ ਹੋ ਗਏ। ਪਹਿਲਾਂ ਸਾਰਿਆਂ ਤੋਂ ਭੁੱਖ ਲੱਗੀ - *'ਪਹਿਲੈ ਪਿਆਰਿ ਲਗਾ ਥਣ*

*ਦੁਧਿ॥'* ਭੁੱਖ ਲਗੀ ਤਾਂ ਥੋੜੇ ਜਿਹੇ ਦਿਨਾਂ 'ਚ ਪਤਾ ਲੱਗ ਗਿਆ ਕਿ ਆਹ ਮੇਰੀ ਮਾਂ ਐ। ਜਦ ਬੋਲਣ ਲੱਗਿਆ, ਮਮਾ-ਮਮਾ ਮਾਂ ਨੂੰ ਕਹੀ ਜਾਂਦੈ। ਕੁਛ ਨਾ ਕੁਛ ਕਹੀ ਜਾਂਦੈ; ਚਾਹੇ ਮਾਂ ਕਹਿ ਲਉ, ਮੰਮੀ ਕਹਿ ਲਉ; ਮਮਾ ਈ ਆਉਂਦੈ ਮੂਹਰੇ। Mother ਕਹਿ ਲਉ। ਮਾਤਾ ਕਹਿ ਲਉ; ਅੱਖਰ 'ਮ' ਏ ਆਉਂਦੈ। ਕਹਿੰਦੇ, ਓਹਦੀ ਸੋਝੀ ਆ ਗਈ। ਫੇਰ *'ਤੀਜੇ ਭਯਾ ਭਾਭੀ ਬੇਬ॥ ਚਉਥੈ ਪਿਆਰਿ ਉਪੰਨੀ ਖੇਡ॥'* ਫੇਰ ਖੇਡਾਂ ਚੰਗੀਆਂ ਲੱਗਣ ਲੱਗ ਗਈਆਂ। *'ਪੰਜਵੈ ਖਾਣ ਪੀਅਣ ਕੀ ਧਾਤੁ॥'* ਫੇਰ ਖਾਣ ਪੀਣ ਪਿਛੇ ਜ਼ੋਰ ਦੇਣ ਲੱਗ ਗਿਆ। ਫੇਰ ਏਸੇ ਤਰ੍ਹਾਂ ਨਾਲ ਵਿਸ਼ੇ ਵਿਕਾਰ ਆ ਗਏ। ਓਹਦੇ ਵਿੱਚ ਗੱਲ ਏ ਨਹੀਂ ਸੁਣਦਾ, ਗੁਰੂ ਨੂੰ ਵੀ ਭੁੱਲ ਗਿਆ, ਸੰਤਾਂ ਨੂੰ ਵੀ ਭੁੱਲ ਗਿਆ, ਮਾਂ ਬਾਪ ਤੋਂ ਵੀ ਗੁਸਤਾਖੀ ਹੋ ਗਿਆ; ਨਾ ਮਾਂ ਨੂੰ ਸਮਝੇ, ਨਾ ਪਿਓ ਨੂੰ ਸਮਝੇ; ਰਸਤਾ ਨਵਾਂ ਈ ਕੱਢ ਲਿਆ ਓਹਨੇ- *'ਛਿਵੈ ਕਾਮੁ ਨ ਪੁਛੈ ਜਾਤਿ॥'* ਜਦੋਂ ਹੋ ਗਿਆ ਪੰਜਾਹ ਸਾਲ ਦਾ, ਕਹਿੰਦਾ, ਹੁਣ ਤਾਂ ਘਰ ਪਾਉਣੇ, ਹੁਣ ਪੈਸੇ ਜੋੜਨੇ ਨੇ; ਪੈਸੇ ਜੋੜਨ ਵਾਸਤੇ ਜਾਇਜ਼-ਨਜ਼ਾਇਜ ਤਰੀਕੇ ਨਾਲ -

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥*
*ਸੁਤ ਦਾਰਾ ਪਹਿ ਆਨਿ ਲੁਟਾਵੈ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥* *ਪੰਨਾ - 656*

ਜ਼ਇਜ-ਨਜ਼ਾਇਜ ਤਰੀਕੇ ਵਰਤ ਕੇ ਫੇਰ ਧਨ ਜੋੜਦੈ। ਵਿਆਹ ਕਰਨੈ ਮੈਂ, ਕੋਠੇ ਪਾਉਣੇ ਨੇ, ਮੈਂ ਫਲਾਣਾ ਕਰਨੈ, ਮੈਂ ਢਿਮਕਾ ਕਰਨੈ; ਪੈਸਾ ਜਮ੍ਹਾਂ ਕਰਨ ਲੱਗ ਗਿਆ। *'ਅਠਵੈ ਕ੍ਰੋਧੁ ਹੋਆ ਤਨ ਨਾਸੁ॥'* ਹੁਣ ਗਹਾਂ ਦੀ ਅਵਸਥਾ ਆ ਗਈ। ਬੱਚੇ ਆਖੇ ਨਹੀਂ ਲੱਗਦੇ, ਹੁਣ ਕ੍ਰੋਧ ਆਉਣ ਲੱਗ ਗਿਆ। ਆਪਣਾ ਤਨ ਏ ਨਾਸ ਕਰ ਲਿਆ - *'ਨਾਵੈ ਧਉਲੇ ਉਭੇ ਸਾਹ॥ ਦਸਵੈ ਦਧਾ ਹੋਆ ਸੁਆਹ॥ ਗਏ ਸਿਗੀਤ ਪੁਕਾਰੀ ਧਾਹ॥'* ਖੁਸ਼ੀਆਂ ਚਲੀਆਂ ਗਈਆਂ, ਧਾਹਾਂ ਮਾਰੀ ਜਾ ਰਿਹਾਂ ਮੈਂ ਤਾਂ? ਆਹ ਕੀ ਮੈਂ ਕਰ ਲਿਆ? ਕਿੱਥੇ ਰਹਿ ਗਈਆਂ ਕੋਠੀਆਂ, ਕਿੱਥੇ ਰਹਿ ਗਏ ਬੱਚੇ? ਆਹ ਹੋਇਆ ਕੀ ਮੇਰੇ ਨਾਲ ਧੋਖਾ? ਮੈਂ ਤਾਂ ਸੁਣਦਾ ਹੀ ਆਇਆਂ - ਨਾਮ ਜਪਣਾ-ਨਾਮ ਜਪਣਾ; ਉਹ ਕੁਛ ਨਹੀ ਹੋਇਆ ਮੇਰੇ ਤੋਂ, ਲੋਕੋ! ਮੇਰੇ ਵਾਲੇ ਰਾਹ ਨਾ ਪਇਓ; ਬਚੋ ਜੇ ਬਚ ਹੁੰਦੈ। ਮੈਂ ਕੁਛ ਨਹੀਂ ਖੱਟ ਕੇ ਜਾ ਰਿਹਾ॥ ਮਹਿਮੂਦ ਗਜ਼ਨਵੀ ਬਾਰੇ ਕਹਿੰਦੇ ਨੇ ਕਿ ਉਹਨੇ ਹੱਥ ਤੇ ਪੈਰ ਦੋਏ ਜਨਾਜੇ ਚੋਂ ਕੱਢ ਕੇ ਫੱਟੀ ਲਾ ਦਿਤੀ ਕਿ ਆਹ ਖਾਲੀ ਹੱਥ ਜਾਂਦੈ - ਅਰਬਾਂ ਦੀ ਦੌਲਤ ਲੁੱਟਣ ਵਾਲਾ, ਤੇ ਗੁਨਾਹ ਲੈ ਕੇ ਜਾ ਰਿਹੈ ਆਪਣੇ ਨਾਲ ਸਾਰੇ। ਨਾਲ ਤਾਂ ਨਹੀਂ ਜਾਣਾ-

*ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ॥*
*ਨਾਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ॥*

ਪੰਨਾ - 1365

ਲੱਖ ਕਰੋੜ ਕਹਿੰਦੇ ਨੇ - ਸੌ ਖਰਬ ਜਿਹਦੇ ਕੋਲ ਸੀਗਾ, ਉਹ ਵੀ ਖਾਲੀ ਜਾਂਦੈ। ਕਿਸੇ ਦੇ ਨਾਲ ਨਹੀਂ ਏਹ ਮਾਇਆ ਜਾਂਦੀ - ਐਸੀ ਧੋਖੇਬਾਜ਼ੀ ਐ। ਜੋੜ-ਜੋੜ ਕੇ ਜਮ੍ਹਾਂ ਕਰੀ ਜਾਂਦੈ, ਬੇਅੰਤ ਕੁਛ ਬਣਾ ਲੈਂਦੈ। ਕਾਹਦੇ ਵਾਸਤੇ ਬਣਾਉਣੈ ਐਨਾ? ਜਿਹੜਾ ਕੰਮ ਤੂੰ ਕਰਨ ਵਾਸਤੇ ਆਇਆ ਸੀ, ਉਹ ਤਾਂ ਤੂੰ ਭੁੱਲ ਗਿਆ। ਮਾਇਆ ਕਹਿੰਦੀ, ਬੱਸ ਮੈਂ ਆਹੀ ਕਰਦੀ ਆਂ, ਯਾਦ ਨਹੀਂ ਰਹਿਣ ਦਿੰਦੀ। ਅਣਹੋਈ ਚੀਜ਼ ਨੂੰ ਹੋਈ ਕਰ ਦੇਨੀ ਆਂ। ਸੰਸਾਰ 'ਚ ਬਿਠਾ ਦਿੱਤਾ ਕਿ ਨਹੀਂ ਜਾਣਾ, ਤੈਂ ਏਥੇ ਹੀ ਰਹਿਣੈਂ। ਲੋਕਾਂ ਨੂੰ ਤੁਰਦਿਆਂ ਨੂੰ ਦੇਖਦੈ, ਜਾਂਦਿਆਂ ਨੂੰ ਦੇਖਦੈ, ਸ਼ਮਸ਼ਾਨ ਭੂਮੀ ਤੱਕ ਜਾਂਦੈ। ਕਹਿੰਦਾ, ਮੈਂ ਨਹੀਂ ਜਾਣਾ। ਮੈਂ ਤਾਂ ਰਹਿਣੈ ਏਥੇ, ਮੈਂ ਤਾਂ ਨਹੀਂ ਮਰਦਾ ਅਜੇ, ਨਾ ਮੈਂ ਬੁੜ੍ਹਾ ਹੋਇਆ; ਏਹਦਾ ਈ ਸਰੀਰ ਕੰਬਦੈ, ਮੇਰਾ ਤਾਂ ਨਹੀ ਕੰਬਣਾ, ਮੈਂ ਤਾਂ ਤਕੜਾ ਪਿਆਂ। ਕਹਿੰਦੀ, ਇਹ ਭੁਲਾ ਦੇਣਾ ਈ ਮੇਰਾ ਕੰਮ ਐ -

*ਇਨਿ ਮਾਇਆ ਜਗਦੀਸ ਗੁਸਾਈ*
*ਤੁਮਰੇ ਚਰਨ ਬਿਸਾਰੇ॥* *ਪੰਨਾ - 857*

ਕੀ ਕਰੇ ਏਹ? ਭੋਰਾ ਜਿੰਨਾਂ ਵੀ ਪਿਆਰ ਵਾਹਿਗੁਰੂ ਦੇ ਨਾਲ ਨਹੀਂ ਲੱਗਿਆ ਜਿਹਨੇ ਇਹਨੂੰ ਸਭ ਤੋਂ ਉਤਮ ਦੇਹੀ ਦਿੱਤੀ ਹੈ। ਕਹਿੰਦਾ, ਮੈਨੂੰ ਕੀ ਦਿੱਤੈ? ਮੈਂ ਏਵੇਂ ਜਿਵੇਂ ਪੈਦਾ ਹੋਣਾ ਈ ਸੀ; ਨਾ ਪੈਦਾ ਕਰਦਾ। ਬਹੁਤਾ ਈ ਹੋਰ ਤਰ੍ਹਾਂ ਦੈ, ਮੁੱਕਰ ਜਾਂਦੈ।

ਜਦ ਹੁੰਦੈ ਦੁੱਖੀ, ਫੇਰ ਪ੍ਰਮੇਸ਼ਰ ਨੂੰ ਹਾਕਾਂ ਮਾਰਦੈ। ਮਾਇਆ ਕਹਿੰਦੀ, ਮੇਰੇ ਤਿੰਨ ਰੂਪ ਨੇ - ਇੱਕ ਸੂਖਮ ਰੂਪ ਐ, ਇੱਕ ਜੜ੍ਹ ਰੂਪ ਐ, ਇੱਕ ਚੇਤਨ ਰੂਪ ਐ। ਸੂਖਮ ਰੂਪ ਦੇ ਅੰਦਰ ਤਾਂ ਮੈਂ ਮੋਹ ਮਾਇਆ ਬਣਦੀ ਆਂ। ਪੈਸਾ-ਟਕਾ, ਸਵਾਰੀਆਂ, ਜ਼ਮੀਨ-ਜਾਇਦਾਦ, ਇੰਡਸਟਰੀਆਂ ਸਭ ਕੁਛ ਮੈਂ ਹੀ ਹਾਂ ਤੇ ਚੇਤਨ ਰੂਪ ਦੇ ਅੰਦਰ ਮੈਂ ਭੁਲਾ ਦੇਨੀ ਆਂ। ਇਸਤਰੀਆਂ ਤੇ ਬੰਦੇ ਭੁੱਲ ਜਾਂਦੇ ਨੇ। ਉਨ੍ਹਾਂ ਨੂੰ ਪਤਾ ਈ ਨਹੀਂ ਰਹਿੰਦਾ, ਪਰਿਵਾਰ ਦੇ ਵਿਚ ਭੁੱਲ ਜਾਂਦੇ ਨੇ - ਬਾਲ ਬੱਚਿਆਂ 'ਚ, ਕਿਉਂਕਿ ਚੇਤਨ ਦੇ ਨਾਲ ਪਿਆਰ ਪੈ ਗਿਆ। ਉਹ ਭੁੱਲ ਗਏ, ਆਉਂਦੇ ਈ ਨਹੀਂ। ਪ੍ਰਮੇਸ਼ਰ ਵਾਲਾ ਰਾਹ ਤਾਂ ਮੈਂ ਬੰਦ ਕਰ ਦੇਨੀ ਆਂ। ਸੋ ਏਸ ਤਰ੍ਹਾਂ ਦੇ ਨਾਲ ਜੇ ਸੰਤਾਂ ਦੀ ਸੰਗਤ ਕਰੇਂ ਤੂੰ, ਮਹਾਰਾਜ ਕਹਿੰਦੇ -

*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥* *ਪੰਨਾ - 12*

ਮਾਇਆ 'ਤੋਂ ਬਚ ਪਿਆਰਿਆ! ਸਾਧੂਆਂ ਦੀ ਸੰਗਤ ਕਰ। ਦੇਖ, ਸਾਧੂਆਂ ਦੀ ਸੰਗਤ ਕਰਕੇ ਕਬੀਰ ਸਾਹਿਬ ਦੀ ਕਿੱਡੀ ਪਦਵੀ ਹੋਈ; ਰਵੀਦਾਸ ਨੇ ਸਾਧੂਆਂ ਦੀ ਸੰਗਤ ਕਰੀ ਐ, ਅੱਜ ਸਾਰਾ ਸੰਸਾਰ ਪੂਜਦੈ; ਬਾਲਮੀਕ ਡਾਕੇ ਮਾਰਦੇ ਨੇ, ਸਾਧੂਆਂ ਦੀ ਸੰਗਤ ਕਰੀ ਤੇ ਅੱਜ ਪੂਜਿਆ ਜਾ ਰਿਹੈ। ਕ੍ਰਿਸ਼ਨ ਮਹਾਰਾਜ ਨੇ ਵੀ ਉਹਦੇ ਚਰਣ ਧੋਤੇ - ਯੱਗ ਦੇ ਵੇਲੇ। ਕਿੰਨੀਆਂ ਪਦਵੀਆਂ ਪ੍ਰਾਪਤ ਕਰ ਲੈਂਦੈ - ਜੇਹੀ ਸੰਗਤ ਤੇਹੀ ਰੰਗਤ -

*ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥*
*ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥*

*ਪੰਨਾ - 1369*

ਏਸ ਤਰ੍ਹਾਂ ਦੇ ਨਾਲ ਸੰਗਤ ਤੋਂ ਬਗੈਰ ਪ੍ਰਮੇਸ਼ਰ ਦਾ ਨਾਮ ਨਹੀਂ ਜਪਿਆ ਜਾਂਦਾ।

-ਚਲਦਾ-

*(ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰਸਟ ਦੇ ਬਾਨੀ ਤੇ ਮੁਖੀ ਸੰਤ ਬਾਬਾ ਵਰਿਆਮ ਸਿੰਘ ਜੀ ਵਲੋਂ ਮਿਤੀ 7-11-93 ਨੂੰ ਮੋਹਾਲੀ ਵਿਖੇ ਦਿਤਾ ਗਿਆ ਕੀਰਤਨ ਵਖਿਆਨ, ਫਿਲਮ ਨੰ: 361)*

# ਧਰਮ ਕੀ ਪਉੜੀ

*ਸੰਤ ਵਰਿਆਮ ਸਿੰਘ ਜੀ*
*ਵਿ. ਗੁ. ਰੂ. ਮਿਸ਼ਨ*

ਸਤਿਜੁਗ, ਤ੍ਰੇਤਾ ਅਤੇ ਦੁਆਪਰ ਜੁਗ ਬੀਤਣ ਤੋਂ ਬਾਅਦ ਕਲਿਜੁਗ ਦੇ ਪ੍ਰਭਾਵ ਹੇਠ ਆਇਆ ਜਗਿਆਸੂ ਡਾਵਾਂ-ਡੋਲ ਹੋ ਗਿਆ। ਸਤਿਜੁਗ ਦਾ ਸਾਧਨ ਸਤਿ, ਤ੍ਰੇਤੇ ਦਾ ਸਾਧਨ ਯੱਗ, ਦੁਆਪਰ ਦੇ ਸਾਧਨ ਪੂਜਾ ਸਨ ਪਰ ਕਲਿਜੁਗ ਦੇ ਸਮੇਂ ਅੰਦਰ ਇਹ ਆਪਣਾ ਫਲ ਦੇਣ ਤੋਂ ਅਸਮਰਥ ਹੋ ਗਏ। ਪਾਪ ਦਾ ਪਸਾਰਾ ਹੋ ਗਿਆ। ਨ ਰਾਜੇ ਵਿਚ ਧਰਮ ਰਿਹਾ ਤੇ ਪਰਜਾ ਗਿਆਨ ਦੇ ਨੇਤ੍ਰ ਗੁਆ ਕੇ ਅੰਨ੍ਹੀ ਹੋ ਗਈ। ਰਾਜਿਆਂ ਨੇ ਪਰਜਾ ਨੂੰ ਪਾਲਣ ਦਾ ਧਰਮ ਛੱਡ ਕੇ ਕਸਾਈ ਦਾ ਰੂਪ ਧਾਰਣ ਕਰ ਲਿਆ। ਪਾਖੰਡ ਆਦਿ ਅਨੇਕ ਕਿਸਮ ਦੇ ਅੰਧ-ਕਰਮ ਪ੍ਰਚਲਤ ਹੋਣ ਕਰਕੇ ਕਲਿਜੁਗ ਦੇ ਜੀਵ ਡਾਵਾਂ-ਡੋਲ ਹੋ ਗਏ ਅਤੇ ਆਪਣੇ ਉਧਾਰ ਦਾ ਕੋਈ ਸਾਧਨ ਨਾ ਦੇਖ ਕੇ ਅੰਧਕਾਰ ਵਿਚ ਗੁਆਚ ਗਏ। ਸੱਚ ਦਾ ਕਾਲ ਪੈ ਗਿਆ। ਜਨਤਾ ਦੇ ਸਰਬੱਤ ਅੰਗਾਂ ਵਿਚ ਕੂੜ ਦਾ ਪਸਾਰਾ ਹੋ ਗਿਆ। ਮਨੁਖ ਨੂੰ ਕੋਈ ਰਾਹ ਸੁੱਝ ਨਹੀਂ ਸੀ ਰਿਹਾ ਕਿ ਸੰਸਾਰ ਸਮੁੰਦਰ ਤੋਂ ਕਿਹੜੇ ਸਾਧਨ ਨਾਲ ਪਾਰ ਜਾਇਆ ਜਾ ਸਕੇ। ਅਨੇਕ ਕਿਸਮ ਦੇ ਨਾਸਤਕ ਮਤਿ ਪ੍ਰਧਾਨ ਹੋ ਗਏ ਅਰ ਧਰਮ ਗ੍ਰੰਥਾਂ ਦੇ ਸੁਚੇ ਅਰਥ ਮਨਮਤਿ ਦੇ ਸਿਧਾਂਤਾਂ ਵਿਚ ਗੁਆਚ ਗਏ।

ਐਸੇ ਸਮੇਂ ਦੇ ਅੰਦਰ ਗੁਰੂ ਨਾਨਕ ਪਾਤਸ਼ਾਹ ਜੀ ਨੇ ਮਨੁਖ ਦਾ ਬੁੱਤ ਪੂਜਾ ਵੱਲ ਰੁਝਾਨ ਅਤੇ ਸਤਿ ਵਿਸ਼ਵਾਸ਼ ਦੀ ਅਣਹੋਂਦ ਆਦਿ ਤਰਸਯੋਗ ਸਥਿਤੀ ਨੂੰ ਦੇਖਦਿਆਂ ਸੰਸਾਰ ਨੂੰ ਸੋਧ ਦਿਤੀ ਕਿ ਹੁਣ ਕਲਿਜੁਗ ਦਾ ਸਮਾਂ ਆ ਗਿਆ ਹੈ, ਇਸ ਵਿਚ ਕੇਵਲ ਹਿਰਦੇ ਵਿਚ ਬੀਜਿਆ ਹੋਇਆ ਪਰਮੇਸ਼ਰ ਦਾ ਨਾਮ ਹੀ ਫਲੀਭੂਤ ਹੁੰਦਾ ਹੈ ਪਰ ਅੰਤਸ਼ਕਰਣ ਵਿਚ ਪਏ ਹੋਏ ਪਹਿਲਾਂ ਦੇ ਅੰਧ ਸੰਸਕਾਰ ਪ੍ਰਭੂ ਨਾਮ ਦੇ ਸਿਮਰਨ ਵਿਚ ਵਿਘਨਕਾਰੀ ਹੋ ਕੇ ਰਾਹ ਰੋਕ ਰਹੇ ਸਨ। ਰਾਮ-ਰਾਮ, ਅਲਾਹ-ਅਲਾਹ, ਗੋਬਿੰਦ, ਨਰਾਇਣ ਆਦਿ ਅਨੇਕਾਂ ਨਾਮ ਪ੍ਰਚੱਲਤ ਸਨ ਪਰ ਮਨੁੱਖ ਦੇ ਹਿਰਦੇ ਵਿਚ ਨਾਮ ਦਾ ਬੀਜ ਪੁੰਗਰਦਾ ਨਹੀਂ ਸੀ। ਪਹਿਲਿਆਂ ਸਮਿਆਂ ਦੇ ਪ੍ਰਚਲਤ ਸਾਧਨ ਐਨੇ ਬਿਖੜੇ ਸਨ ਕਿ ਆਮ ਰੁਝੇਵਿਆਂ ਭਰੇ ਜੀਵਨ ਵਾਲੇ ਮਨੁਖ ਤੋਂ ਕਿਸੇ ਤਰ੍ਹਾਂ ਭੀ ਨਹੀਂ ਸਨ ਹੋ ਸਕਦੇ। ਇਨ੍ਹਾਂ ਸਾਰਿਆਂ ਵਿਘਨਾਂ ਨੂੰ ਦੇਖਦਿਆਂ ਹੋਇਆਂ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਕਲਜੁਗ ਦੇ ਅੰਦਰ ਕਲਿਆਣ ਦਾ ਮੁਖ ਸਾਧਨ ਕੇਵਲ ਨਾਮ ਜਪਣ ਦਾ ਹੀ ਹੈ ਅਤੇ ਨਾਮ ਦੀ ਸਹਾਇਕ ਪ੍ਰਮੁਖ ਭਗਤੀ ਹਰੀ ਕੀਰਤਨ ਕਰਨਾ, ਧਿਆਨ ਨਾਲ ਸ੍ਰਵਣ ਕਰਨਾ ਅਤੇ ਫਿਰ ਮੰਨਣ ਕਰਨਾ ਆਦਿ ਅੰਤ੍ਰੀਵ ਸਾਧਨ ਪ੍ਰਚਲਤ ਕੀਤੇ, ਤੇ ਦੱਸਿਆ ਕਿ ਨਾਮ ਦੇ ਵਾਸਤੇ ਹਿਰਦੇ ਦੀ ਸ਼ੁਧਤਾ ਬਹੁਤ ਹੀ ਅਵੱਸ਼ਕ ਹੈ। ਸਰੀਰ ਰੂਪੀ ਧਰਤੀ ਨੂੰ ਨਾਮ ਦਾ ਬੀਜ ਬੀਜਣ ਤੋਂ ਪਹਿਲਾਂ ਸਾਧਣਾਂ ਬਹੁਤ ਜ਼ਰੂਰੀ ਹੈ। ਹਿਰਦੇ ਵਿਚੋਂ ਵਿਕਾਰਾਂ ਰੂਪੀ ਨਦੀਣ ਕੱਢਣਾ ਅਤੇ ਸਰੀਰ ਰੂਪੀ ਖੇਤ ਨੂੰ ਜੋਤਣਾਂ ਤੇ ਮਨ ਹਾਲੀ ਨੂੰ ਸਾਥ ਲੈ ਕੇ ਸੰਤੋਖ ਦਾ ਸੁਹਾਗਾ ਦੇਣਾ ਅਤੇ ਫੇਰ ਖੇਤੀ ਦੀ ਰੱਖਿਆ ਵਾਸਤੇ ਬਾੜ ਨਿੰਮ੍ਰਤਾ ਭਰੇ ਗੁਣਾਂ ਦੀ ਕਰਨੀ ਜ਼ਰੂਰੀ ਦੱਸੀ; ਜਿਸ ਬਾਰੇ ਇਸ ਤਰ੍ਹਾਂ ਫੁਰਮਾਇਆ ਹੈ-

*ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥*
*ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥*
*ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥*

*ਪੰਨਾ- 595*

ਧਰਮ ਦੇ ਕਰਮ ਕਰਨ ਦੇ ਨਾਲ ਸਾਵਧਾਨ ਹੋ ਕੇ ਨਾਮ ਖੇਤੀ ਦੀ ਰਾਖੀ ਕਰਦਿਆਂ ਹੋਇਆਂ ਗੁਰੂ ਰਾਹੀਂ ਪ੍ਰਾਪਤ ਕੀਤਾ ਹੋਇਆ ਮੰਤਰ ਫਲੀਭੂਤ ਹੋ ਕੇ ਨਾਮ ਦੇ ਮੰਡਲ ਵਿਚ ਵਾਸਾ ਕਰਾ ਸਕਦਾ ਹੈ। ਇਕ ਥਾਂ ਆਪ ਨੇ ਇਉਂ ਫੁਰਮਾਨ ਕੀਤਾ ਹੈ ਕਿ -

*ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ॥*
*ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ॥*

*ਪੰਨਾ - 468*

ਅਤੇ ਐਸਾ ਭੀ ਫੁਰਮਾਨ ਹੈ -

*ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇਇ ਦਾਣ*
*ਨਉ ਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ॥*

*ਪੰਨਾ - 19*

ਇਸ ਤਰ੍ਹਾਂ ਤਨ ਰੂਪੀ ਧਰਤੀ ਨੂੰ ਸਾਧਣਾ ਬਹੁਤ ਹੀ ਜ਼ਰੂਰੀ ਹੈ ਕਿਉਂਕਿ ਇਸ ਵਿਚੋਂ ਨਦੀਣ ਰੂਪੀ ਬੇਅੰਤ ਕਿਸਮ ਦੇ ਵਿਕਾਰ, ਸ਼ੰਕੇ, ਗਲਤ ਧਾਰਨਾਵਾਂ ਅਤੇ ਗਲਤ ਨਿਹਚੇ ਕਢਣੇ ਅਤੀ ਲਾਜ਼ਮੀ ਹਨ। ਹੇਠ ਲਿਖੀਆਂ ਅੰਤ੍ਰੀਵ ਰਹਿਤਾਂ ਨਾਮ ਦੀ ਪ੍ਰਾਪਤੀ ਲਈ ਅਵੱਸ਼ਕ ਹਨ -

1. ਵਾਹਿਗੁਰੂ ਜੀ ਤੇ ਪੂਰਨ ਪ੍ਰਤੀਤ - ਇਸ ਸਬੰਧ ਵਿਚ ਫੁਰਮਾਨ ਹੈ -

*ਜ਼ਿਮੀ ਜਮਾਨ ਕੇ ਵਿਖੈ ਸਮਸਤ ਏਕ ਜੋਤਿ ਹੈ॥*
*ਨ ਬਾਢ ਹੈ ਨ ਘਾਟ ਹੈ ਨ ਬਾਢ ਘਾਟ ਹੋਤ ਹੈ॥*

ਉਸ ਦੀ ਸੱਤਾ, ਸਤਯਤਾ ਅਤੇ ਹਜ਼ੂਰੀ ਵਿਚ ਦ੍ਰਿੜ੍ਹ ਵਿਸ਼ਵਾਸ਼ ਹੋਵੇ, ਪੂਰਨ ਨਿਸਚਾ ਹੋਵੇ ਕਿ -

*ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ॥*

*ਪੰਨਾ - 612*

ਅਤੇ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ॥*

*ਪੰਨਾ - 677*

ਅਤੇ ਇਹ ਭੀ ਵਿਸ਼ਵਾਸ਼ ਪੂਰਨ ਰੂਪ ਵਿਚ ਹੋਣਾ ਜ਼ਰੂਰੀ ਹੈ ਕਿ ਉਹ ਵਾਹਿਗੁਰੂ ਜੀ, ਜਿਸ ਨੂੰ ਮੈਂ ਬਾਰ ਬਾਰ ਯਾਦ ਕਰਦਾ ਹਾਂ, ਮੇਰੇ ਅੰਦਰ ਪੂਰਨ ਰੂਪ ਵਿਚ ਬਿਰਾਜਮਾਨ ਹਨ। ਇਸ ਨਿਸਚੇ ਨੂੰ ਹੋਰ ਸਪਸ਼ਟ ਕਰਨ ਵਾਸਤੇ ਇਕ ਸਧਾਰਣ ਜਿਹੀ ਮਿਸਾਲ ਇਸ ਪ੍ਰਕਾਰ ਹੈ ਕਿ ਇਕ ਮਹਾਤਮਾ ਆਪਣੇ ਦੋ ਪ੍ਰਮੁਖ ਚੇਲਿਆਂ ਵਿਚੋਂ ਚੋਣ ਕਰਕੇ ਇਕ ਨੂੰ ਆਪਣੀ ਥਾਂ ਸੰਗਤ ਨੂੰ ਉਪਦੇਸ਼ ਕਰਨ ਵਾਸਤੇ ਥਾਪਣਾ ਚਾਹੁੰਦੇ ਸਨ। ਇਸ ਕਾਰਜ ਹਿਤ ਸਾਰੀਆਂ ਸੰਗਤਾਂ

ਦੇ ਸਾਹਮਣੇ ਦੋਨਾਂ ਚੇਲਿਆਂ ਨੂੰ ਬੁਲਾਇਆ ਅਤੇ ਆਪਣਾ ਮੰਤਵ ਦੱਸਿਆ ਅਤੇ ਨਾਲ ਹੀ ਇਹ ਕਿਹਾ ਕਿ ਇਹ ਦੋ ਕਬੂਤਰਾਂ ਵਿਚੋਂ ਇਕ-ਇਕ ਆਪਣੇ ਹੱਥਾਂ ਵਿਚ ਫੜ ਲਓ। ਇਨ੍ਹਾਂ ਨੂੰ ਮਾਰ ਕੇ ਜਿਹੜਾ ਪਹਿਲਾਂ ਮੇਰੇ ਪਾਸ ਪਹੁੰਚ ਜਾਵੇਗਾ, ਉਹ ਇਸ ਪਦਵੀ ਦਾ ਅਧਿਕਾਰੀ ਹੋਵੇਗਾ। ਪਰ ਸ਼ਰਤ ਇਹ ਹੈ ਕਿ ਕਬੂਤਰ ਉਸ ਥਾਂ ਤੇ ਜਾ ਕੇ ਮਾਰਨੇ ਹਨ ਜਿਥੇ ਕੋਈ ਵੀ ਦੇਖਦਾ ਨ ਹੋਵੇ। ਇਹ ਸੁਣਦੇ ਸਾਰ ਇਕ ਚੇਲਾ ਤਾਂ ਦੌੜ ਕੇ ਨੇੜੇ ਹੀ ਇਕ ਮਕਾਨ ਦੇ ਪਿਛੇ, ਉਹਲੇ ਜਿਹੇ ਗਿਆ, ਆਲਾ-ਦੁਆਲਾ ਦੇਖਿਆ ਅਤੇ ਕਬੂਤਰ ਦੀ ਗਰਦਨ ਝਟਪਟ ਮਰੋੜ ਕੇ ਮਹਾਤਮਾ ਦੇ ਕੋਲ ਲਿਆ ਸੁੱਟਿਆ। ਇਸ ਦੇ ਵਿਪ੍ਰੀਤ ਦੂਸਰਾ ਚੇਲਾ ਪਹਿਲਾਂ ਇਕ ਗੰਨੇ ਦੇ ਖੇਤ 'ਚ ਗਿਆ ਅਤੇ ਸੋਚਿਆ ਕਿ ਏਥੇ ਕੋਈ ਦੇਖ ਤਾਂ ਨਹੀਂ ਰਿਹਾ ਪਰ ਉਸੇ ਸਮੇਂ ਗੰਨਿਆਂ ਦੇ ਉਤੇ ਛੋਟੀਆਂ-ਛੋਟੀਆਂ ਟਿੱਡੀਆਂ ਉਡਾਰੀ ਮਾਰਦੀਆਂ ਫਿਰਦੀਆਂ ਦੇਖੀਆਂ ਅਤੇ ਆਪਣੇ ਆਪ ਨੂੰ ਕਿਹਾ ਕਿ ਏਥੇ ਤਾਂ ਇਹ ਜਾਨਵਰ ਦੇਖ ਰਹੇ ਹਨ। ਫੇਰ ਕਬੂਤਰ ਸਮੇਤ ਜੰਗਲ ਵਿਚ ਚਲਾ ਗਿਆ ਤਾਂ ਉਥੇ ਪੰਛੀ ਦੇਖ ਰਹੇ ਸਨ; ਫੇਰ ਇਕ ਟੋਏ ਵਿਚ ਵੜ ਗਿਆ ਅਤੇ ਆਪਣੇ ਉਪਰ ਕਪੜਾ ਲੈ ਲਿਆ ਤੇ ਉਸ ਵੇਲੇ ਮਨ ਵਿਚ ਆਇਆ ਕਿ ਹੁਣ ਇਹਨੂੰ ਮੈਂ ਦੇਖ ਰਿਹਾ ਹਾਂ ਅਤੇ ਇਹ ਮੈਨੂੰ ਦੇਖ ਰਿਹਾ ਹੈ। ਇਹ ਸੋਚ ਕੇ ਉਸ ਨੇ ਆਪਣੀਆਂ ਅੱਖਾਂ ਉਤੇ ਪੱਟੀ ਬੰਨ੍ਹ ਲਈ ਅਤੇ ਕਿਹਾ ਕਿ ਇਥੇ ਹੁਣ ਕੌਣ ਦੇਖ ਰਿਹਾ ਹੈ? ਉਸ ਵੇਲੇ ਆਪਣੇ ਨਿਜ ਕੇ ਪ੍ਰਕਾਸ਼ ਵਿਚ ਦੇਖਿਆ ਕਿ ਸਾਰੀ ਸ੍ਰਿਸ਼ਟੀ ਦਾ ਮਾਲਕ ਕਣ-ਕਣ ਵਿਚ ਵਿਆਪਕ ਹੋ ਕੇ ਆਪਣੀ ਖੇਡ ਦੇਖ ਰਿਹਾ ਹੈ; ਉਹ ਮੈਨੂੰ ਵੀ ਅਤੇ ਕਬੂਤਰ ਨੂੰ ਭੀ ਦੇਖ ਰਿਹਾ ਹੈ। ਇਸ ਕਾਰਨ ਉਹ ਕਬੂਤਰ ਨੂੰ ਮਾਰ ਨਾ ਸਕਿਆ ਅਤੇ ਵਾਪਸ ਮਹਾਤਮਾ ਦੇ ਪਾਸ ਜਿਉਂਦਾ ਹੀ ਕਬੂਤਰ ਲੈ ਕੇ ਉਨ੍ਹਾਂ ਦੇ ਚਰਨਾਂ ਵਿਚ ਭੇਟ ਕਰ ਦਿਤਾ ਅਤੇ ਬੇਨਤੀ ਕੀਤੀ ਕਿ ਮਹਾਰਾਜ! ਮੈਨੂੰ ਐਸੀ ਕੋਈ ਥਾਂ ਨਹੀਂ ਲੱਭੀ ਜਿਥੇ ਕੋਈ ਨ ਦੇਖਦਾ ਹੋਵੇ, ਐਸੀ ਕੋਈ ਗੁਪਤ ਥਾਂ ਨਹੀਂ ਹੈ, ਜਿਥੇ ਪ੍ਰਭੂ ਨ ਤੱਕ ਰਿਹਾ ਹੋਵੇ।

ਐਨੇ ਬਚਨ ਸੁਣ ਕੇ ਮਹਾਤਮਾ ਨੇ ਸੰਗਤ ਵਿਚ ਐਲਾਨ ਕਰ ਦਿਤਾ ਕਿ ਜਿਸ ਪ੍ਰਾਣੀ ਦੇ ਮਨ ਵਿਚ ਵਾਹਿਗੁਰੂ ਦੀ ਹਜ਼ੂਰੀ ਉਤੇ ਐਡਾ ਵਿਸ਼ਵਾਸ਼ ਹੈ ਉਹ ਸੁਰਤਿ ਰਾਹੀਂ ਪਰਮੇਸ਼ਰ ਵਿਚ ਹੀ ਰਹਿੰਦਾ ਹੈ ਇਸ ਕਰਕੇ ਮੈਂ ਆਪਣੀ ਥਾਂ ਤੇ ਇਹਨੂੰ ਹੀ ਥਾਪਦਾ ਹਾਂ ਅਤੇ ਦੂਸਰਾ ਚੇਲਾ ਅੰਦਰੂਨੀ ਨੈਣ ਨ ਹੋਣ ਕਰਕੇ ਅੰਧਕਾਰ ਵਿਚ ਵਸਦਾ ਹੈ ਅਤੇ ਅੰਧਕਾਰ ਵਿਚ ਵਸਦੇ ਪ੍ਰੇਮੀ ਦੇ ਬਚਨ ਭਾਵੇਂ ਕਿੰਨੇ ਹੀ ਸੁੰਦਰ ਕਿਉਂ ਨ ਹੋਣ ਉਹ ਅੰਧਕਾਰ ਵਿਚ ਹੀ ਰਹਿੰਦੇ ਹਨ ਅਤੇ ਕਿਸੇ ਨੂੰ ਠੀਕ ਅਗਵਾਈ ਨਹੀਂ ਦੇ ਸਕਦੇ।

**2. ਗੁਰੂ ਉਤੇ ਵਿਸ਼ਵਾਸ਼** – ਗੁਰੂ ਦੀ ਪਦਵੀ ਬਹੁਤ ਹੀ ਉਚੀ ਹੋਇਆ ਕਰਦੀ ਹੈ। ਜਗਿਆਸੂ ਦੇ ਮਨ ਵਿਚ ਗੁਰੂ ਉਤੇ ਪੂਰਾ ਵਿਸ਼ਵਾਸ਼ ਹੋਵੇ ਤਾਂ ਹੀ ਨਾਮ ਚਿਤ ਆਇਆ ਕਰਦਾ ਹੈ, ਇਸੇ ਪ੍ਰਤੀ ਗੁਰੂ ਜੀ ਦਾ ਫੁਰਮਾਨ ਹੈ ਕਿ –

*ਜਾ ਕੈ ਮਨਿ ਗੁਰ ਕੀ ਪਰਤੀਤਿ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥* ਪੰਨਾ - 283

ਸੰਗਤਾਂ ਗੁਰੂ ਅੰਗਦ ਦੇਵ ਜੀ ਮਹਾਰਾਜ ਜੀ ਦੇ ਦਰਬਾਰ ਵਿਚ ਬੈਠੀਆਂ ਬਚਨ ਸ੍ਵਣ ਕਰ ਰਹੀਆਂ ਸਨ। ਅਚਾਨਕ ਹੀ ਗੁਰੂ ਮਹਾਰਾਜ ਜੀ ਨੇ ਭਾਈ ਬਾਲਾ ਜੀ ਵੱਲ ਦੇਖਦਿਆਂ ਹੋਇਆਂ ਫੁਰਮਾਇਆ ਕਿ ਭਾਈ ਬਾਲਾ ਜੀ! ਤੁਸੀਂ ਗੁਰੂ ਨਾਨਕ ਪਾਤਸ਼ਾਹ ਜੀ ਨਾਲ ਸਾਰੀ ਉਮਰ ਜਿਥੋਂ ਤਕ ਧਰਤੀ ਹੈ ਅਤੇ ਜਿਥੋਂ ਤੱਕ ਵੀ ਆਬਾਦੀ ਹੈ, ਰਹੇ ਹੋ ਅਤੇ ਕੌਤਕ ਦੇਖਦੇ ਹੋ; ਸੋ ਆਪ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ ਹੋ? ਅਤੇ ਕਿਸ ਵਿਸ਼ਵਾਸ਼ ਨਾਲ ਗੁਰੂ ਪਾਤਸ਼ਾਹ ਦੇ ਨਾਲ ਉਦਾਸੀਆਂ ਸਮੇਂ ਸੰਗ ਰਹੇ ਹੋ?

ਤਾਂ ਭਾਈ ਬਾਲਾ ਜੀ ਨੇ ਕਿਹਾ, 'ਕਿ ਮਹਾਰਾਜ! ਗੁਰੂ ਨਾਨਕ ਪਾਤਿਸ਼ਾਹ ਪੂਰਨ ਸੰਤ ਸਨ।' ਇਹ ਸੁਣ ਕੇ ਗੁਰੂ ਮਹਾਰਾਜ ਨੇ ਬਚਨ ਕੀਤਾ, ਭਾਈ ਬਾਲਾ! ਤੁਸੀਂ ਪੂਰਨ ਸੰਤ ਹੋਏ।' ਅਤੇ ਫੇਰ ਆਪ ਜੀ ਨੇ ਬਾਬਾ ਬੁਢਾ ਜੀ ਨੂੰ ਭੀ ਇਹੋ ਪ੍ਰਸ਼ਨ ਪੁਛਿਆ ਤਾਂ ਬਾਬਾ ਜੀ ਨੇ ਫੁਰਮਾਇਆ ਕਿ ਗੁਰੂ ਨਾਨਕ ਪਾਤਸ਼ਾਹ ਤਾਂ ਪੂਰਨ ਬ੍ਰਹਮਗਿਆਨੀ ਸਨ।'

ਤਾਂ ਗੁਰੁ ਮਹਾਰਾਜ ਜੀ ਕਹਿਣ ਲੱਗੇ, 'ਬਾਬਾ ਜੀ, ਤੁਸੀਂ ਬ੍ਰਹਮ ਗਿਆਨੀ ਹੋਏ।' ਅਤੇ ਇਸੇ ਤਰ੍ਹਾਂ ਹੋਰ ਸਿਖਾਂ ਤੋਂ ਉਨ੍ਹਾਂ ਦਾ ਨਿਹਚਾ ਗੁਰੂ ਬਾਬਾ ਜੀ ਬਾਰੇ ਜਾਣਨਾ ਕੀਤਾ ਤਾਂ ਆਪੋ ਆਪਣੇ ਵਿਚਾਰਾਂ ਅਨੁਸਾਰ ਸਾਰਿਆਂ ਨੇ ਉਤਰ ਦਿਤੇ। ਅਖੀਰ ਵਿਚ ਸਾਰੀ ਸੰਗਤ ਨੇ ਗੁਰੂ ਅੰਗਦ ਪਾਤਸ਼ਾਹ ਜੀ ਨੂੰ ਬੇਨਤੀ ਕੀਤੀ ਕਿ ਪਾਤਸ਼ਾਹ! ਆਪ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਕੀ ਸਮਝਦੇ ਸੀ।' ਤਾਂ ਉਸ ਵੇਲੇ ਆਪ ਬਹੁਤ ਗੰਭੀਰ ਹੋ ਗਏ ਅਤੇ ਬਚਨ ਕੀਤਾ ਕਿ ਗੁਰੂ ਨਾਨਕ ਪਾਤਸ਼ਾਹ ਤਾਂ, ਸਾਧ ਸੰਗਤ ਜੀ, ਕਰੋੜਾਂ ਬ੍ਰਹਿਮੰਡਾਂ ਦੇ ਮਾਲਕ ਆਪ ਨਾਰਾਇਣ ਹੀ ਕਲਾ ਧਾਰਿ ਗੁਰੂ ਰੂਪ ਹੋ ਕੇ ਇਸ ਸੰਸਾਰ ਵਿਚ ਪ੍ਰਗਟੇ ਅਤੇ ਆਪ ਦੇ ਹੁਕਮ ਵਿਚ ਕਰੋੜਾਂ ਦੇਵੀ ਦੇਵਤੇ, ਗਣ ਗੰਧਰਬ ਆਦਿ ਆਪ ਦੀ ਮਹਿਮਾ ਗਾਇਨ ਕਰਦੇ ਹਨ। ਸੋ, ਗੁਰੂ ਨਾਨਕ ਪਾਤਸ਼ਾਹ ਤਾਂ ਆਪ ਗੁਰ ਪਰਮੇਸ਼ਰ ਰੂਪ ਵਿਚ ਲੋਕਾਈ ਦੇ ਅਗਿਆਨ ਨੂੰ ਨਾਸ਼ ਕਰਨ ਵਾਸਤੇ ਪ੍ਰਗਟ ਹੋਏ ਸਨ।

ਇਹ ਬਚਨ ਸੁਣ ਕੇ ਸਾਰਿਆਂ ਨੇ ਸੀਸ ਨਿਵਾਇਆ ਅਤੇ ਕਿਹਾ ਕਿ ਪਾਤਸ਼ਾਹ ਆਪ ਇਸੇ ਕਰਕੇ ਹੀ ਪਰਮੇਸ਼ਰ ਬਣ ਗਏ ਹੋ। ਗੁਰਬਾਣੀ ਅੰਦਰ ਪਾਵਨ ਫੁਰਮਾਨ ਹੈ –

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ॥ ਪੰਨਾ - 442*

ਸੋ, ਜੋ ਗੁਰੂ ਅਤੇ ਪਰਮੇਸ਼ਰ ਵਿੱਚ ਭੇਦ ਸਮਝਦਾ ਹੈ ਉਸ ਨੂੰ ਕਦੇ ਵੀ ਪਰਮ ਪਦ ਦੀ ਪ੍ਰਾਪਤੀ ਨਹੀਂ ਹੋ ਸਕਦੀ ਅਤੇ ਜੋ ਗੁਰੂ ਨੂੰ ਮਨੁਖ ਰੂਪ ਵਿੱਚ ਚਿਤਵਨੀ ਕਰਦਾ ਹੈ ਉਹ ਸ਼ਰਧਾ ਤੋਂ ਹੀਣਾ ਕਿਸੇ ਵੀ ਆਤਮਕ ਅਵਸਥਾ ਦੀ ਪ੍ਰਾਪਤੀ ਨਹੀਂ ਕਰ ਸਕਦਾ। ਇਸ ਕਰਕੇ ਜਗਿਯਾਸੂ ਸਦਾ ਹੀ ਗੁਰੂ ਨੂੰ ਪਰਮੇਸ਼ਰ ਦੇ ਰੂਪ ਵਿੱਚ ਦੇਖੇ। ਵੈਸੇ ਕਈ ਤਰ੍ਹਾਂ ਦਾ ਵਿਸ਼ਵਾਸ਼ ਗੁਰੂ ਉਤੇ ਹੁੰਦਾ ਹੈ। ਪਹਿਲਾ ਇਹ ਕਿ 'ਮੇਰਾ ਗੁਰੂ ਇਕ ਚੰਗਾ ਸੰਤ ਹੈ; ਦੂਸਰਾ ਵਿਸ਼ਵਾਸ਼ ਇਹ ਕਿ ਮੇਰਾ ਗੁਰੂ ਸਭ ਸੰਤਾਂ ਤੋਂ ਵੱਡਾ ਸੰਤ ਹੈ, ਤੀਸਰਾ - ਮੇਰਾ ਗੁਰੂ ਪਰਮੇਸ਼ਰ ਵਰਗਾ ਹੀ ਹੈ ਅਤੇ ਚੌਥਾ ਇਹ ਕਿ ਮੇਰਾ ਗੁਰੂ ਤਾਂ ਆਪ ਪਰਮੇਸ਼ਰ ਹੀ ਹੈ।' ਸੋ, ਜਦੋਂ ਤੱਕ ਇਹ ਚੌਥੀ ਧਾਰਨਾ ਵਾਲਾ ਵਿਸ਼ਵਾਸ਼ ਜਗਿਯਾਸੂ ਦੇ ਹਿਰਦੇ ਵਿੱਚ ਉਤਪੰਨ ਨਹੀਂ ਹੁੰਦਾ, ਓਨੇ ਚਿਰ ਤੱਕ ਗੁਰੂ ਦੇ ਅਗਾਧ ਬੋਧ ਬਚਨਾਂ ਤੇ ਕਦਾਚਿਤ ਵਿਸ਼ਵਾਸ਼ ਨਹੀਂ ਉਪਜ ਸਕਦਾ ਅਤੇ ਆਪਣੇ ਮਨ ਦੀ ਮੱਤ ਨਹੀਂ

ਤਿਆਗ ਸਕਦਾ।

3. **ਗੁਰ ਮੰਤਰ ਉਤੇ ਪ੍ਰਤੀਤ** - ਗੁਰੂ ਜੋ ਮੰਤਰ ਦਿੰਦਾ ਹੈ, ਉਸ ਉੱਤੇ ਪ੍ਰਤੀਤ ਨ ਕਰਕੇ ਐਵੇਂ ਵਾਦ-ਵਿਵਾਦ ਵਿੱਚ ਪੈਣਾ ਕਿ ਫਲਾਣਾ ਮੰਤਰ ਉਚਤ੍ਰਮ ਹੈ ਜਾਂ ਫਲਾਣੇ ਗੁਰੂ ਦੀ ਸੰਪਰਦਾ ਵਿੱਚ ਦਿੱਤਾ ਹੋਇਆ ਮੰਤਰ ਛੇਤੀ ਫਲੀਭੂਤ ਹੁੰਦਾ ਹੈ, ਵਿਅਰਥ ਹੈ ਕਿਉਂਕਿ ਐਸੇ ਡੋਲਵੇਂ ਵਿਸ਼ਵਾਸ਼ ਮਨ ਵਿੱਚ ਆਉਣ ਨਾਲ ਗੁਰੂ ਮੰਤਰ ਉਤੇ ਭਰੋਸਾ ਨਹੀਂ ਹੋਣ ਦਿੰਦੇ। ਜਦੋਂ ਤੱਕ ਮੰਤਰ ਉਪਰ ਭਰੋਸਾ ਨਾ ਆਵੇ ਤਾਂ ਆਪਣੇ ਮਨੋਰਥ ਵਿੱਚ ਸਿਧੀ ਪ੍ਰਾਪਤੀ ਨਹੀਂ ਹੁੰਦੀ।

ਇਸ ਪਰਥਾਇ ਮਹਾਂ ਪੁਰਖ ਫੁਰਮਾਉਂਦੇ ਹਨ ਕਿ ਕਿਸੇ ਮਹਾਤਮਾ ਦੇ ਕੋਲ ਇਕ ਭੋਲੇ-ਭਾਲੇ ਜਗਿਯਾਸੂ ਨੇ ਬੇਨਤੀ ਕੀਤੀ ਕਿ ਮਹਾਰਾਜ ਮੈਨੂੰ ਗੁਰ ਮੰਤਰ ਦੀ ਦਾਤ ਬਖਸ਼ੋ ਤਾਂ ਕਿ ਮੈਂ ਉਸ ਦਾ ਜਾਪ ਕਰਕੇ ਆਪਣਾ ਮਨੋਰਥ ਸਿੱਧ ਕਰ ਸਕਾਂ ਅਤੇ ਜੰਮਣ-ਮਰਨ ਦੇ ਚੱਕਰ ਵਿੱਚੋਂ ਛੁਟ ਜਾਵਾਂ।

ਸੰਤਾਂ ਨੇ ਫੁਰਮਾਨ ਕੀਤਾ ਕਿ ਪ੍ਰੇਮੀਆਂ! ਅੰਤਸ਼ਕਰਨ ਵਿੱਚ ਤਿੰਨ ਦੋਸ਼ ਹੋਇਆ ਕਕਦੇ ਨੇ ਅਤੇ ਜਦੋਂ ਤੱਕ ਉਹ ਦੋਸ਼ ਦੂਰ ਨਹੀਂ ਹੁੰਦੇ, ਇਹ ਜੀਵ ਭਗਤੀ ਦਾ ਅਧਿਕਾਰੀ ਨਹੀਂ ਹੁੰਦਾ। ਸੋ ਪਹਿਲਾ ਦੋਸ਼ ਇਹ ਹੈ ਕਿ ਜਨਮਾਂ ਜਨਮਾਂਤਰਾਂ ਵਿੱਚ ਕੀਤੇ ਹੋਏ ਕਰਮਾਂ ਦੀ ਮੈਲ ਅੰਤਸ਼ਕਰਣ ਨੂੰ ਮੈਲਾ ਕਰ ਦਿੰਦੀ ਹੈ ਅਤੇ ਜਦੋਂ ਤੱਕ ਇਹ ਮੈਲ ਨਾ ਉਤਾਰੀ ਜਾਵੇ, ਓਨਾਂ ਚਿਰ ਨਾਮ ਦਾ ਨਿਵਾਸ ਹਿਰਦੇ ਵਿੱਚ ਨਹੀਂ ਹੋ ਸਕਿਆ ਕਰਦਾ ਅਤੇ ਇਸ ਮੈਲ ਨੂੰ ਉਤਾਰਨ ਵਾਸਤੇ ਗੁਰਬਾਣੀ ਦਾ ਵਿਚਾਰ ਸਹਿਤ ਪਠਨ ਪਾਠਨ, ਸ੍ਵਣ ਅਤੇ ਮੰਨਣ ਬਹੁਤ ਹੀ ਜ਼ਰੂਰੀ ਕਰਮ ਹਨ ਅਤੇ ਇਸ ਦੇ ਨਾਲ-ਨਾਲ ਸੰਗਤਾਂ ਦੀ ਸੇਵਾ ਅਤੇ ਹੋਰ ਨਿਸ਼ਕਾਮ ਕਰਮ ਕਰਨੇ ਭੀ ਜ਼ਰੂਰੀ ਹਨ ਕਿਉਂਕਿ ਨਿਸ਼ਕਾਮ ਕਰਮ ਕਰਨ ਦੇ ਨਾਲ ਅੰਤਸ਼ਕਰਣ ਨਿਰਮਲ ਹੋ ਜਾਇਆ ਕਰਦਾ ਹੈ। ਦੂਸਰਾ ਦੋਸ਼ ਅੰਤਸ਼ਕਰਣ ਦਾ, ਵਿਖਸ਼ੇਪਤਾ ਹੁੰਦਾ ਹੈ। ਇਹ ਜੀਵ ਵਾਸ਼ਨਾਵਾਂ ਦੇ ਅਤੀ ਕਰੜੇ ਅਤੇ ਘਣੇ ਜਾਲ ਵਿੱਚ ਫਸਿਆ ਹੋਇਆ ਹੈ ਅਤੇ ਮਾਇਆ ਦੀਆਂ ਭੁੱਲ-ਭੁਲੱਈਆਂ ਵਿੱਚ ਆਪਣੇ ਆਪ ਨੂੰ ਮੂਲੋਂ ਹੀ ਭੁੱਲ ਚੁੱਕਿਆ ਹੈ। ਵਾਸ਼ਨਾਵਾਂ ਦੀ ਪੂਰਤੀ ਲਈ ਬਹੁਤ ਹੀ ਲੰਮੀਆਂ ਉਡਾਰੀਆਂ ਮਾਰਦਾ ਅਤੇ ਦੁਖੀ ਹੁੰਦਾ ਰਹਿੰਦਾ ਹੈ ਜਿਸ ਤਰ੍ਹਾਂ ਕਿ ਗੁਰੂ ਮਹਾਰਾਜ ਦਾ ਫੁਰਮਾਨ ਹੈ -

***ਪੰਖੀ ਬਿਰਖ ਸੁਹਾਵੜੇ ਊਡਹਿ ਊਡਹਿ ਦਹਿਦਿਸ ਜਾਹਿ।।***
***ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ।।***

*ਪੰਨਾ - 66*

ਅਤੇ

***ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ।।***
***ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨਾ ਪਾਇ ਮਾਇ।।***

*ਪੰਨਾ - 50*

ਇਨ੍ਹਾਂ ਵਾਸ਼ਨਾਵਾਂ ਦੀਆਂ ਲਹਿਰਾਂ ਵਿੱਚ ਫਸਿਆ ਹੋਇਆ ਜੀਵ ਹਰ ਵਕਤ ਸੰਕਲਪ ਅਤੇ ਵਿਕਲਪ ਕਰਦਾ ਰਹਿੰਦਾ ਹੈ ਅਤੇ ਦੁਖੀ ਹੋ ਕੇ ਵਿਰਲਾਪ ਕਰਦਾ ਹੈ। ਮਨ, ਇਕਾਗ੍ਰਤਾ ਦੇ ਘਰ ਵਿੱਚ ਟਿਕ ਨਹੀਂ ਸਕਦਾ, ਇਸ ਦੋਸ਼ ਨੂੰ **'ਵਿਖਸ਼ੇਪਤਾ'** ਕਹਿੰਦੇ ਹਨ ਅਤੇ ਇਹ ਦੋਸ਼ ਮਨ ਦੀ ਇਕਾਗ੍ਰਤਾ ਪ੍ਰਾਪਤ ਹੋਣ ਨਾਲ ਜਾਂਦਾ ਹੈ ਜਿਸ ਦੇ ਵਾਸਤੇ ਉਪਾਸ਼ਨਾ ਕਰਨੀ ਪੈਂਦੀ ਹੈ। ਉਪਾਸ਼ਨਾ ਦੇ ਦੋ ਭੇਦ ਹਨ - ਇਕ **'ਬਹਿਰੰਗ ਉਪਾਸ਼ਨਾ'** ਹੁੰਦੀ ਹੈ ਜਿਵੇਂ ਕਿ ਆਪਣੇ ਇਸ਼ਟ ਦੀ ਪ੍ਰਤੱਖ ਰੂਪ ਵਿੱਚ ਉਪਾਸ਼ਨਾ ਕਰਨਾ, ਇਸ਼ਨਾਨ ਕਰਾਉਣਾ ਭੋਗ ਲਵਾਉਣਾ ਅਤੇ ਸੇਵਾ ਕਰਨੀ ਆਦਿ ਉਪਾਸ਼ਨਾ ਦੇ ਅੰਗ ਹੋਇਆ ਕਰਦੇ ਹਨ। ਦੂਸਰੀ **'ਅੰਤ੍ਰੀਵ ਉਪਾਸ਼ਨਾ'** ਇਹ ਹੈ ਕਿ ਸ਼ਬਦ ਦੀ ਧੁਨਿ ਉਪਰ ਬਿਰਤੀਆਂ ਨੂੰ ਸੰਕੋਚ ਕੇ ਸੁਰਤਿ ਨੂੰ ਕੇਂਦ੍ਰਤ ਕਰਨਾ ਜਾਂ ਗੁਰੂ ਦੇ ਸਰੂਪ ਦਾ ਸਾਕਾਰ ਰੂਪ ਵਿੱਚ ਧਿਆਨ ਧਰਨਾ ਅਤੇ ਉਸ ਦੀ ਹਜ਼ੂਰੀ ਵਿੱਚ ਬੈਠ ਕੇ ਭਜਨ ਕਰਨਾ। ਜਦੋਂ ਅੰਤਸ਼ਕਰਣ ਸ਼ੁੱਧ ਹੋ ਜਾਵੇ ਅਤੇ ਅੰਤਸ਼ਕਰਣ ਤੋਂ ਵਿਖਸ਼ੇਪ ਦੋਸ਼ ਦੂਰ ਹੋ ਜਾਵੇ ਤਾਂ 'ਅਵਰਨ' ਦਾ ਪਰਦਾ ਗੁਰੂ ਗਿਆਨ ਤੋਂ ਬਗੈਰ ਨਹੀਂ ਉਤਰਿਆ ਕਰਦਾ।

ਸੋ ਇਹ ਸਾਧਨ ਕਰਨ ਲਈ ਪਹਿਲਾਂ ਤੋਂ ਸੰਗਤਾਂ ਦੀ ਸੇਵਾ-ਸੰਭਾਲ ਕਰਨਾ, ਲੰਗਰ ਤਿਆਰ ਕਰਨਾ, ਬਰਤਨ ਮਾਂਜਣੇ, ਪਾਣੀ ਭਰਨਾ, ਝਾੜੂ ਦੇਣਾ ਇਤਿਆਦਿ ਅਨੇਕ ਕਿਸਮ ਦੀਆਂ ਸੇਵਾਵਾਂ ਹਨ, ਕਰਿਆ ਕਰ। ਇਸ ਪ੍ਰਕਾਰ ਸੇਵਾ ਕਰਦਿਆਂ ਸਮਾਂ ਬੀਤ ਗਿਆ।

ਇਕ ਦਿਨ ਮਹਾਂਪੁਰਖਾਂ ਦੇ ਪਾਸ ਹਾਜ਼ਰ ਹੋ ਕੇ ਗੁਰ ਮੰਤਰ ਲੈਣਾ ਚਾਹੁੰਦਾ ਹੈ ਪਰ ਉਸ ਸਮੇਂ ਮਹਾਤਮਾ ਪਾਸ ਇਕ ਰਾਜੇ ਦੇ ਆਉਣ ਕਰਕੇ ਉਸ ਦੇ ਅਹਿਲਕਾਰਾਂ ਨੇ ਕੀਮਤੀ ਗਲੀਚੇ ਵਿਛਾਏ ਹੋਏ ਸਨ ਅਤੇ ਉਸ ਪ੍ਰੇਮੀ ਦੇ ਪੈਰ ਲਿਬੜੇ ਹੋਏ ਹੋਣ ਕਰਕੇ ਮਹਾਤਮਾ ਨੇ ਉਸਨੂੰ ਦੂਰੋਂ ਹੀ ਆਵਾਜ਼ ਦਿੰਦਿਆਂ ਫੁਰਮਾਨ ਕੀਤਾ - ਪਰ੍ਹੇ-ਪਰ੍ਹੇ-ਪਰ੍ਹੇ-ਪਰ੍ਹੇ-ਪਰ੍ਹੇ। ਉਸ ਪ੍ਰੇਮੀ ਨੇ ਸਮਝਿਆ ਕਿ ਮੈਨੂੰ ਮੰਤਰ ਪ੍ਰਾਪਤ ਹੋ ਗਿਆ ਅਤੇ ਇਸ ਲਈ ਇਸ ਉਪਰ ਪੂਰਾ-ਪੂਰਾ ਵਿਸ਼ਵਾਸ਼ ਕਰਕੇ ਇਸਦਾ ਅਖੰਡ ਜਾਪ ਸ਼ੁਰੂ ਕਰ ਦਿਤਾ। ਜਿਸ ਕਰਕੇ ਥੋੜੇ ਸਮੇਂ ਪਿਛੋਂ ਸ਼ਬਦ ਉਪਾਸ਼ਨਾ ਦੁਆਰਾ ਮਨ ਦੀ ਵਿਖਸ਼ੇਪਤਾ ਦੂਰ ਹੋ ਗਈ ਅਤੇ ਚਿਤ ਇਕਾਗਰ ਹੋ ਗਿਆ ਅਤੇ ਰਸ ਵਿਚ ਰਹਿਣ ਲਗਿਆ ਅਤੇ ਹਰ ਸਮੇਂ ਇਸ ਮੰਤਰ ਦਾ ਅਭਿਆਸ ਕਰਦਾ ਰਿਹਾ ਕਰੇ ਰਿਧੀਆਂ-ਸਿਧੀਆਂ ਸੇਵਾ ਕਰਨ ਲਈ ਹਾਜ਼ਰ ਹੋਣ ਲਗੀਆਂ।

ਇਕ ਦਿਨ ਇਸ ਪ੍ਰੇਮੀ ਨੂੰ ਮਹਾਂਪੁਰਸ਼ਾਂ ਨੇ ਕੁਝ ਪ੍ਰਸ਼ਨਾਂ ਦਾ ਉਤਰ ਲੈਣ ਲਈ ਕਿਸੇ ਦੂਸਰੇ ਮਹਾਤਮਾ ਪਾਸ ਭੇਜਣਾ ਸੀ ਅਤੇ ਜਾਣ ਲਈ ਹੁਕਮ ਦਿਤਾ ਤਾਂ ਇਸ ਦੇ ਚਿਤ ਵਿਚ ਸਫਰ ਨੂੰ ਦੇਖ ਕੇ ਕੁਝ ਚਿਤਵਨੀ ਹੋਈ ਤਾਂ ਘਟ-ਘਟ ਵਿਚ ਵਿਆਪਕ ਪ੍ਰਭੂ ਪ੍ਰਗਟ ਹੋ ਕੇ ਮਹਾਤਮਾ ਵਲੋਂ ਦੱਸੀ ਗਈ ਸੇਵਾ ਨਿਭਾ ਆਇਆ ਅਤੇ ਕੁਛ ਮਿੰਟਾਂ ਵਿਚ ਹੀ ਉਤਰ ਲਿਆ ਕੇ ਮਹਾਤਮਾ ਦੇ ਅੱਗੇ ਪੇਸ਼ ਕਰਨ ਲਗਿਆ। ਮਹਾਤਮਾ ਉਤਰ ਪੜ੍ਹ ਕੇ ਅਸਚਰਜਤਾ ਦੇ ਘਰ ਵਿਚ ਆ ਕੇ ਹੈਰਾਨ ਹੋ ਕੇ ਸੋਚਣ ਲੱਗੇ ਕਿ 'ਮੈਂ ਤਾਂ ਅਜੇ ਇਸ ਪ੍ਰੇਮੀ ਨੂੰ ਮੰਤਰ ਭੀ ਨਹੀਂ ਦਿਤਾ, ਇਹਦੀ ਭਾਵਨਾ ਨੂੰ ਐਨੀ ਛੇਤੀਂ ਫਲ ਕਿਵੇਂ ਲਗ ਗਿਆ ਕਿ ਪ੍ਰਭੂ ਆਪ ਹੀ ਉਤਰ ਲੈ ਕੇ ਆ ਗਿਆ। ਮਹਾਤਮਾ ਸਮਾਧਿਸ਼ਟ ਹੋ ਕੇ ਪ੍ਰਭੂ ਦੇ ਦਰ ਪੁਜੇ ਅਤੇ ਇਹ ਜਾਨਣ ਦੀ ਲਾਲਸਾ ਆਪ ਦੇ ਹਿਰਦੇ ਵਿਚ ਵੇਖ ਕੇ ਪ੍ਰਭੂ ਨੇ ਫੁਰਮਾਇਆ ਕਿ ਇਹ ਮੇਰਾ ਪਰਮ ਭਗਤ ਹੈ ਅਤੇ ਮੈਨੂੰ 'ਪਰ੍ਹੇ-ਪਰ੍ਹੇ' ਕਹਿ ਕੇ ਹਰਦਮ ਯਾਦ ਕਰਦਾ ਹੈ। ਮਹਾਤਮਾ ਜੀ ਇਹ ਸੁਣ ਕੇ ਹੈਰਾਨ ਹੋ ਗਏ ਕਿ ਹੇ ਪ੍ਰਭੂ! ਇਹ ਭੀ ਤੇਰਾ ਨਾਮ ਹੈ? ਪ੍ਰਭੂ ਕਹਿਣ ਲੱਗੇ ਕਿ ਸੰਸਾਰ ਮੈਨੂੰ 'ਅਪਰੰਪਰ' ਆਖਦਾ ਹੈ ਅਤੇ ਮੈਂ ਦ੍ਰਿਸ਼ਟਮਾਨ ਅਤੇ ਅਦ੍ਰਿਸ਼ਟ, ਹੋਂਦ ਤੋਂ ਪਰ੍ਹੇ ਆਪਣੇ ਸਰੂਪ ਵਿਚ ਆਪ ਹੀ ਇਸਥਿਤ ਹਾਂ ਅਤੇ 'ਪਰ੍ਹੇ-ਪਰ੍ਹੇ' ਮੇਰਾ

ਨਾਮ ਇਸ ਪ੍ਰੇਮੀ ਨੇ ਜਪਿਆ ਹੈ।'

ਸੋ, ਐਸੀਆਂ ਕਥਾਵਾਂ ਸੁਣਾ ਕੇ ਮਹਾਂਪੁਰਸ਼ ਗੁਰਮੰਤਰ ਵਿਚ ਪੂਰਨ ਵਿਸ਼ਵਾਸ਼ ਕਰਾਉਣ ਦੀ ਕੋਸ਼ਿਸ਼ ਕਰਦੇ ਹਨ। ਜਦੋਂ ਤਕ ਜਪਣ ਵਾਲੇ ਮੰਤਰ ਵਿਚ ਵਿਸ਼ਵਾਸ਼ ਹੀ ਨਹੀਂ ਹੋਇਆ ਤਾਂ ਮਨ ਡਾਵਾਂ-ਡੋਲ ਰਿਹਾ ਅਤੇ ਇਸ ਕਰਕੇ ਮੰਤਰ ਫਲੀਭੂਤ ਨਹੀਂ ਹੋਇਆ ਕਰਦਾ। ਇਸ ਕਰਕੇ ਨਾਮ ਜਪਣ ਲਈ ਗੁਰੂ ਦੇ ਮੰਤਰ ਉਤੇ ਪ੍ਰਤੀਤ ਹੋਣੀ ਅਤੀ ਜ਼ਰੂਰੀ ਹੈ।

**4. ਨਾਮ ਦੀ ਮਹਿਮਾ ਉਤੇ ਵਿਸ਼ਵਾਸ਼** - ਇਸੇ ਤਰ੍ਹਾਂ ਨਾਮ ਦੀ ਮਹਿਮਾ ਉਤੇ ਜਦੋਂ ਤਕ ਵਿਸ਼ਵਾਸ਼ ਨਹੀਂ ਆਉਂਦਾ ਓਨੇ ਚਿਰ ਤਕ ਨਾਮ ਨੂੰ ਇਕ ਬਹੁਤ ਹੀ ਸਸਤਾ ਜਿਹਾ ਪਦਾਰਥ ਮੰਨਦਾ ਹੈ - ਜਗਿਆਸੂ। ਪਰ ਨਾਮ ਦੀ ਮਹਿਮਾ ਕੇਵਲ ਸੰਤਾਂ ਦੇ ਹਿਰਦੇ ਵਿਚ ਵਸਦੀ ਹੈ ਅਤੇ ਸੰਸਾਰ ਨੂੰ ਅਮੋਲਕ ਨਾਮ ਦੀ ਮਹਿਮਾ ਉਤੇ ਕੋਈ ਭਰੋਸਾ ਨਹੀਂ, ਵਿਸ਼ਵਾਸ਼ ਨਹੀਂ ਅਤੇ ਵਿਸ਼ਵਾਸ਼ ਤੋਂ ਹੀਣਾ ਮਨੁਖ ਨਾਮ ਦੀ ਪ੍ਰਾਪਤੀ ਲਈ ਕੋਈ ਵੀ ਸਾਧਨ ਨਹੀਂ ਕਰਦਾ।

ਮਾਤਾ ਲੋਈ ਅਤੇ ਭਗਤ ਕਬੀਰ ਜੀ ਦੀ ਸਾਖੀ ਸਭ ਨੇ ਸੁਣੀ ਹੈ, ਜਿਸ ਵਿਚ ਮਾਤਾ ਲੋਈ ਜੀ ਨੇ ਇਕ ਰਾਜੇ ਦਾ ਰੋਗ ਦੂਰ ਕਰਨ ਲਈ ਤਿੰਨ ਬਾਰ ਉਸ ਤੋਂ 'ਰਾਮ' ਕਹਾਇਆ ਸੀ। ਪਰ ਤਿੰਨ ਬਾਰ 'ਰਾਮ' ਕਹਾਉਣਾ ਭਗਤ ਕਬੀਰ ਜੀ ਦੇ ਮਨ ਵਿਚ ਨ ਭਾਇਆ ਅਤੇ ਨਰਾਜ਼ਗੀ ਪ੍ਰਗਟ ਕੀਤੀ। ਤਾਂ ਮਾਤਾ ਲੋਈ ਨੇ ਬੇਨਤੀ ਕੀਤੀ, ਮਹਾਰਾਜ! ਮੈਂ ਪਹਿਲੀ ਵਾਰੀ 'ਰਾਮ' ਕਹਾ ਕੇ ਰਾਜੇ ਦੇ ਕਰੋੜਾਂ ਪਾਪਾਂ ਨੂੰ ਖਤਮ ਕੀਤਾ; ਦੂਸਰੀ ਵਾਰ 'ਰਾਮ' ਉਸ ਦੇ ਰੋਗੀ ਸਰੀਰ ਨੂੰ ਅਰੋਗ ਕਰਨ ਵਾਸਤੇ ਕਹਾਇਆ ਅਤੇ ਤੀਸਰੀ ਵਾਰ 'ਰਾਮ' ਉਸਨੂੰ ਮੰਤਰ ਰੂਪ ਦਿਤਾ ਤਾਂ ਕਿ ਫੇਰ ਮੁੜ ਕੇ ਵਿਕਾਰਾਂ ਵਿਚ ਪਰਵਿਰਤ ਨ ਹੋ ਜਾਵੇ।

ਸੋ, ਇਸ ਤਰ੍ਹਾਂ ਨਾਮ ਦੀ ਮਹਿਮਾ ਸੰਤ ਜਨਾਂ ਦੇ ਹਿਰਦਿਆਂ ਵਿਚ ਵਸਦੀ ਹੈ। ਜਦੋਂ ਤਕ ਇਹ ਮਹਿਮਾ ਇਸ ਡਿਗਰੀ ਤਕ ਹਿਰਦੇ ਵਿਚ ਨਹੀਂ ਵਸਦੀ, ਜਗਿਆਸੂ ਨਾਮ ਜਪਣ ਵੇਲੇ ਅਨੇਕਾਂ ਹੀ ਫੁਰਨਿਆਂ ਵਿਚ ਪਿਆ ਰਹਿੰਦਾ ਹੈ।

**5. ਪੰਜਵਾਂ ਗੁਣ ਪ੍ਰਭੂ ਦੀ ਸੱਤਾ ਉਪਰ ਵਿਸ਼ਵਾਸ਼ ਰੱਖਣਾ** - ਕਿ ਸੰਸਾਰ ਵਿਚ ਸਾਰੇ ਹੀ ਜੀਵ ਜੰਤੂ ਹੁਕਮ ਵਿਚ ਕਾਰ ਕਰ ਰਹੇ ਹਨ ਅਤੇ ਹਰ ਜੀਵ ਦੇ ਨਾਲ ਹੁਕਮ ਰਾਹੀਂ ਲੇਖ ਲਿਖੇ ਹੋਏ ਹਨ। ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਜਿਵੇਂ ਕਿ ***'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ'*** ਅਤੇ ***'ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।'*** ਐਸੇ ਅਨੇਕਾਂ ਗੁਰਬਾਣੀ ਦੇ ਫੁਰਮਾਨਾਂ ਰਾਹੀਂ ਇਸ ਜੀਵ ਨੂੰ ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹਿਣ ਲਈ ਪ੍ਰੇਰਿਆ ਗਿਆ ਹੈ ਕਿਉਂਕਿ ਇਸ ਹੁਕਮ ਦੀ ਰਜ਼ਾ ਵਿਚ ਖਿੜੇ ਮਥੇ ਰਹਿਣਾ ਨਾਮ ਦਾ ਸਹਾਇਕ ਹੋਇਆ ਕਰਦਾ ਹੈ ਜਿਵੇਂ ਕਿ ਭਾਈ ਭਿਖਾਰੀ ਜੀ ਦਾ ਪੁਤਰ ਮ੍ਰਿਤੂ ਹੋ ਗਿਆ ਸੀ ਪਰ ਆਪ ਵਿਆਹ ਦੇ ਕਾਰਜ ਦੌਰਾਨ ਭੀ ਇਕ ਰਸ ਬਿਰਤੀ ਵਿਚ ਰਾਜ਼ੀ ਰਹੇ।

**6. ਵਾਸ਼ਨਾਵਾਂ ਤੋਂ ਆਪਣੇ ਮਨ ਨੂੰ ਅਛੋਹ ਰਖਣਾ**- ਕਿਉਂਕਿ ਜਨਮ ਮਰਨ ਦਾ ਹੇਤੂ ਕੇਵਲ ਇਹ ਛਿਨ ਭੰਗਰ ਸੁਖ ਦੇਣ ਵਾਲੀਆਂ ਵਾਸ਼ਨਾਵਾਂ ਹੀ ਹੋਇਆ ਕਰਦੀਆਂ ਹਨ ਅਤੇ ਵਾਸ਼ਨਾਵਾਂ ਦਾ ਬੰਨ੍ਹਿਆਂ ਹੋਇਆ ਜੀਵ ਇਸ ਸੰਸਾਰ ਰੂਪੀ ਭਵਸਾਗਰ ਵਿਚ ਸਦੀਵ ਕਾਲ ਗੋਤੇ ਖਾਂਦਾ ਰਹਿੰਦਾ ਹੈ। ਵਾਸ਼ਨਾਵਾਂ ਦਾ ਅਸਰ ਐਨਾ ਗਹਿਰਾ ਚਲਿਆ ਜਾਂਦਾ ਹੈ ਕਿ ਭੁੱਲਿਆ ਹੀ ਨਹੀਂ ਕਰਦਾ।

ਯੋਗ ਵਸ਼ਿਸ਼ਟ ਵਿਚ ਆਇਆ ਹੈ ਕਿ ਇਕ ਵਾਰ ਵਸ਼ਿਸ਼ਟ ਜੀ, ਜੋ ਕਿ ਸ੍ਰੀ ਰਾਮਚੰਦਰ ਜੀ ਦੇ ਗੁਰੂ ਸਨ, ਨੇ ਸ੍ਰੀ ਰਾਮ ਚੰਦਰ ਜੀ ਤੋਂ ਅਧਿਆਤਮਕ ਸਭਾ ਵਿਚ ਬੈਠਿਆਂ ਉਚੀ-ਉਚੀ ਹੱਸਣ ਦੇ ਕਾਰਨ ਦੀ ਸਪਸ਼ਟਤਾ ਲਈ ਬੇਨਤੀ ਕੀਤੀ, ਤਾਂ ਸ੍ਰੀ ਰਾਮ ਚੰਦਰ ਜੀ ਨੇ ਫੁਰਮਾਇਆ ਕਿ ਮੈਂ ਇਸ ਟੁੱਟੀਆਂ ਹੋਈਆਂ ਲੱਤਾਂ ਵਾਲੇ ਕੀੜੇ ਨੂੰ, ਜੋ ਕਿ ਦੀਵਾਰ ਉਪਰ ਚੜ੍ਹ ਰਿਹਾ ਹੈ, ਦੇਖ ਕੇ ਹੱਸਿਆ ਹਾਂ ਕਿਉਂਕਿ ਇਸ ਦੀ ਮਨੋਬਿਰਤੀ ਜਾਣ ਕੇ ਮੈਨੂੰ ਅਸਚਰਜਤਾ ਹੋਈ ਹੈ ਕਿ ਇਹ ਜੀਵ ਅੱਜ ਤੋਂ ਪਹਿਲਾਂ 14 ਵਾਰ ਸਵਰਗ ਦੇ ਰਾਜੇ ਇੰਦਰ ਦੀ ਪਦਵੀ ਉਤੇ ਸੁਸ਼ੋਭਿਤ ਹੋ ਚੁਕਿਆ ਹੈ ਪਰ ਵਾਸ਼ਨਾਵਾਂ ਦਾ ਬੰਨ੍ਹਿਆਂ ਹੋਇਆ ਚੁਰਾਸੀ ਦੇ ਚੱਕਰ ਵਿਚ ਅਜੇ ਭੀ ਘੁਮੇਟਣੀਆਂ ਖਾ ਰਿਹਾ ਹੈ ਅਤੇ ਅਜੇ ਭੀ ਇਸ ਦੇ ਮਨ ਵਿਚ ਇਹ ਹੈ ਕਿ ਮੈਂ ਮਨੁੱਖ ਦਾ ਜਨਮ ਧਾਰ ਕੇ ਇਕ ਸੌ ਜੱਗ ਨਿਰਵਿਘਨ ਕਰਕੇ ਮੁੜ ਇੰਦਰ ਦੀ ਪਦਵੀ ਪ੍ਰਾਪਤ ਕਰਾਂ। ਇਸ ਮੂਰਖ ਨੂੰ ਇਹ ਗਿਆਨ ਨਹੀਂ ਕਿ ਮੈਂ ਗੁਰੂ ਦੀ ਸੰਗਤ ਕਰਕੇ, ਵਾਸ਼ਨਾਵਾਂ ਦਾ ਤਿਆਗ ਕਰਕੇ ਪਰਮ ਪਦ ਨੂੰ ਪ੍ਰਾਪਤ ਕਰਾਂ ਅਤੇ ਸਦੀਵ ਕਾਲ ਲਈ ਪਰਮ ਸੁਖ ਵਿਚ ਲੀਨ ਹੋ ਜਾਵਾਂ।

ਸੋ, ਇਸ ਪ੍ਰਕਾਰ ਬਹੁਤ ਕਿਸਮ ਦੀਆਂ ਵਾਸ਼ਨਾਵਾਂ ਸਾਡੇ ਅੰਤਸ਼ਕਰਨ ਵਿਚ ਛੁਪੀਆਂ ਪਈਆਂ ਹਨ ਅਤੇ ਇਹ ਨਾਮ ਜਪਣ ਵਿਚ ਬਹੁਤ ਹੀ ਵਿਘਨਕਾਰੀ ਹੋਇਆ ਕਰਦੀਆਂ ਹਨ। ਜਦੋਂ ਤਾਂਈਂ ਅਸੀਂ ਪ੍ਰਭੂ ਦੇ ਹੁਕਮ ਵਿਚ ਨਹੀ ਰਹਿੰਦੇ, ਵਾਸ਼ਨਾਵਾਂ ਸਾਨੂੰ ਜਨਮ ਮਰਨ ਦੇ ਗੇੜ ਵਿਚ ਘੁਮਾਉਂਦੀਆਂ ਹੀ ਰਹਿਣਗੀਆਂ। ਧਨ ਵਾਸ਼ਨਾ, ਪੁਤਰ ਵਾਸ਼ਨਾ, ਲੋਕ ਵਾਸ਼ਨਾ, ਸਵਰਗ ਵਾਸ਼ਨਾ, ਸ਼ਾਸ਼ਤਰ ਵਾਸ਼ਨਾ, ਅਨੁਸ਼ਠਾਨ ਵਾਸ਼ਨਾ, ਰਿਧੀਆਂ-ਸਿਧੀਆਂ ਦੀ ਪ੍ਰਾਪਤੀ ਦੀ ਵਾਸ਼ਨਾ, ਰਾਜਸੀ ਸ਼ਕਤੀ ਦੀ ਪ੍ਰਾਪਤੀ ਦੀ ਵਾਸ਼ਨਾ ਇਤਿਆਦਿ ਅਨੇਕਾਂ ਵਾਸ਼ਨਾਵਾਂ ਅੰਤਸ਼ਕਰਣ ਵਿਚ ਮੌਜੂਦ ਹਨ ਜਿਨ੍ਹਾਂ ਕਰਕੇ ਜੀਵ ਜਨਮ ਮਰਨ ਦੇ ਚੱਕਰ ਵਿਚੋਂ ਨਹੀਂ ਨਿਕਲ ਸਕਦਾ। ਇਸ ਲਈ ਵਾਸ਼ਨਾਵਾਂ ਤੋਂ ਰਹਿਤ ਹੋ ਕੇ ਜਦੋਂ ਗੁਰ ਮੰਤਰ ਦਾ ਜਾਪ ਕਰਾਂਗੇ ਤਾਂ ਇਹ ਸ਼ੀਘ੍ਰ ਹੀ ਫਲੀਭੂਤ ਹੋ ਕੇ ਨਾਮ ਮੰਡਲ ਵਿਚ ਨਿਵਾਸ ਕਰ ਦੇਵੇਗਾ।

**7. ਨਾਮ ਜਪਣ ਲਈ ਦ੍ਰਿੜ੍ਹ ਲਗਨ** - ਜਿਸ ਤਰ੍ਹਾਂ ਭਗਤ ਪ੍ਰਹਿਲਾਦ ਅਤੇ ਭਗਤ ਧ੍ਰੂ ਜੀ ਨੇ ਦ੍ਰਿੜ੍ਹਤਾ ਨਾਲ ਨਾਮ ਦੀ ਅਰਾਧਨਾ ਕੀਤੀ। ਭਗਤ ਧ੍ਰੂ ਨੇ ਨਾਰਦ ਤੋਂ ਉਪਦੇਸ਼ ਪ੍ਰਾਪਤ ਕਰਕੇ ਆਪਣੇ ਆਪ ਨੂੰ ਭਜਨ ਵਿਚ ਲੀਨ ਕਰ ਦਿਤਾ, ਉਸਦੀ ਦ੍ਰਿੜ੍ਹਤਾ ਨੂੰ ਦੇਖ ਕੇ ਜਗਤ ਹੈਰਾਨ ਹੋ ਗਿਆ। ਇਸ ਪਰਥਾਇ ਗੁਰਬਾਣੀ ਅੰਦਰ ਫੁਰਮਾਨ ਹੈ -

***ਨਾਰਦ ਕਹਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ ਲਿਪਟਾਨੋ॥***

***ਪੰਨਾ - 830***

ਇਕ ਥਾਂ ਹੋਰ ਫੁਰਮਾਨ ਹੈ -

***ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ॥***
***ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥***

ਪੰਨਾ-647

ਨਿਸ਼ਕਾਮਤਾ ਸਹਿਤ ਗੁਰੂ ਦੀ ਸੇਵਾ ਕਰਨ ਨਾਲ ਅੰਤਸ਼ਕਰਨ ਵਿਚ ਨਿਰਮਲਤਾਈ ਦਾ ਪ੍ਰਕਾਸ਼ ਹੁੰਦਾ ਹੈ ਅਤੇ ਇਸ ਤਰ੍ਹਾਂ ਜਨਮਾਂ ਜਨਮਾਂਤਰਾਂ ਦੀ ਲੱਗੀ ਹੋਈ ਮੈਲ ਨੂੰ ਨਾਮ ਦਾ ਜਾਪ ਧੋ ਦਿੰਦਾ ਹੈ ਅਤੇ ਸੇਵਾ ਕਰਨ ਨਾਲ ਸ਼ੀਘਰ ਹੀ ਸਿੱਧਤਾ ਪ੍ਰਾਪਤ ਹੋ ਜਾਂਦੀ ਹੈ। ਪਰ ਸੇਵਾ ਕਰਨ ਲਈ ਗੁਰੂ ਮਹਾਰਾਜ ਦੇ ਸਿਧਾਂਤ ਨੂੰ ਅਪਨਾਉਣਾ ਅਤੀ ਜ਼ਰੂਰੀ ਹੈ ਕਿ –

*ਸੇਵਾ ਕਰਤ ਹੋਇ ਨਿਹਕਾਮੀ॥*
*ਤਿਸ ਕਉ ਹੋਤ ਪਰਾਪਤਿ ਸੁਆਮੀ॥* ਪੰਨਾ - 287

ਇਸ ਤੋਂ ਅਗੇ ਦੋ ਵੱਡੇ ਦੋਸ਼ ਹੁੰਦੇ ਹਨ – **ਉਸਤਤਿ ਅਤੇ ਨਿੰਦਾ।** ਆਪਣੀ ਉਸਤਤਿ ਸੁਣ ਕੇ ਮਨੁਖ ਦੇ ਮਨ ਵਿਚ ਬਹੁਤ ਖੁਸ਼ੀ ਹੁੰਦੀ ਹੈ ਅਤੇ ਇਸਦੇ ਵਿਪ੍ਰੀਤ ਨਿੰਦਿਆ ਸੁਣ ਕੇ ਮਨੁਖ ਦਾ ਮਨ ਉਦਾਸੀਨਤਾ ਵਿਚ ਆ ਜਾਂਦਾ ਹੈ। ਫੇਰ ਇਹ ਦੋਵੇਂ – ਉਸਤਤਿ ਅਤੇ ਨਿੰਦਿਆ, ਰਾਗ ਅਤੇ ਦਵੈਸ਼ ਦਾ ਕਲੇਸ਼ ਪੈਦਾ ਕਰਕੇ ਮਨ ਨੂੰ ਵਿਚਲਤ ਕਰਦੀਆਂ ਹਨ ਅਤੇ ਭਜਨ ਕਰਨ ਵਿਚ ਮਨ ਨਹੀਂ ਲਗਦਾ ਸਗੋਂ ਅਨੇਕ ਕਿਸਮ ਦੇ ਫੁਰਨੇ ਉਠਦੇ ਰਹਿੰਦੇ ਹਨ। ਇਸ ਲਈ ਗੁਰੂ ਬਾਬਾ ਜੀ ਨੇ ਇਨ੍ਹਾਂ ਦੋਨਾਂ ਦਾ ਤਿਆਗ ਕਰਾਉਂਦੇ ਹੋਏ ਫੁਰਮਾਨ ਕੀਤਾ ਕਿ ਨਿਰਬਾਣ ਪਦਵੀ ਦੀ ਖੋਜ ਕਰੋ। ਸੋ ਇਸ ਪ੍ਰਕਾਰ ਉਸਤਤਿ ਨਿੰਦਿਆ ਦੋਨੋਂ ਹੀ ਬਹੁਤ ਵਿਘਨਕਾਰੀ ਹਨ। ਇਨ੍ਹਾਂ ਤੋਂ ਇਲਾਵਾ ਹੋਰ ਸ਼ੁਭ ਗੁਣ ਜਿਵੇਂ ਕਿ ਧੀਰਜ, ਖਿਮਾ, ਦਾਨ, ਕੋਮਲ ਹਿਰਦਾ, ਸਤਿ ਦਾ ਜੀਵਨ ਅਤੇ ਕੋਮਲ ਬਚਨ ਕਰਨੇ ਜਗਿਆਸੂ ਦੇ ਰਾਹ ਵਿਚ ਬਹੁਤ ਸਹਾਇਕ ਹੋਇਆ ਕਰਦੇ ਹਨ; ਨਿਰਮਾਣਤਾ, ਭਜਨ ਬੰਦਗੀ ਕਰਨ ਵਾਲੇ ਦਾ ਅਤਿ ਉਤਮ ਭੂਸ਼ਣ (ਗਹਿਣਾ) ਹੋਇਆ ਕਰਦਾ ਹੈ। ਜੀਵਨ ਨੂੰ ਗੁਰੂ ਮਹਾਰਾਜ ਵਲੋਂ ਦੱਸੀ ਮਰਯਾਦਾ ਵਿਚ ਰਖਣਾ ਜਿਵੇਂ ਕਿ –

*ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥* ਪੰਨਾ - 274

*ਕਰਨ ਨ ਸੁਨੈ ਕਾਹੂ ਕੀ ਨਿੰਦਾ॥* ਪੰਨਾ - 274

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥*
ਪੰਨਾ - 1381

*ਵਵਾ ਵੈਰੁ ਨ ਕਰੀਐ ਕਾਹੂ॥*
*ਘਟ ਘਟ ਅੰਤਰਿ ਬ੍ਰਹਮ ਸਮਾਹੂ॥* ਪੰਨਾ - 259
*ਬਿਨ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ॥*

ਇਨ੍ਹਾਂ ਉਪਦੇਸ਼ਾਂ ਦੇ ਪ੍ਰਕਾਸ਼ ਵਿਚ ਜਿਉਣਾ ਹੀ ਮਰਯਾਦਾ ਦਾ ਜੀਵਨ ਹੋਇਆ ਕਰਦਾ ਹੈ।

ਫੇਰ, ਪਵਿੱਤਰਤਾ ਬਹੁਤ ਹੀ ਵੱਡਾ ਗੁਣ ਹੈ। ਸਰੀਰ ਦੀ ਪਵਿਤ੍ਰਤਾ, ਅਨੇਕਾਂ ਰੋਗਾਂ ਅਤੇ ਵਿਘਨਾਂ ਤੋਂ ਬਚਾ ਕੇ ਰਖਦੀ ਹੈ। ਇਸੇ ਵਾਸਤੇ ਅੰਮ੍ਰਿਤ ਵੇਲੇ ਦਾ ਇਸ਼ਨਾਨ ਜ਼ਰੂਰੀ ਦੱਸਿਆ ਹੈ। ਇਸ ਤੋਂ ਉਪਰ ਅਪਣੇ ਵਾਕ ਦੀ ਪਵਿਤ੍ਰਤਾ ਵੀ ਜ਼ਰੂਰੀ ਹੈ ਕਿਉਂਕਿ ਗੁਰੂ ਮਹਾਰਾਜ ਦਾ ਫੁਰਮਾਨ ਹੈ –

*ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥*
ਪੰਨਾ - 15

ਫੇਰ –

*ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥*
*ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥*
*ਫਿਕਾ ਦਰਗਹਿ ਸਟੀਐ ਮੁਹਿ ਥੁਕਾ ਫਿਕੇ ਪਾਇ॥*
*ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥*
ਪੰਨਾ - 473

**8. ਮਨ ਦੀ ਪਵਿੱਤਰਤਾ** – ਮਨ ਵਿਚ ਕਿਸੇ ਨਾਲ ਭੀ ਰਾਗ ਦਵੈਸ਼ ਰੂਪੀ ਮੈਲ ਨ ਰਖੇ, ਕਿਸੇ ਦੀ ਬੁਰਾਈ ਚਿਤਵਣੀ ਨ ਕਰੇ, ਬੁਧੀ ਦੇ ਨਾਲ ਕਿਸੇ ਨੂੰ ਧੋਖਾ ਫਰੇਬ ਕਰਨ ਵਾਲਾ ਸੁਝਾਉ ਨ ਦੇਵੇ।

ਇਸੇ ਤਰ੍ਹਾਂ ਅਹਿੰਸਾ ਰਖੇ, ਅਰਥਾਤ ਹਿੰਸਾ ਤੋਂ ਆਪਣੇ ਮਨ ਨੂੰ ਸਾਫ-ਸੁਥਰਾ ਰਖੇ। ਨ ਹੀ ਸਰੀਰਕ ਹਿੰਸਾ, ਨ ਹੀ ਵਾਕ ਹਿੰਸਾ, ਨ ਹੀ ਮਾਨਸਿਕ ਹਿੰਸਾ ਅਤੇ ਨ ਹੀ ਬੁਧੀ ਰਾਹੀਂ ਹਿੰਸਾ ਅਤੇ ਨ ਹੀ ਆਪਣੀਆਂ ਸ਼ਕਤੀਆਂ ਰਾਹੀਂ ਹਿੰਸਾ ਕਰੇ। ਇਸ ਦੀ ਥਾਂ ਤਨੋ ਮਨੋ ਹੋ ਕੇ ਅਰਦਾਸਿ ਕਰੇ ਕਿ 'ਹੇ ਵਾਹਿਗੁਰੂ! 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ' ਇਸ ਭਾਵਨਾ ਨੂੰ ਮਨ ਵਿਚ ਰਖ ਕੇ ਕਿਸੇ ਪ੍ਰਾਣੀ ਨਾਲ ਵੈਰ ਅਤੇ ਹਿੰਸਾ ਭਾਵਨਾ ਨ ਰਖੇ, ਸਗੋਂ ਅਹਿੰਸਾ ਦਾ ਪਾਲਣ ਕਰੇ। ਲੰਗਰ ਨੂੰ ਵੰਡ ਕੇ ਛਕਣਾ, ਗੁਰੂ ਦਾ ਦਸਵੰਧ ਦੇਣਾ ਆਦਿ ਨਿਰਮਲ ਕਰਮ ਹਨ। ਦਾਨ ਦੇਣ ਦੀ ਬਿਰਤੀ ਮਨੁਖ ਨੂੰ ਮਾਇਆ ਦੇ ਮੋਹ ਤੋਂ ਮੁਕਤ ਕਰ ਦਿੰਦੀ ਹੈ। ਸੰਤੋਖ ਹਿਰਦੇ ਵਿਚ ਧਾਰਨ ਕਰੇ ਅਤੇ ਮਾਨਸਿਕ ਮੌਨ ਦੀ, ਇੰਦ੍ਰੀਆਂ ਦੀ ਖੁੱਲ੍ਹੀ ਉਡਾਰੀ ਨੂੰ ਰੋਕ ਕੇ ਪਾਲਣਾ ਕਰੇ।

ਸੋ ਜਦੋਂ ਅਸੀਂ ਆਪਣੀਆਂ ਗਿਆਨ ਇੰਦ੍ਰੀਆਂ ਨੂੰ ਅਤੇ ਮਨ ਨੂੰ ਸਾਧ ਲਵਾਂਗੇ ਫੇਰ ਸਾਡੇ ਲਈ ਨਾਮ ਜਪਣਾ ਬਹੁਤ ਹੀ ਸਹਿਲ ਹੋ ਜਾਵੇਗਾ।

ਇਸ ਤਰ੍ਹਾਂ ਨਾਲ ਜਦੋਂ ਅਸੀਂ ਆਪਣੀ ਤਨ ਰੂਪੀ ਧਰਤੀ ਨੂੰ ਸਾਧ ਕੇ ਇਸ ਵਿਚ ਜੁਗਤਿ ਅਨੁਸਾਰ ਗੁਰ ਮੰਤਰ ਰੂਪੀ ਨਾਮ ਦਾ ਬੀਜ ਬੀਜਾਂਗੇ ਅਤੇ ਉਪਰ ਦੱਸੇ ਅਨੁਸਾਰ ਕਮਾਈ ਕਰਾਂਗੇ ਤਾਂ ਨਾਮ ਛੇਤੀ ਹੀ ਫਲੀਭੂਤ ਹੋ ਜਾਵੇਗਾ ਅਤੇ ਨਵ ਨਿਧੀਆਂ, ਅਠਾਰਾਂ ਸਿਧੀਆਂ ਪਿਛੇ ਲਗੀਆਂ ਫਿਰਨਗੀਆਂ ਅਤੇ ਨਾਮ ਦੇ ਮੰਡਲ ਵਿਚ ਪਰਵੇਸ਼ ਕਰਕੇ ਨਾਮ-ਅੰਮ੍ਰਿਤ ਨੂੰ ਪੀ ਕੇ ਅਤੇ ਦਿਬ ਦ੍ਰਿਸ਼ਟੀ ਪ੍ਰਾਪਤ ਕਰਕੇ, ਸਾਰੀਆਂ ਘਟਾਂ ਵਿਚ ਪ੍ਰਭੂ ਨੂੰ ਰਮਿਆ ਹੋਇਆ ਵੇਖ ਕੇ ਆਪਣੀ ਹੋਂਦ ਨੂੰ ਪ੍ਰਭੂ ਵਿਚ ਲੀਨ ਕਰਾਂਗੇ ਤਾਂ ਫੇਰ ਇਹ ਜਨਮ ਜਨਮਾਤਰਾਂ ਤੋਂ ਵਿਛੁੜਿਆ ਹੋਇਆ ਜੀਵ, ਪ੍ਰਭੂ ਰੂਪ ਹੋ ਨਿਬੜੇਗਾ ਅਤੇ ਸਾਰਿਆਂ ਦੁਖਾਂ ਤੋਂ ਛੁਟਕਾਰਾ ਪਾ ਕੇ ਆਪਣੇ ਅਸਲੀ ਸਰੂਪ **'ਸਤਿ ਚਿਤ ਅਨੰਦ'** ਵਿਚ ਪ੍ਰਗਟ ਹੋ ਜਾਵੇਗਾ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਏਕ ਮਹਾਨ ਸਾਗਰ ਹੈਂ। ਸਾਗਰ ਮੇਂ ਜੋ ਜਿਤਨੀ ਡੁਬਕੀ ਲਗਾਏਗਾ, ਉਤਨਾ ਹੀ ਉਸ ਕੋ ਕੁਛ ਨਾ ਕੁਛ ਪ੍ਰਾਪਤ ਹੋਗਾ।

*ਡਾ. ਸਵਾਮੀ ਰਾਮ ਜੀ*

(ਲੜੀ ਜੋੜਨ ਲਈ ਵੇਖੋ,
ਮਈ ਅੰਕ, ਪੰਨਾ 34)

# ਮਹਾਂਪੁਰਸ਼ਾਂ ਦੇ ਅਨੁਭਵੀ ਬਚਨ

(ਇਹ ਬਚਨ 121 ਸਾਲ ਪੁਰਾਣੀ ਹੱਥ ਲਿਖਤ ਪੋਥੀ, ਜੋ ਕਿ ਰੱਦੀ ਦੇ ਢੇਰ ਵਿਚੋਂ ਪ੍ਰਾਪਤ ਹੋਈ ਸੀ, ਵਿਚੋਂ ਪਾਠਕਾਂ ਦੇ ਸਮਝ ਆਉਣ ਵਾਲੀ ਸਰਲ ਬੋਲੀ ਵਿਚ ਸੰਤ ਬਾਬਾ ਵਰਿਆਮ ਸਿੰਘ ਜੀ ਵਲੋਂ ਲਿਖਵਾਏ ਗਏ)

**ਹੁਣ ਸਤਵੇਂ ਸਰਗ ਵਿਚ ਪੂਰਬ ਪੱਛਮ ਦਾ ਉਤਰ ਦਿਤਾ ਜਾਵੇਗਾ –**

ਜਦ ਤੂੰ ਇਹ ਪ੍ਰਸ਼ਨ ਕਰਦੈਂ ਕਿ ਇਸ ਮਨੁਖ ਵਿਚ ਪਸ਼ੂਆਂ, ਸ਼ੇਰਾਂ, ਭੂਤਾਂ ਅਤੇ ਦੇਵਤਿਆਂ ਦੇ ਸੁਭਾਅ ਪ੍ਰਗਟ ਹਨ ਸੋ ਇਹ ਵਾਰਤਾ ਮੈਂ ਸਮਝ ਲਈ ਹੈ। ਪਰ ਤੁਸੀਂ ਇਸ ਪ੍ਰਕਾਰ ਕਿਉਂ ਕਹਿੰਦੇ ਹੋ ਕਿ ਮਨੁੱਖ ਦੇਵ ਰਤਨ ਹੈ ਅਤੇ ਕਾਰਨ ਇਸਦਾ ਨਿਰਮਲ ਹੈ। ਇਸਦਾ ਆਪਣਾ ਸੁਭਾਅ ਵੀ ਸ਼ੁਧ ਹੈ ਅਤੇ ਦੂਜੇ ਸੁਭਾਅ ਓਪਰੇ ਹਨ। ਇਸ ਗੱਲ ਨੂੰ ਕਿਵੇਂ ਸਮਝਾਇਆ ਜਾਵੇ।

ਸੋ ਇਸ ਮਨੁੱਖ ਨੂੰ ਭਗਵੰਤ ਨੇ ਨਿਰਮਲ ਸੁਭਾਅ ਦੀ ਪ੍ਰਾਪਤੀ ਵਾਸਤੇ ਪੈਦਾ ਕੀਤਾ ਹੈ ਕਿਉਂਕਿ ਇਹ ਚਾਰ ਪ੍ਰਕਾਰ ਦੇ ਸੁਭਾਅ ਮਨੁਖ ਵਿਚ ਇਕੱਠੇ ਮਿਲੇ ਹੋਏ ਨਾਲ ਹੀ ਉਪਜਦੇ ਹਨ। ਇਸਦਾ ਸੁਭਾਅ ਨਿਰਮਲ ਕਿਵੇਂ ਹੋਇਆ? ਇਸ ਦਾ ਉੱਤਰ ਇਹ ਹੈ ਕਿ ਭਗਵੰਤ ਨੇ ਮਨੁੱਖ ਨੂੰ ਪਸ਼ੂਆਂ ਤੇ ਸ਼ੇਰਾਂ ਤੋਂ ਅਤਮ ਉਤਪਤ ਕੀਤਾ ਹੈ ਅਤੇ ਸਾਰੇ ਪਦਾਰਥਾਂ ਦੀ ਵਡਿਆਈ ਅਤੇ ਕੰਮ ਵੀ ਭਿੰਨ-ਭਿੰਨ ਹਨ। ਜਿਸ ਪਦਾਰਥ ਦੀ ਵਡਿਆਈ ਹੁੰਦੀ ਹੈ ਸੋ ਉਹੀ ਉਸਦਾ ਕਾਰਨ ਕਿਹਾ ਜਾਂਦਾ ਹੈ। ਜਿਵੇਂ ਗਧੇ ਨੂੰ ਬੋਝ ਉਠਾਉਣ ਨਮਿਤ ਪੈਦਾ ਕੀਤਾ ਹੈ, ਘੋੜੇ ਨੂੰ ਇਸ ਨਮਿਤ ਪੈਦਾ ਕੀਤਾ ਹੈ ਕਿ ਉਸਦਾ ਦੌੜਨਾ ਤੇ ਚਲਣਾ ਆਗਿਆ ਅਨੁਸਾਰ ਹੋਵੇ।

ਘੋੜੇ ਵਿਚ ਗਧੇ ਦੀ ਨਿਆਈਂ ਬੋਝ ਉਠਾਉਣ ਦਾ ਬਲ ਵੀ ਰੱਖਿਆ ਹੈ। ਪਰ ਘੋੜੇ ਨੂੰ ਦੌੜਨ ਦੀ ਵਡਿਆਈ ਅਧਿਕ ਪ੍ਰਾਪਤ ਹੋਈ ਹੈ, ਇਹ ਗਧੇ ਵਿਚ ਨਹੀਂ ਹੁੰਦੀ। ਪਰ ਜਦੋਂ ਉਹ ਘੋੜਾ ਆਪਣੀ ਪੂਰਨਤਾਈ ਤੋਂ ਹੀਣਾ ਹੁੰਦਾ ਹੈ, ਮਤਲਬ ਕਿ ਦੌੜਨ ਭੱਜਣ ਤੋਂ ਹੀਣਾ ਹੋ ਜਾਂਦਾ ਹੈ ਤਾਂ ਬੋਝ ਉਠਾਉਣ ਦਾ ਅਧਿਕਾਰੀ ਹੋਣ ਕਰਕੇ ਗਧੇ ਦੀ ਪਦਵੀ ਪ੍ਰਾਪਤ ਕਰ ਲੈਂਦਾ ਹੈ ਅਤੇ ਆਪਣੀ ਵਡਿਆਈ ਦੌੜਨ ਭੱਜਣ ਵਾਲੀ ਨਸ਼ਟ ਹੋ ਜਾਂਦੀ ਹੈ।

ਇਵੇਂ ਹੀ ਜਿਨ੍ਹਾਂ ਪੁਰਖਾਂ ਨੇ ਸਮਝਿਆ ਹੈ ਕਿ ਇਹ ਮਨੁਖ ਖਾਣ ਅਤੇ ਸੌਣ, ਕਾਮ ਆਦਿਕ ਭੋਗ ਭੋਗਣ ਅਤੇ ਧੰਨ ਇਕੱਠਾ ਕਰਨ ਲਈ ਪੈਦਾ ਹੋਇਆ ਹੈ, ਉਹ ਮੂੜ ਹੈ। ਅਜਿਹੇ ਮਨੁਖ ਦੀ ਸਾਰੀ ਉਮਰ ਇਨ੍ਹਾਂ ਕਾਰਜਾਂ ਵਿਚ ਹੀ ਬਤੀਤ ਹੋ ਜਾਂਦੀ ਹੈ। ਜਿਨ੍ਹਾਂ ਨੇ ਇਸ ਪ੍ਰਕਾਰ ਜਾਣਿਆ ਹੈ ਜੋ ਇਹ ਮਨੁਖ ਕ੍ਰੋਧ ਕਰਨ ਅਤੇ ਜਿੱਤਣ ਵਾਸਤੇ ਹੀ ਪੈਦਾ ਹੋਇਆ ਹੈ ਉਹ ਭੀ ਮਹਾਂ ਤਾਮਸੀ ਦੁਸ਼ਟ ਮਨੁਖ ਹੁੰਦੇ ਹਨ। ਇਸ ਕਰਕੇ ਦੋਹਾਂ ਕਿਸਮਾਂ ਦੇ ਮਨੁਖ ਭੁੱਲੇ ਹੋਏ ਹਨ, ਕਿਉਂਕਿ ਬਹੁਤਾ ਅਹਾਰ ਖਾਣਾ ਅਤੇ ਕਾਮ ਆਦਿਕ ਭੋਗ ਭੋਗਣੇ ਤਾਂ ਪਸ਼ੂਆਂ ਵਿਚ ਵੀ ਪਾਏ ਜਾਂਦੇ ਹਨ ਜਿਵੇਂ ਸ਼ੇਰ ਅਤੇ ਬੈਲ ਦਾ ਅਹਾਰ ਇਵੇਂ ਹੀ ਕ੍ਰੋਧ ਕਰਨਾ ਅਤੇ ਪਾੜਨਾ, ਸ਼ੇਰ ਅਤੇ ਚਿੜਿਆਂ ਵਿਚ ਹੁੰਦਾ ਹੈ। ਅਜਿਹੇ ਪਸ਼ੂਆਂ ਦੇ ਸੁਭਾਅ ਮਨੁੱਖ ਨੂੰ ਵੀ ਦਿਤੇ ਹੋਏ ਹਨ ਪਰ ਪਸ਼ੂਆਂ ਤੋਂ ਇਕ ਵਡਿਆਈ ਵੱਧ ਇਸ ਮਨੁਖ ਨੂੰ ਇਹ ਦਿਤੀ ਹੈ ਕਿ ਇਸ ਨੂੰ ਬੁੱਧੀ ਦੀ ਪ੍ਰਾਪਤੀ ਹੈ। ਇਸ ਬੁੱਧੀ ਕਰਕੇ ਹੀ ਇਹ ਭਗਵੰਤ ਨੂੰ ਪਛਾਣਦਾ ਹੈ ਅਤੇ ਅਕਾਲ ਪੁਰਖ ਦੀ ਕਾਰੀਗਰੀ ਨੂੰ ਬੁੱਧੀ ਕਰਕੇ ਹੀ ਪਛਾਣਦਾ ਹੈ ਅਤੇ ਏਸੇ ਕਰਕੇ ਬੁੱਧੀ ਨੂੰ ਕ੍ਰੋਧ ਅਤੇ ਭੋਗਾਂ ਤੋਂ ਬਚਾ ਕੇ ਰਖਦਾ ਹੈ। ਸੋ ਇਸਨੂੰ ਦਿਬਜ ਸੁਭਾਅ ਕਹਿੰਦੇ ਹਨ ਏਸੇ ਸੁਭਾਅ ਕਰਕੇ ਮਨੁਖ ਨੂੰ ਪਸ਼ੂਆਂ, ਸ਼ੇਰਾਂ, ਭੂਤਾਂ ਤੋਂ ਉਤਮ ਕਿਹਾ ਜਾਂਦਾ ਹੈ। ਇਸੀ ਕਾਰਨ ਕਰਕੇ ਸਾਰੀ ਸ੍ਰਿਸ਼ਟੀ ਮਨੁਖ ਦੇ ਅਧੀਨ ਹੈ। ਇਸ ਪਰ ਸਾਂਈ (ਪ੍ਰਭੂ) ਨੇ ਕਿਹਾ ਹੈ ਧਰਤੀ, ਅਕਾਸ਼ ਤੇ ਪਤਾਲ ਵਿਚ ਜਿੰਨੀ ਵੀ ਸ੍ਰਿਸ਼ਟੀ ਹੈ ਇਹ ਸਾਰੀ ਮੈਂ ਤੇਰੀ ਆਗਿਆਕਾਰ ਅਤੇ ਸੇਵਾ ਵਾਸਤੇ ਬਣਾਈ ਹੈ।

ਇਸੀ ਬੁੱਧੀ ਕਰਕੇ ਮਨੁੱਖ ਦੀ ਵਿਸ਼ੇਸ਼ਤਾ ਦੂਜੀਆਂ ਜੂਨਾਂ ਨਾਲੋਂ ਵੱਧ ਹੈ। ਹੋਰ ਜਿੰਨੇ ਸੁਭਾਅ ਮਨੁੱਖ ਵਿਚ ਪਾਏ ਜਾਂਦੇ ਹਨ ਉਹ ਵਾਸਤਵ ਵਿਚ ਮਨੁਖ ਦੇ ਸੁਭਾਅ ਨਹੀਂ ਹਨ। ਪਰ ਦੂਜੀਆਂ ਜੂਨਾਂ ਨੂੰ ਇਸ ਜੀਵ ਦੀ ਟਹਿਲ ਅਤੇ ਕਾਰਜ ਨਮਿਤ ਉਤਪੰਨ ਕੀਤਾ ਹੈ। ਜਦੋਂ ਇਹ ਜੀਵ ਮਰਦਾ ਹੈ ਤਾਂ ਭੋਗਾਂ ਅਤੇ ਕ੍ਰੋਧ ਦੀ ਸਮਗ੍ਰੀ ਸਭ ਨਸ਼ਟ ਹੋ ਜਾਂਦੀ ਹੈ ਪਰ ਜਦੋਂ ਇਸ ਜੀਵ ਦੀ ਬੁੱਧੀ ਸ਼ੁਧ ਹੋ ਜਾਂਦੀ ਹੈ ਅਤੇ ਦੇਵਤਿਆਂ ਵਾਂਗੂੰ ਇਸ ਦਾ ਸੁਭਾਅ ਨਿਰਮਲ ਹੁੰਦਾ ਹੈ ਤਾਂ ਨਿਰਸੰਦੇਹ ਭਗਵੰਤ ਦੀ ਪਛਾਣ ਅਤੇ ਉਸਦੇ ਦਰਸ਼ਨ ਵਿਖੇ ਲੀਨ ਹੁੰਦਾ ਹੈ ਅਤੇ ਚੇਤਨ ਦੇਸ ਵਿਚ ਨਿਵਾਸ ਪ੍ਰਾਪਤ ਕਰਦਾ ਹੈ ਪਰ ਜਦੋਂ ਇਸ ਦੀ ਬੁੱਧੀ ਮਲੀਨ ਅਤੇ ਵਿਪਰੀਤ ਹੁੰਦੀ ਹੈ ਤਦ ਉਹ ਭੋਗਾਂ ਅਤੇ ਕ੍ਰੋਧ ਦੀ ਮਲੀਨਤਾ ਕਰਕੇ ਬੰਧਨ ਵਿਚ ਰਹਿੰਦਾ ਹੈ, ਸੋ ਜਦੋਂ ਉਸ ਦੇਸ਼ ਵਿਖੇ ਵੀ ਜਾਂਦਾ ਹੈ ਤਾਂ ਵੀ ਉਸਦਾ ਮੁੱਖ ਸੰਸਾਰ ਦੇ ਵੱਲ ਰਹਿੰਦਾ ਹੈ।

ਇੰਦ੍ਰੀਆਂ ਆਦਿਕ ਸੁਖਾਂ ਵਿਚ ਲਿਪਾਇਮਾਨ ਹੋਣ ਕਰਕੇ ਉਸਨੂੰ ਵਿਸ਼ਿਆਂ ਦੀ ਖਿੱਚ ਰਹਿੰਦੀ ਹੈ। ਇਸ ਖਿੱਚ ਦੇ ਕਾਰਨ ਉਸਨੂੰ ਅਧੋਗਤੀ ਪ੍ਰਾਪਤ ਹੁੰਦੀ ਹੈ। ਅਧੋਗਤੀ ਦਾ ਅਰਥ ਇਹ ਹੈ ਕਿ ਪਰਲੋਕ ਵਿਖੇ ਪਾਪੀ ਮਨੁੱਖਾਂ ਦਾ ਸੀਸ ਨੀਚੇ ਨੂੰ ਝੁਕਿਆ ਰਹੇਗਾ। ਮਨੁੱਖ ਦੀ ਐਸੀ ਅਵਸਥਾ ਨੂੰ ਸ਼ੈਤਾਨ ਕਹਿੰਦੇ ਹਨ। ਇਸ ਕਰਕੇ ਤੂੰ ਇਸ ਤਰ੍ਹਾਂ ਜਾਣ ਜੋ ਰਿਦੇ ਰੂਪੀ ਦੇਸ ਦੀ ਅਸਚਰਜਤਾ ਹੈ ਉਹ ਅਮਿਤ ਹੈ ਅਤੇ ਵਡਿਆਈ ਇਹ ਹੈ ਜੋ ਇਸ ਮਨੁੱਖ ਦਾ ਰਿਦਾ ਸਾਰੇ ਪਦਾਰਥਾਂ ਤੋਂ ਅਧਿਕ ਅਸਚਰਜ ਰੂਪ ਹੈ। ਪਰ ਬਹੁਤ ਮਨੁੱਖ ਅਚੇਤਤਾ ਕਰਕੇ ਇਸ ਅਸਚਰਜਤਾ ਨੂੰ ਨਹੀਂ ਪਛਾਣਦੇ। ਇਸ ਮਨੁੱਖ ਦੀ ਵਿਸ਼ੇਸ਼ਤਾ ਦੋ ਪ੍ਰਕਾਰ ਕਰਕੇ ਕਹੀ ਹੈ ਸੋ ਇਕ ਵਿਦਿਆ ਹੈ ਅਤੇ ਇਕ ਬਲ ਹੈ। ਵਿਦਿਆ ਕਰਕੇ ਇਹ ਮਨੁੱਖ ਵਿਸ਼ੇਸ਼ ਕਿਹਾ ਜਾਂਦਾ ਹੈ ਅਤੇ ਇਸਨੂੰ ਸਭ ਕੋਈ ਪਛਾਣਦਾ ਹੈ ਅਤੇ ਦੂਸਰੀ ਵਿਦਿਆ ਸੂਖਮ ਅਤੇ ਗੁਹਝ ਹੈ, ਜੋ ਮਹਾਂ-ਦੁਰਲਭ ਹੈ।

ਅਸਥੂਲ ਵਿਦਿਆ ਇਹ ਹੈ ਜੋ ਇਹ ਮਨੁੱਖ ਸਰਬ ਪਦਾਰਥਾਂ ਦੀ ਵਿਦਿਆ ਦਾ ਬੇਤਾ ਹੋ ਸਕਦਾ ਹੈ ਅਤੇ ਨਾਨਾ ਪ੍ਰਕਾਰ ਦੀ ਕਾਰੀਗਰੀ ਨੂੰ ਪਛਾਣ ਲੈਂਦਾ ਹੈ। ਅਨੇਕ ਤਰ੍ਹਾਂ ਦੇ ਗ੍ਰੰਥਾਂ ਦੀ ਵਿਦਿਆ ਨੂੰ ਪੜ੍ਹ ਲੈਂਦਾ ਹੈ; ਜਿਵੇਂ ਵੈਦਿਕ, ਜੋਤਿਸ਼, ਵਿਆਕਰਣ, ਧਰਮ ਸ਼ਾਸਤਰ ਤੇ ਹੋਰ ਅਨੇਕ ਕਿਸਮ ਦੀ ਵਿਦਿਆ ਦੇ ਭੇਦਾਂ ਨੂੰ ਸਮਝਦਾ ਹੈ। ਐਨੇ ਪ੍ਰਕਾਰ ਦੀ ਵਿਦਿਆ ਨੂੰ ਪੜ੍ਹ ਕੇ ਵੀ ਇਸ ਮਨੁੱਖ ਦਾ ਰਿਦਾ ਅਕਾਸ਼ ਵਾਂਗੂੰ ਵਿਸ਼ਾਲ ਹੈ ਕਿ ਇਹ ਅਖੰਡਤਾ ਵਿਚ ਨਹੀਂ ਆਉਂਦਾ ਅਤੇ ਸਾਰ

ਪਦਾਰਥਾਂ ਦਾ ਗਿਆਨ ਇਸ ਵਿਚ ਸਮਾਇਆ ਰਹਿੰਦਾ ਹੈ। ਸਰਬ ਸੰਸਾਰ ਹੀ ਇਸ ਦੀ ਚੇਤਨਤਾ ਵਿਚ ਇਉਂ ਸਮਾ ਜਾਂਦਾ ਹੈ ਜਿਵੇਂ ਸਾਗਰ ਵਿਚ ਬੂੰਦ ਸਮਾ ਜਾਂਦੀ ਹੈ ਔਰ ਇਸ ਚੇਤਨ ਪੁਰਖ (ਜੀਵ) ਦੀ ਐਸੀ ਸੂਖਸ਼ਮ ਗਤੀ ਹੈ ਜੋ ਆਪਣੇ ਕਿੰਚਤ ਸੰਕਲਪ ਕਰਕੇ ਪਤਾਲ ਅਤੇ ਅਕਾਸ਼ ਦਾ ਰਟਨ ਕਰ ਲੈਂਦਾ ਹੈ ਅਤੇ ਉਦੇ ਅਸਤ ਦੇਖ ਆਉਂਦਾ ਹੈ। ਸੋ ਜਦੋਂ ਇਸ ਚੇਤਨ ਦਾ ਸਬੰਧ ਅਸਥੂਲ ਸਰੀਰ ਨਾਲ ਐਸਾ ਦ੍ਰਿੜ ਹੋ ਜਾਂਦਾ ਹੈ ਕਿ ਆਪਣੇ ਆਪ ਨੂੰ ਸਰੀਰ ਸਮਝਣ ਲਗ ਜਾਂਦੀ ਹੈ। ਤਾਂ ਵੀ ਇਸ ਵਿਚ ਸ਼ਕਤੀ ਹੈ ਅਤੇ ਵਿਦਿਆ ਦੇ ਬਲ ਕਰਕੇ ਅਕਾਸ਼ ਦੇ ਨਛੱਤਰਾਂ ਦਾ ਪ੍ਰਮਾਣ ਵੀ ਪਛਾਣਦਾ ਹੈ ਅਤੇ ਇਹ ਵੀ ਜਾਣਦਾ ਹੈ ਕਿ ਅਮਕਾ ਗ੍ਰਿਹ ਅਮਕੇ ਸਥਾਨ ਵਿਖੇ ਆਇਆ ਹੈ, ਅਮਕਾ ਗ੍ਰਹਿ ਉਸ ਤੋਂ ਐਨਾ ਦੂਰ ਹੈ ਅਤੇ ਵਿਦਿਆ ਕਰਕੇ ਹੀ ਮੱਛਲੀ ਨੂੰ ਸਮੁੰਦਰ ਦੀਆਂ ਡੂੰਘਾਈਆਂ ਵਿਚੋਂ ਬਾਹਰ ਕੱਢ ਲੈਂਦਾ ਹੈ ਅਤੇ ਜੋ ਕੁਛ ਇਸ ਜਗਤ ਵਿਚ ਅਸਚਰਜਤਾ ਅਤੇ ਵਿਦਿਆ ਹੈ ਉਨ੍ਹਾਂ ਪੰਗਤੀਆਂ ਨੂੰ ਪੰਜ ਇੰਦ੍ਰੀਆਂ ਕਰਕੇ ਗ੍ਰਹਿਣ ਕਰ ਲੈਂਦਾ ਹੈ। ਪੰਜਾਂ ਇੰਦ੍ਰੀਆਂ ਰਾਹੀਂ ਕੀਤੀ ਵਿਦਿਆ ਨੂੰ ਅਸਥੂਲ ਕਹਿੰਦੇ ਹਨ ਕਿਉਂਕਿ ਇਸ ਨੂੰ ਸਭ ਕੋਈ ਪਛਾਣ ਸਕਦਾ ਹੈ।

ਦੂਜੀ ਸੂਖਮ ਵਿਦਿਆ ਜੋ ਮਹਾਂ ਅਸਚਰਜ ਰੂਪ ਹੈ। ਇਸ ਮਨੁੱਖ ਦੇ ਚਿਤ ਵਿਚ ਇਕ ਖਿੜਕੀ ਹੈ ਜਿਹੜੀ ਦੇਵ ਲੋਕ ਵਲ ਨੂੰ ਖੁੱਲੀ ਹੋਈ ਹੈ। ਜਿਵੇਂ ਇਹ ਪੰਜ ਇੰਦ੍ਰੀਆਂ ਅਸਥੂਲ ਜਗਤ ਵਲ ਨੂੰ ਖੁਲ੍ਹੀਆਂ ਹੋਈਆਂ ਹਨ। ਸੂਖਮ ਦੇਸ਼ ਦਾ ਨਾਮ, ਦੇਵ ਲੋਕ ਹੈ ਅਤੇ ਚੇਤਨ ਦੇਸ਼ ਵੀ ਉਸਨੂੰ ਆਖਦੇ ਹਨ। ਬਹੁਤੇ ਲੋਕ ਤਾਂ ਇਸ ਇੰਦ੍ਰੀਆਂ ਆਦਿਕ ਦੇਸ਼ ਨੂੰ ਹੀ ਸਮਝਦੇ ਹਨ, ਪਰ ਚੇਤਨ ਦੇਸ ਦੀ ਤੁਲਨਾ ਕਰਕੇ ਦੇਖੀਏ ਤਾਂ ਇਹ ਸਰਬ ਜਗਤ ਤੁਛ ਮਾਤਰ ਹੈ। ਚਿਤ ਵਿਖੇ ਜੋ ਬਾਰੀ (ਖਿੜਕੀ) ਕਹੀ ਹੈ, ਉਹਦਾ ਖੋਲਣਾ ਵੀ ਦੋ ਪ੍ਰਕਾਰ ਹੁੰਦਾ ਹੈ। ਪ੍ਰਿਥਮੇ ਜਦੋਂ ਨਿੰਦ੍ਰਾ ਕਰਕੇ ਸਾਰੀਆਂ ਇੰਦ੍ਰੀਆਂ ਦਾ ਮਾਰਗ ਰੋਕਿਆ ਜਾਂਦਾ ਹੈ ਤਾਂ ਸੁਪਨੇ ਵਿਚ ਸੂਖਮ ਦੇਸ ਵਲ ਉਹੀ ਖਿੜਕੀ ਖੁਲਦੀ ਹੈ। ਉਸ ਵਿਚੋਂ ਦੀ ਅਪੂਰਬ ਸ੍ਰਿਸ਼ਟੀ ਨੂੰ ਦੇਖਦਾ, ਉਹ ਦ੍ਰਿਸ਼ਟਾਂਤ ਮਾਤਰ ਕੁਛ ਦੇਖਦਾ ਹੈ। ਜਿਵੇਂ ਸਮੁੰਦਰ ਵਿਚ ਦੇਖੀਏ ਤਾਂ ਪਦਾਰਥਾਂ ਦਾ ਸਰੂਪ ਹੋਰ ਤਰ੍ਹਾਂ ਦਾ ਹੀ ਦ੍ਰਿਸ਼ਟੀ ਆਉਂਦਾ ਹੈ, ਐਵੇਂ ਸੁਪਨੇ ਵਿਚ ਭਵਿੱਖਤ ਕਾਲ ਨੂੰ ਇਸ ਪ੍ਰਕਾਰ ਪਛਾਣਦਾ ਹੈ। ਜਦੋਂ ਉਸ ਸੁਪਨੇ ਦਾ ਵਖਿਆਣ ਕਰੀਏ ਤਾਂ ਜੁਗਤ ਕਰਕੇ ਸਮਝਾਇਆ ਜਾਂਦਾ ਹੈ ਅਨਥਾ (ਹੋਰ ਕਿਸੇ ਤਰੀਕੇ ਨਾਲ) ਨਹੀਂ ਸਮਝਾਇਆ ਜਾਂਦਾ।

ਸੋ ਇਹ ਵਾਰਤਾ ਪ੍ਰਸਿੱਧ ਹੈ ਅਤੇ ਸਭ ਕੋਈ ਜਾਣਦਾ ਹੈ ਕਿ ਜਾਗ੍ਰਤ ਵਿਖੇ ਭਵਿਖਤ ਕਾਲ ਦੀ ਪ੍ਰਗਟਤਾ ਨਹੀਂ ਹੁੰਦੀ ਅਤੇ ਸੁਪਨੇ ਵਿਚ ਅਧਿਕ ਅਥਵਾ ਅਲਪ ਭਵਿਖਤ ਨੂੰ ਸਭ ਕੁਝ ਦੇਖਦਾ ਹੈ। ਸੋ ਉਹ ਦੇਖਣਾ ਇੰਦ੍ਰੀਆਂ ਦੇ ਰਾਹੀਂ ਨਹੀਂ ਹੁੰਦਾ ਅਤੇ ਇਸ ਸੁਪਨੇ ਦਾ ਅਧਿਕ ਭਾਵ ਖੋਲਣਾ ਵੀ ਬਹੁਤ ਵਿਸਥਾਰ ਪੂਰਵਕ ਹੁੰਦਾ ਹੈ। ਸੋ ਇਸ ਕਰਕੇ ਤਾਤਪ੍ਰਜ ਸਮਝਣਾ ਚਾਹੀਦਾ ਹੈ ਕਿ ਇਸ ਜੀਵ ਦਾ ਰਿਦਾ ਸ਼ੀਸ਼ੇ (ਦਰਪਣ) ਵਰਗਾ ਨਿਰਮਲ ਹੈ ਅਤੇ ਈਸ਼ਵਰ ਜੋ ਹਿਰਨ ਗਰਭ ਹੈ, ਉਹ ਵੀ ਸ਼ੁਭ ਦਰਪਨ ਕੀ ਨਿਆਈ ਹੈ। ਉਸਨੂੰ ਮਹਾਂਤੱਤ ਕਿਹਾ ਜਾਂਦਾ ਹੈ। ਅਰਥ ਇਹ ਹੈ ਜੋ ਸਾਰੀ ਸ੍ਰਿਸ਼ਟੀ ਦਾ ਅਸਲੀ ਰੂਪ ਉਹੀ ਹੈ। ਸੋ ਜਿਵੇਂ ਦੋ ਦਰਪਣ ਆਪਸ ਵਿਚ ਸਨਮੁਖ ਹੁੰਦੇ ਹਨ ਤਾਂ ਉਨ੍ਹਾਂ ਦੋਹਾਂ ਦਾ ਪ੍ਰਤੀਬਿੰਬ (ਅਕਸ਼) ਇਕ ਦੂਜੇ ਵਿਚ ਭਾਸਣ ਲਗ ਜਾਂਦਾ ਹੈ। ਇਵੇਂ ਹੀ ਚਿਤ ਰੂਪ ਦਰਪਣ ਜਦੋਂ ਇੰਦ੍ਰੀਆਂ ਆਦਿਕ ਬਿਰਤੀ ਤੋਂ ਭਿੰਨ ਹੁੰਦਾ ਹੈ ਤਾਂ ਹਿਰਨ ਗਰਭ ਜੋ ਅਸਥੂਲ ਜਗਤ ਦਾ ਆਸਰਾ ਹੈ, ਉਸਦਾ ਪ੍ਰਤੀਬਿੰਬ ਚਿਤ ਵਿਚ ਭਾਸਣ ਲਗ ਜਾਂਦਾ ਹੈ ਜਦੋਂ ਤਕ ਇਹ ਚਿਤ ਇੰਦ੍ਰੀਆਂ ਦੇ ਵਿਚ (ਫਸਿਆ) ਰਹਿੰਦਾ ਹੈ, ਤਬ ਲਗ ਸੂਖਮ ਦੇਸ ਦੇ ਪਾਸੇ ਤੋਂ ਆਵਰਨ ਹੁੰਦਾ ਹੈ ਅਤੇ ਸੁਪਨੇ ਵਿਖੇ ਇੰਦ੍ਰੀਆਂ ਦੀ ਬਿਰਤੀ ਨੂੰ ਤਿਆਗ ਜਾਂਦਾ ਹੈ ਏਸ ਕਰਕੇ ਭਵਿਖਤ ਕਾਲ ਨੂੰ ਦੇਖਦਾ ਹੈ। ਪਰ ਇਸ ਵਿਚ ਐਨਾ ਭੇਦ ਹੈ ਜੋ ਸੁਪਨੇ ਵਿਚ ਇੰਦ੍ਰੀਆਂ ਦੀ ਬ੍ਰਿਤ ਰੋਕੀ ਜਾਂਦੀ ਹੈ ਤਾਂ ਵੀ ਸੰਕਲਪ ਦਾ ਰੁਕਣਾ ਨਹੀਂ ਹੁੰਦਾ ਅਤੇ ਚਿਤ ਦਾ ਫੁਰਨਾ ਭਟਕਦਾ ਰਹਿੰਦਾ ਹੈ। ਇਸ ਕਰਕੇ ਸੁਪਨੇ ਵਿਚ ਭਵਿਖਤ ਕਾਲ ਨੂੰ ਮੰਦ ਦ੍ਰਿਸ਼ਟ ਦੀ ਨਿਆਈਂ ਦੇਖਦਾ ਹੈ ਅਤੇ ਪਦਾਰਥ ਨੂੰ ਪ੍ਰਤੱਖ ਨਹੀਂ ਦੇਖਦਾ। ਜਦੋਂ ਇਹ ਜੀਵ ਸਰੀਰ ਨੂੰ ਛੱਡ ਜਾਂਦਾ ਹੈ ਤਾਂ ਇੰਦ੍ਰੀਆਂ ਅਰ ਸੰਕਲਪ ਦੀ ਬਿਰਤੀ ਨਸ਼ਟ ਹੋ ਜਾਂਦੀ ਹੈ। ਇਸ ਕਰਕੇ ਉਸਨੂੰ ਪ੍ਰਲੋਕ ਪ੍ਰਤੱਖ ਭਾਸਣ ਲਗ ਜਾਂਦਾ ਹੈ ਅਤੇ ਨਰਕ ਸੁਰਗ ਨੂੰ ਵੀ ਪ੍ਰਤੱਖ ਦੇਖਦਾ ਹੈ, ਉਸ ਸਮੇਂ ਅਕਾਲ ਪੁਰਖ ਅੱਗੇ ਅਰਦਾਸ ਕਰਨ ਲਗਦਾ ਹੈ ਕਿ ਹੇ ਭਗਵੰਤ! ਤੂੰ ਮੇਰੀ ਸਹਾਇਤਾ ਕਰ।

ਬਹੁੜ ਇਕ ਜੁਗਤ ਇਹ ਜੋ ਅਕਸ਼ ਮਾਤਰ ਜਦੋਂ ਕਿਸੇ ਨੂੰ ਅਚਾਨਕ ਸੰਕਲਪ ਫੁਰ ਆਉਂਦਾ ਹੈ ਤਾਂ ਓਹੀ ਸੰਕਲਪ ਸਤਿ ਰੂਪ ਹੋ ਕੇ ਭਾਸਦਾ ਹੈ ਅਤੇ ਇਉਂ ਜਾਣਿਆ ਜਾਂਦਾ ਹੈ ਕਿ ਇਹ ਸੰਕਲਪ ਕਿਥੋਂ ਆਇਆ ਸੀ? ਇਸ ਕਰਕੇ ਇਨ੍ਹਾਂ ਨੂੰ ਪਛਾਣ ਸਕਦੇ ਹਾਂ ਜੋ ਵਿਦਿਆ ਦਾ ਮਾਰਗ ਕੇਵਲ ਇੰਦ੍ਰੀਆਂ ਹੀ ਨਹੀਂ, ਤਾਂ ਤੇ ਵਿਦਿਆ ਦਾ ਪ੍ਰਗਟ ਹੋਣਾ ਸੂਖਮ ਦੇਸ਼ ਤੋਂ ਹੁੰਦਾ ਹੈ ਅਤੇ ਇੰਦ੍ਰੀਆਂ ਇਸ ਅਸਥੂਲ ਜਗਤ ਦੇ ਗ੍ਰਹਿਣ ਕਰਨ ਨਮਿਤ ਉਤਪੰਨ ਕੀਤੀਆਂ ਹਨ। ਇਸੀ ਕਾਰਨ ਇੰਦ੍ਰੀਆਂ ਕਰਕੇ ਸੂਖਮ ਦੇਸ਼ ਦੀ ਪਛਾਣ ਵਿਚ ਪਟਲ (ਪੜਦਾ) ਹੁੰਦਾ ਹੈ। ਸੋ ਜਬ ਲਗ ਇੰਦ੍ਰੀਆਂ ਦੀ ਵਿਖਸ਼ੇਪਤਾ ਦੂਰ ਨਾ ਹੋਵੇ, ਉਦੋਂ ਤਕ ਸੂਖਮ ਦੇਸ਼ ਨੂੰ ਨਹੀਂ ਪਾਇਆ ਜਾਂਦਾ ਹੈ। ਜੋ ਚਿਤ ਵਿਚ ਜੋ ਬਾਰੀ (ਖਿੜਕੀ) ਕਹੀ ਸੀ, ਉਸਦੇ ਖੁਲਣ ਦਾ ਦੂਸਰਾ ਤਰੀਕਾ ਇਹ ਹੈ ਕਿ ਜਦੋਂ ਕੋਈ ਪੁਰਖ ਇਸ ਜਗਤ ਵਿਚ ਉਦਮ ਅਤੇ ਅਭਿਆਸ ਕਰਕੇ ਇੰਦ੍ਰੀਆਂ ਨੂੰ ਰੋਕੇ ਅਤੇ ਚਿਤ ਨੂੰ ਕ੍ਰੋਧ, ਭੋਗ ਅਤੇ ਮਲੀਨ ਸੁਭਾਅ ਅਤੇ ਸਾਰੀਆਂ ਵਾਸ਼ਨਾਵਾਂ ਤੋਂ ਸੁਧ ਕਰੇ। ਇਕਾਂਤ ਥਾਂ ਵਿਖੇ ਬੈਠ ਕੇ ਮਨ ਨੂੰ ਇਕਾਗਰ ਕਰ ਅਤੇ ਚਿਤ ਦੀ ਬਿਰਤੀ ਚੇਤਨ ਦੇਸ ਵਲ ਲਗਾਵੇ ਅਤੇ ਭਜਨ ਵਿਖੇ ਸਾਵਧਾਨ ਹੋਵੇ ਅਤੇ ਉਸ ਹੀ ਅਭਿਆਸ ਵਿਖੇ ਐਸਾ ਲੀਨ ਹੋਵੇ ਕਿ ਉਸਨੂੰ ਆਪਣਾ ਸਰੀਰ ਅਤੇ ਸਾਰਾ ਜਗਤ ਭੁੱਲ ਜਾਵੇ ਅਤੇ ਉਸਦੇ ਚਿਤ ਵਿਚ ਕਿਸੇ ਪਦਾਰਥ ਦੀ ਪਛਾਣ ਨਾ ਫੁਰੇ। ਜਦੋਂ ਇਸ ਪੁਰਖ ਦੀ ਐਸੀ ਅਵਸਥਾ ਹੋ ਜਾਵੇ ਤਾਂ ਨਿਰਸੰਦੇਹ ਜਾਗ੍ਰਤ ਵਿਚ ਹੀ ਉਸਦੀ ਸੂਖਮ ਦੇਸ਼ ਦੀ ਖਿੜਕੀ ਖੁਲਦੀ ਹੈ। ਅਰ ਦੂਸਰੇ ਪੁਰਖਾਂ ਨੂੰ ਜੋ ਸੁਪਨੇ ਵਿਖੇ ਭਵਿਖਤ ਕਾਲ ਦੀ ਖਬਰ ਹੁੰਦੀ ਹੈ, ਇਸਨੂੰ ਜਾਗ੍ਰਤ ਵਿਖੇ ਹੀ ਫੁਰ ਆਉਂਦੀ ਹੈ ਇਸੇ ਇਕਾਗਰ ਚਿਤ ਨਾਲ ਦੇਵਤਿਆਂ ਅਤੇ ਅਵਤਾਰਾਂ ਦੇ ਸਰੂਪ ਨੂੰ ਪ੍ਰਤੱਖ ਦੇਖਦਾ ਹੈ, ਉਨ੍ਹਾਂ ਤੋਂ ਸਹਾਇਤਾ ਅਤੇ ਬਹੁਤ ਕਿਸਮ ਦਾ ਲਾਭ ਪ੍ਰਾਪਤ ਕਰਦਾ ਹੈ। ਜਿਸਦੇ ਹਿਰਦੇ ਵਿਖੇ ਐਸਾ ਮਾਰਗ ਖੁਲਦਾ ਹੈ, ਉਸਨੂੰ ਹੋਰ ਅਨੇਕ ਪਦਾਰਥਾਂ ਦੀ ਜਾਣਕਾਰੀ ਹੋ ਜਾਂਦੀ ਹੈ ਪਰ ਇਨ੍ਹਾਂ ਦਾ ਉਹ ਵਖਿਆਨ ਨਹੀਂ ਕਰ ਸਕਦਾ। ਇਸੇ ਪਰ ਅੰਬੀਆਇ ਨੇ ਵੀ ਕਿਹਾ ਕਿ ਮੈਂ ਆਪਣੇ ਪ੍ਰਕਾਸ਼ ਕਰਕੇ ਧਰਤੀ ਅਰ ਅਕਾਸ਼ ਨੂੰ ਲਪੇਟ ਲਿਆ ਹੈ ਅਤੇ ਚੜ੍ਹਦੇ ਅਤੇ ਛਿਪਦੇ ਨੂੰ ਮੈਂ ਪ੍ਰਤੱਖ ਦੇਖਿਆ ਹੈ। ਤਾਂ ਤੇ ਸੰਤ ਜਨਾਂ ਦੀ ਜੋ ਸਰਬ ਵਿਦਿਆ ਹੈ, ਸੋ ਉਨ੍ਹਾਂ ਨੂੰ ਵੀ ਆਪਣੇ ਚਿਤ ਦੇ ਮਾਰਗ ਕਰਕੇ ਪ੍ਰਾਪਤ ਹੋਈ ਹੈ ਅਤੇ ਉਨ੍ਹਾਂ ਦਾ ਜਾਨਣਾ ਇੰਦ੍ਰੀਆਂ ਦੇ ਮਾਰਗ ਤੋਂ ਨਹੀਂ ਹੋਇਆ ਪਰ ਪਹਿਲਾਂ ਉਨ੍ਹਾਂ ਨੇ ਵੀ ਜਤਨ ਤੇ ਅਭਿਆਸ ਕੀਤੇ ਹਨ।

ਇਸ ਤੇ ਸਾਂਈ (ਪ੍ਰਭੂ) ਜੀ ਨੇ ਕਿਹਾ ਹੈ ਜੋ ਪਹਿਲਾਂ ਤੁਸੀਂ ਸਾਰੇ

ਪਦਾਰਥਾਂ ਤੋਂ ਵਿਰਕਤ ਅਤੇ ਸੁਧ ਹੋਵੇਂ ਅਤੇ ਫਿਰ ਆਪਣੇ ਆਪ ਮੈਨੂੰ ਸਮਰਪਣ ਕਰ ਦੇਵੋ ਅਤੇ ਮਾਇਆ ਦੇ ਕਾਰਜ ਵਿਚ ਅਸਕਤ (ਫਸਿਆ) ਨਾ ਹੋਵੇ। ਇਸ ਕਰਕੇ ਕਾਰਜ ਤੁਹਾਡੇ ਮੇਰੀ ਸਹਾਇਤਾ ਕਰਕੇ ਸਿਧ ਹੋਣਗੇ। ਕਿਉਂ? ਕਿਉਂਕਿ ਉਦੈ ਅਤੇ ਅਸਤ (ਚੜ੍ਹਦੇ ਅਤੇ ਛਿਪਦੇ) ਵਿਖੇ ਮੇਰੀ ਨਿਆਈ ਹੋਰ ਕੋਈ ਸਮਰਥ ਨਹੀਂ। ਇਸ ਕਰਕੇ ਮੇਰਾ ਹੀ ਆਸਰਾ ਤੱਕੋ ਅਤੇ ਹੋਰ ਕਿਸੇ ਕਾਰਜ ਵਲ ਆਪਣਾ ਚਿਤ ਨਾ ਦੇਵੋ। ਸੋ ਜਦੋਂ ਤੂੰ ਮੇਰਾ ਆਸਰਾ ਲਿਆ ਤਾਂ ਤੂੰ ਆਪਣੇ ਚਿਤ ਨੂੰ ਨੇਹ ਸੰਕਲਪ ਕਰਕੇ ਅਤੇ ਸਾਰੇ ਜਗਤ ਨੂੰ ਨਿਰਸੰਕਲਪ ਕਰ।

ਇਹ ਜੋ ਸਰਬ ਹੀ ਉਪਦੇਸ਼ ਵਰਣਨ ਕੀਤੇ ਹਨ ਉਹ ਜਗਤ ਦੇ ਜੰਜਾਲ ਅਤੇ ਇੰਦ੍ਰੀਆਂ ਆਦਿ ਭੋਗਾਂ ਤੋਂ ਰਿਦੇ ਦੀ ਸੁਧਤਾ ਦੇ ਨਮਿਤ ਕਿਹਾ ਹੈ। ਇਸ ਕਰਕੇ ਜਗਿਆਸੂਆਂ ਅਤੇ ਸੰਤਾਂ ਦਾ ਆਦਿ ਮਾਰਗ ਇਹੀ ਹੈ।

ਹੋਰ ਸ਼ਾਸ਼ਤਰ੍ਹਾਂ ਦੀ ਵਿਦਿਆ ਦਾ ਪੜ੍ਹਨਾ ਅਤੇ ਉਨ੍ਹਾਂ ਦੇ ਭੇਦਾਂ ਨੂੰ ਸਮਝਣਾ, ਇਹ ਪੰਡਤਾਂ (ਬੁਧੀ ਜੀਵੀਆਂ) ਦਾ ਮਾਰਗ ਹੈ। ਇਹ ਮਾਰਗ ਵੀ ਉਤਮ ਅਤੇ ਵਿਸ਼ੇਸ਼ਤਾ ਰੱਖਦਾ ਹੈ ਪਰ ਸੰਤ ਜਨਾਂ ਦੀ ਵਿਦਿਆ ਦੀ ਤੁਲਨਾ ਵਿਚ ਇਹ ਤੁਛ ਮਾਤਰ ਹੈ। ਕਿਉਂ? ਸੰਤ ਜਨਾਂ ਦੀ ਵਿਦਿਆ ਐਸੀ ਹੈ ਜੋ ਕਿਸੇ ਸ਼ਾਸ਼ਤਰ ਅਰ ਉਪਦੇਸ਼ ਦੇ ਅਧੀਨ ਨਹੀਂ ਹੈ। ਉਨ੍ਹਾਂ ਦੇ ਰਿਦੇ ਵਿਖੇ ਭਗਵੰਤ ਦੀ ਸਹਾਇਤਾ ਕਰਕੇ ਸਰਬ ਦੇ ਅਨੁਭਵ ਦਾ ਮੇਘ ਵਰ੍ਹਦਾ ਹੈ। ਇਹ ਵਾਰਤਾ ਬਹੁਤੇ ਪੁਰਖਾਂ ਨੂੰ ਪ੍ਰਾਪਤ ਹੋਈ ਹੈ ਅਤੇ ਉਨ੍ਹਾਂ ਦੀ ਅਵਸਥਾ ਐਸੀ ਹੀ ਦ੍ਰਿੜ ਭਈ ਹੈ ਜੋ ਸ਼ਾਸ਼ਤਰਾਂ ਦੇ ਬਚਨ ਅਤੇ ਆਪਣੀ ਸੁਧ ਜਾਣਕਾਰੀ ਕਰਕੇ ਭੀ ਪ੍ਰੱਤਖ ਭਾਸਦੀ ਹੈ। ਇਸ ਕਰਕੇ ਤੈਨੂੰ ਵੀ ਇਹ ਸਮਝਣਾ ਚਾਹੀਦਾ ਹੈ ਕਿ ਇਸ ਅਵਸਥਾ ਦੇ ਪ੍ਰਾਪਤ ਹੋਣ ਦੀ ਪ੍ਰਤੀਤ ਤੇਰੇ ਰਿਦੇ ਵਿਚ ਦ੍ਰਿੜ ਹੋ ਜਾਵੇ ਅਤੇ ਤੂੰ ਮਨਮੁਖ ਨਾ ਹੋ ਜਾਵੇਂ। ਸੰਤ ਜਨਾਂ ਦੀ ਅਵਸਥਾ ਅਤੇ ਵਿਦਵਾਨਾਂ ਦਾ ਮਾਰਗ ਅਤੇ ਉਨ੍ਹਾਂ ਦੀ ਪ੍ਰਤੀਤ ਤੋਂ ਅਪ੍ਰਾਪਤ ਨਾ ਹੋਵੇਂ। ਪਰ ਇਹ ਜੋ ਅਵਸਥਾ ਵਰਣਨ ਵਿਖੇ ਆਈ ਹੈ, ਸੋ ਇਸ ਮਨੁਖ ਦੇ ਰਿਦੇ ਦੀ ਅਸਚਰਜਤਾ ਇਹੀ ਹੈ ਇਸੇ ਹੀ ਕਰਕੇ ਮਨੁੱਖ ਦੀ ਵਿਸ਼ੇਸ਼ਤਾ ਕਹੀ ਹੈ। ਬਹੁੜਿ ਇਸ ਪ੍ਰਕਾਰ ਅਨੁਮਾਨ ਵੀ ਨਹੀਂ ਕਰਨਾ ਚਾਹੀਦਾ ਕਿ ਇਹ ਅਵਸਥਾ ਪਹਿਲਾਂ ਹੀ ਸੰਤਾਂ ਜਾਂ ਮਹਾਂਪੁਰਸ਼ਾਂ ਨੂੰ ਪ੍ਰਾਪਤ ਹੋਈ ਹੈ ਕਿ ਇਹ ਅਵਸਥਾ ਪਹਿਲੇ ਸੰਤ ਜਨਾਂ ਅਤੇ ਅਵਤਾਰਾਂ ਨੂੰ ਪ੍ਰਾਪਤ ਹੋਈ ਹੈ ਅਤੇ ਇਸ ਸਮੇਂ ਕਿਸੇ ਨੂੰ ਵੀ ਪ੍ਰਾਪਤ ਨਹੀਂ ਹੁੰਦੀ। ਇਹ ਅਜੋਗ ਹੈ ਕਿਉਂਕਿ ਆਦਿ ਉਤਪਤ ਵਿਖੇ ਸਾਰੇ ਮਨੁੱਖਾਂ ਦਾ ਰਿਦਾ ਇਸ ਪਦ ਦਾ ਅਧਿਕਾਰੀ ਹੁੰਦਾ ਹੈ ਜਿਵੇਂ ਸਾਰਾ ਹੀ ਲੋਹਾ ਨਿਰਮਲ ਹੋ ਕੇ ਸ਼ੀਸ਼ੇ (ਦਰਪਣ) ਦਾ ਅਧਿਕਾਰੀ ਹੁੰਦਾ ਹੈ। ਪਰ ਜੇ ਕੋਈ ਜੰਗਾਲ ਕਰਕੇ ਮਹਾਂ ਮਲੀਨ ਹੋ ਜਾਵੇ ਤਾਂ ਉਸਦੀ ਨਿਰਮਲਤਾਈ ਨਸ਼ਟ ਹੋ ਜਾਂਦੀ ਹੈ ਅਤੇ ਉਸ ਵਿਚੋਂ ਕੁਝ ਵੀ ਨਜ਼ਰ ਨਹੀਂ ਪੈਂਦਾ। ਇਵੇਂ ਜਿਸ ਪੁਰਖ ਦਾ ਰਿਦਾ ਮਾਇਆ ਦੀ ਤ੍ਰਿਸ਼ਨਾ, ਭੋਗਾਂ ਦੀ ਅਭਿਲਾਖਾ ਕਰਕੇ ਅਤੇ ਪਾਪ ਕਰਮਾਂ ਕਰਕੇ ਮਲੀਨ ਹੋ ਜਾਵੇ, ਉਸ ਉਤੇ ਬੁਰੇ ਸੁਭਾਅ ਪ੍ਰਬਲ ਹੋ ਜਾਣ ਤਾਂ ਨਿਰਸੰਦੇਹ ਉਸਦੀ ਮਨੁੱਖਤਾਈ ਨਸ਼ਟ ਹੋ ਜਾਂਦੀ ਹੈ ਅਤੇ ਉਸਨੂੰ ਪ੍ਰਮ ਪਦ ਪਾਉਣ ਦਾ ਕੋਈ ਅਧਿਕਾਰ ਨਹੀਂ ਰਹਿੰਦਾ। ਇਸ ਪਰ ਕਿਹਾ ਹੈ ਜੋ ਆਦਿ ਉਤਪਤ ਵਿਖੇ ਸਭੀ ਬਾਲਕੋਂ ਕਾ ਏਕ ਧਰਮ ਹੁੰਦਾ ਹੈ, ਪਰ ਪਿਛੋਂ ਮਾਤਾ ਪਿਤਾ ਦੀ ਸੰਗਤ ਕਰਕੇ ਉਨ੍ਹਾਂ ਦਾ ਨਿਸ਼ਚਾ ਭਿੰਨ-ਭਿੰਨ ਹੋ ਜਾਂਦਾ ਹੈ ਇਸ ਤੇ ਸਾਂਈ (ਪ੍ਰਭੂ) ਜੀ ਨੇ ਕਿਹਾ ਹੈ - ਤੁਮਾਰਾ ਮੈਂ ਈਸਵਰ ਹੂੰ ਅਰ ਤੁਮ ਮੇਰੇ ਉਤਪਤ ਕੀਏ ਹੂਏ ਹੋ। ਤਬ ਸਭ ਜੀਵੋ ਨੇ ਇਸ ਬਚਨ ਨੂੰ ਸਤਿ ਕਰਕੇ ਮੰਨਿਆ ਹੈ।

ਸੋ ਇਸ ਬਚਨ ਵਿਖੇ ਸਿਧ ਹੂਆ ਜੋ ਇਹ ਅਵਸਥਾ ਦੇ ਪ੍ਰਾਪਤ ਕਰਨ ਦਾ ਸਭ ਨੂੰ ਅਧਿਕਾਰ ਹੈ ਇਸ ਵਿਚ ਕੋਈ ਭੇਦ ਨਹੀਂ। ਜਿਵੇਂ ਬੁਧੀਵਾਨ ਪੁਰਖ ਇਸ ਵਾਰਤਾ ਨੂੰ ਪ੍ਰਤੱਖ ਜਾਣਦਾ ਹੈ, ਉਸਨੇ ਭਾਵੇਂ ਕਿਸੇ ਤੋਂ ਸੁਣਿਆ ਨਹੀਂ ਪਰ ਇਸ ਬਚਨ ਨੂੰ ਨਿਰਸੰਦੇਹ ਸਮਝਦਾ ਹੈ। ਇਸੇ ਤਰ੍ਹਾਂ ਹੀ ਜੀਵਾਂ ਦਾ ਆਦਿ ਉਤਪਤ ਵਿਖੇ ਇਹ ਨਿਸ਼ਚਾ ਦ੍ਰਿੜ ਹੈ। ਜੋ ਅਸਾਡਾ ਉਤਪਤ ਕਰਤਾ ਵੀ ਈਸ਼ਵਰ ਹੈ। ਧਰਤੀ ਅਤੇ ਅਕਾਸ਼ ਨੂੰ ਵੀ ਉਸ ਨੇ ਅਸਥਿਤ ਕੀਤਾ ਹੈ। ਤਾਂ ਤੇ ਇਹ ਵਾਰਤਾ ਆਪਣੀ ਅਨੁਭਵ ਅਰ ਬੁਧ ਕੀ ਜੁਗਤ ਕਰਕੇ ਅਸੀਂ ਪ੍ਰਤੱਖ ਸਮਝੀ ਹੈ ਸੋ ਉਸ ਪ੍ਰਮ ਪਦ ਦਾ ਪ੍ਰਾਪਤ ਹੋਵਣਾ ਕੇਵਲ ਉਨ੍ਹਾਂ ਦਾ ਹੀ ਅਧਿਕਾਰ ਨਹੀਂ, ਜੋ ਵੀ ਦ੍ਰਿੜ ਅਭਿਆਸ ਨਾਲ ਇੰਦ੍ਰੀਆਂ ਤੇ ਮਨ ਦੇ ਫੁਰਨਿਆਂ ਨੂੰ ਰੋਕ ਕੇ ਚਿਤ ਦੀ ਇਕਾਗਰਤਾ ਕਰਕੇ ਸਾਧਨ ਕਰੇਗਾ, ਉਸਨੂੰ ਵੀ ਇਹ ਅਵਸਥਾ ਪ੍ਰਾਪਤ ਹੋ ਜਾਂਦੀ ਹੈ।

ਇਸ ਬਚਨ ਦਾ ਤਾਤਪ੍ਰਜ ਹੈ ਕਿ ਜਿਸ ਪੁਰਖ ਨੂੰ ਅਜਿਹੀ ਅਵਸਥਾ ਪ੍ਰਾਪਤ ਹੋਵੇ ਅਤੇ ਸਾਰਿਆਂ ਜੀਵਾਂ ਨੂੰ ਉਪਦੇਸ਼ ਕਰਕੇ ਕਲਿਆਣ ਦਾ ਮਾਰਗ ਦਿਖਾਵੇ ਤਾਂ ਉਸਨੂੰ ਅਵਤਾਰ ਕਿਹਾ ਜਾਂਦਾ ਹੈ। ਉਸ ਦੇ ਬਚਨ ਹੀ ਧਰਮ ਸ਼ਾਸ਼ਤ੍ਰ ਮੰਨੇ ਜਾਂਦੇ ਹਨ। ਅਰ ਜਿਸਨੂੰ ਇਹ ਅਵਸਥਾ ਵੀ ਪ੍ਰਾਪਤ ਹੋਵੇ ਅਤੇ ਉਸ ਵਿਚ ਉਪਦੇਸ਼ ਕਰਨ ਦਾ ਬਲ ਵੀ ਹੋਵੇ ਪਰ ਪਹਿਲਾਂ ਕਿਸੇ ਮਹਾਂਪੁਰਸ਼ ਦਾ ਉਪਦੇਸ ਵਰਤਮਾਨ ਹੋਵੇ ਤਬ ਇਸ ਕਰਕੇ ਉਹ ਉਪਦੇਸ਼ ਨਾ ਕਰੇ ਤਾਂ ਉਸ ਪੁਰਖ ਦੀ ਅਵਸਥਾ ਕੁਛ ਖੰਡ ਨਹੀਂ ਹੁੰਦੀ ਅਤੇ ਤੈਨੂੰ ਵੀ ਇਸ ਵਾਰਤਾ ਦੀ ਪ੍ਰਤੀਤੀ ਚਾਹੀਦੀ ਹੈ। ਅਰ ਜਦ ਇਸ ਉਪਦੇਸ਼ ਦੇ ਪ੍ਰਾਪਤ ਹੋਣ ਦੇ ਮੂਲ ਜਤਨ ਅਤੇ ਅਭਿਆਸ ਹੋਣ, ਤਾਂ ਹੀ ਭਗਵੰਤ ਦੀ ਸਹਾਇਤਾ ਨਾਲ ਪਹੁੰਚ ਸਕਦੇ ਹਾਂ; ਆਪਣੇ ਬਲ ਨਾਲ ਪਹੁੰਚਣਾ ਕਠਨ ਹੈ ਕਿਉਂਕਿ ਮਾਰਗ ਵਿਚ ਵਿਘਨ ਪਾਉਣ ਵਾਲੇ ਸ਼ਤ੍ਰੂ ਵੀ ਬਹੁਤ ਹਨ। ਜਿਹੜਾ ਪਦਾਰਥ ਦੁਰਲਭ ਹੁੰਦਾ ਹੈ, ਉਸਦਾ ਪਾਉਣਾ ਵੀ ਦੁਰਲਭ ਹੁੰਦਾ ਹੈ ਅਤੇ ਉਸ ਪਦਾਰਥ ਨੂੰ ਪਾਉਣ ਵਾਸਤੇ ਜੁਗਤੀਆਂ ਬਹੁਤ ਚਾਹੀਦੀਆਂ ਹਨ। ਇਸੇ ਕਰਕੇ ਕਿਹਾ ਹੈ ਕਿ ਸਭ ਖੇਤੀ ਬੀਜਣਹਾਰੇ, ਪੂਰੇ ਅਨਾਜ ਨੂੰ ਪ੍ਰਾਪਤ ਨਹੀਂ ਕਰਦੇ ਅਤੇ ਸਾਰੇ ਢੂੰਢਣਹਾਰੇ ਆਪਣੀ ਪਿਆਰੀ ਵਸਤੂ ਨੂੰ ਨਹੀਂ ਪਾਉਂਦੇ ਕਿਉਂਕਿ ਬਹੁਤ ਸਾਰੇ ਵਿਘਨ ਪੈਣ ਕਰਕੇ ਪੂਰੀ ਪ੍ਰਾਪਤੀ ਨਹੀਂ ਹੁੰਦੀ। ਇਹ ਜੋ ਸਾਰਾ ਕੁਛ ਦੱਸਿਆ ਹੈ ਉਹ ਇਸ ਮਨੁੱਖ ਦੀ ਬੂਝ ਅਰ ਉਤਮ ਅਵਸਥਾ ਕਰਕੇ ਦੱਸਿਆ ਹੈ, ਇਸ ਨੂੰ ਪ੍ਰਾਪਤ ਨਹੀਂ ਕਰ ਸਕਦਾ। ਜਗਿਆਸੂ ਅਤੇ ਸਤਿਗੁਰੂ ਦੀ ਸੰਗਤ ਵੀ ਪ੍ਰਾਪਤ ਹੋਵੇ ਤਾਂ ਭੀ ਸਰਬ ਪ੍ਰਕਾਰ ਕਰਕੇ ਭਗਵੰਤ ਦੀ ਸਹਾਇਤਾ ਦੀ ਲੋੜ ਹੈ ਕਿਉਂਕਿ ਉਸਦੀ ਸਹਾਇਤਾ ਬਿਨਾਂ ਕੋਈ ਕਾਰਜ ਸਿਧ ਨਹੀਂ ਹੁੰਦਾ। ਇਸ ਤੇ ਕਿਹਾ ਵੀ ਹੈ - ਜੋ ਪੁਰਖਾਰਥ ਅਤੇ ਵਡਿਆਈ ਵੀ ਉਸੀ ਨੂੰ ਪ੍ਰਾਪਤ ਹੁੰਦੀ ਹੈ ਜਿਸਨੂੰ ਭਗਵੰਤ ਦੇਂਦਾ ਹੈ ਅਤੇ ਧਰਮ ਦਾ ਮਾਰਗ ਵੀ ਉਹੀ ਦੇਖਦਾ ਹੈ ਜਿਸਨੂੰ ਸਾਂਈ ਆਪ ਦਿਖਾਉਂਦਾ ਹੈ।

- ਚਲਦਾ -

**ਹਰ ਪੂਰਨਮਾਸ਼ੀ ਨੂੰ ਰਤਵਾੜਾ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਹੁੰਦਾ ਹੈ।**

# ਸੰਤ ਬਚਨ

(ਸੰਤ ਰਾੜੇ ਸਾਹਿਬ ਵਾਲਿਆਂ ਦੇ ਅੰਮ੍ਰਿਤ ਬਚਨ)

ਸੰਤ ਬਾਬਾ ਵਰਿਆਮ ਸਿੰਘ ਜੀ
ਵਿ. ਗੁ. ਰੂ. ਮਿਸ਼ਨ

1961, ਮਈ ਵਿਚ ਆਪ ਜੀ ਦੇ ਸਤਿਸੰਗ ਵਿਚ ਬਹੁਤ ਵੱਡੇ ਇਕੱਠ ਹੋਇਆ ਕਰਦੇ ਸਨ ਅਤੇ ਅੰਮ੍ਰਿਤ ਵੇਲੇ ਦਫਤਰਾਂ ਵਿਚ ਜਾਣ ਦੇ ਸਮੇਂ ਤੋਂ ਪਹਿਲਾਂ ਬਹੁਤ ਸਾਰੇ ਸੂਝਵਾਨ ਪ੍ਰੇਮੀ ਆਪ ਜੀ ਦੇ ਅੰਮ੍ਰਿਤ ਬਚਨ ਸੁਣਨ ਲਈ ਆਇਆ ਕਰਦੇ ਸਨ। ਅੱਜ ਦਾ ਪ੍ਰਸ਼ਨ -

**ਪ੍ਰਸ਼ਨ** - ਆਪ ਜੀ ਨੇ ਦੀਵਾਨ ਵਿਚ ਜਗਿਆਸੂਆਂ ਦਾ ਜ਼ਿਕਰ ਕੀਤਾ ਸੀ, ਕ੍ਰਿਪਾ ਕਰਕੇ ਸੰਗਤ ਦੀ ਗਿਆਤ ਲਈ ਵਿਸਥਾਰ ਸਹਿਤ ਪ੍ਰਕਾਸ਼ ਪਾਉਣ ਦੀ ਮਿਹਰ ਕਰੋ?

**ਉਤਰ** - ਇਸ ਸੰਸਾਰ ਅੰਦਰ ਉਤਮ, ਮੱਧਮ, ਕਨਿਸ਼ਟ ਕਰਮਾਂ ਦੇ ਫਲ ਮੁਤਾਬਿਕ ਸੰਸਕਾਰਾਂ ਦਾ ਪ੍ਰਭਾਵ ਅੰਤਸ਼ਕਰਣ ਵਿਚ ਪੈਣ ਕਰਕੇ ਹਰ ਪ੍ਰਾਣੀ ਮਾਤਰ ਦੀ ਮਤਿ ਇਕੋ ਜਿਹੀ ਨਹੀਂ ਹੁੰਦੀ। ਹਰ ਪ੍ਰਾਣੀ ਦੀ ਸੋਚ ਪੱਧਰ ਆਪਣੇ ਪੂਰਬਲੇ ਕਰਮਾਂ, ਖਾਨਦਾਨੀ ਵਿਰਸੇ ਅਤੇ ਆਪਣੇ ਚੁਗਿਰਦੇ ਦੇ ਅਸਰ ਅਧੀਨ ਉਤਮ, ਮਧਮ, ਕਨਿਸ਼ਟ ਦਰਜਿਆਂ ਵਿਚ ਹੋਇਆ ਕਰਦੀ ਹੈ। ਇਕਨਾਂ ਦਾ ਚਿਤ ਸਤਿਸੰਗ ਵਿਚ ਲਗਦਾ ਹੈ ਅਤੇ ਗੁਰੂ ਦੇ ਬਚਨਾਂ, ਮਹਾਂਪੁਰਸ਼ਾਂ ਦੀ ਵਿਆਖਿਆ ਨੂੰ ਬਹੁਤ ਸਾਵਧਾਨਤਾ ਨਾਲ ਸ੍ਰਵਣ ਕਰਕੇ ਕਬੂਲਦੇ ਹਨ ਪ੍ਰੰਤੂ ਇਸਦੇ ਵਿਪਰੀਤ ਇਕ ਅਜਿਹੇ ਪੁਰਸ਼ ਵੀ ਸਤਿਸੰਗ ਵਿਚ ਕਿਸੇ ਪੂਰਬਲੇ ਕਰਮ ਦੇ ਵਸੀਕਾਰ ਹੋ ਕੇ ਪੁਜਦੇ ਹਨ, ਜਿਨ੍ਹਾਂ ਦਾ ਚਿਤ ਸਾਵਧਾਨੀ ਰਹਿਤ, ਸ਼ਰਧਾ ਦੀ ਹੀਣਤਾ ਕਰਕੇ ਅੰਮ੍ਰਿਤ ਬਚਨ ਹਿਰਦੇ ਵਿਚ ਵਸਾਉਣ ਤੋਂ ਉਚਾਟ ਰਹਿੰਦਾ ਹੈ। ਇਸ ਕਰਕੇ ਸਾਰੇ ਸਰੋਤਿਆਂ ਉਪਰ ਇਕੋ ਜਿਹਾ ਅਸਰ ਨਹੀਂ ਹੋਇਆ ਕਰਦਾ। ਸੂਝਵਾਨਾਂ ਨੇ ਸਰੋਤਿਆਂ ਦੀ ਵੰਡ ਕਰਦਿਆਂ ਫੁਰਮਾਇਆ ਹੈ ਕਿ ਪਹਿਲੀ ਕਿਸਮ ਦੇ ਸਰੋਤਿਆਂ ਅੰਦਰ ਉਤਸ਼ਾਹ ਦੀ ਘਾਟ ਕਰਕੇ, ਜੇ ਕਰਮ ਦੇ ਪਰੇਰੇ ਹੋਏ ਸਤਿਸੰਗ ਵਿਚ ਚਲੇ ਵੀ ਜਾਣ, ਤਾਂ ਉਨ੍ਹਾਂ ਦੀ ਰੁਚੀ, ਰੌਚਕ ਨਾ ਹੋਣ ਕਰਕੇ ਆਲਸ ਅਧੀਨ ਅੱਖਾਂ ਮੀਚ ਕੇ, ਗਰਦਨ ਨੀਵੀਂ ਕਰਕੇ ਉਂਘਣ ਲਗ ਜਾਂਦੇ ਹਨ। ਸੋ ਇਨ੍ਹਾਂ ਨੂੰ **'ਊਂਘੇ'** ਕਿਹਾ ਜਾਂਦਾ ਹੈ।

ਇਕ ਸਰੋਤੇ ਐਸੇ ਹੁੰਦੇ ਹਨ ਜਿਨ੍ਹਾਂ ਦੇ ਅੰਦਰ ਆਪਣੀ ਵਿਦਿਆ ਦੀ ਅਲਪੱਗਤਾਈ ਦਾ ਅਭਿਮਾਨ ਹੋਣ ਕਰਕੇ ਸਿਰਫ ਇਹੀ ਵੇਖਣ ਲਈ ਸਤਿਸੰਗ ਵਿਚ ਆਉਂਦੇ ਹਨ ਕਿ ਇਹ ਬੁਲਾਰਾ ਕਿਸ ਤਰ੍ਹਾਂ ਦੇ ਬਚਨ ਕਰਦਾ ਹੈ। ਉਨ੍ਹਾਂ ਦੀ ਬਿਰਤੀ judging ਦੀ ਹੋਣ ਕਰਕੇ ਇਕ ਤਰ੍ਹਾਂ ਨਾਲ ਉਹ smell ਹੀ ਲਿਆ ਕਰਦੇ ਹਨ। ਜਿਵੇਂ ਭੌਰਾ ਇਕ ਫੁੱਲ ਤੇ ਟਿਕ ਕੇ smell ਨਹੀਂ ਲੈਂਦਾ, ਬਾਰ-ਬਾਰ, ਵੱਖਰੇ-ਵੱਖਰੇ ਫੁੱਲਾਂ ਤੇ ਉਡਾਰੀਆਂ ਮਾਰਦਾ ਹੈ। ਅਜਿਹੇ ਸਰੋਤਿਆਂ ਨੂੰ ਸੂਝਵਾਨਾਂ ਨੇ **'ਸੁੰਘੇ'** ਦਾ ਨਾਮ ਦਿਤਾ ਹੈ।

ਤੀਸਰੀ ਤਰ੍ਹਾਂ ਦੇ ਅਜਿਹੇ ਸਰੋਤੇ ਸੰਗਤ ਵਿਚ ਆ ਜਾਂਦੇ ਹਨ ਜਿਨ੍ਹਾਂ ਦਾ ਮਨ ਟਿਕਿਆ ਹੋਇਆ ਨਾ ਹੋਣ ਕਰਕੇ ਫੈਲਾਓ ਵਿਚ ਹੁੰਦਾ ਹੈ ਅਤੇ ਅਨੇਕ ਸੰਕਲਪਾਂ ਦੀ ਮਧਾਣੀ ਅੰਦਰ ਚਲ ਰਹੀ ਹੁੰਦੀ ਹੈ। ਉਨ੍ਹਾਂ ਦਾ ਚਿਤ ਨਾ ਲੱਗਣ ਕਰਕੇ ਉਹ ਸਾਵਧਾਨ ਹੋ ਕੇ ਦ੍ਰਿੜ੍ਹਤਾਪੂਰਵਕ ਸੰਗਤ ਵਿਚ ਨਹੀਂ ਬੈਠਦੇ। ਮੱਥਾ ਟੇਕਣ ਵਾਲਿਆਂ ਵੱਲ ਦੇਖਣਾ, ਫਿਰ ਇਹ ਜਾਨਣ ਦੀ ਕੋਸ਼ਿਸ਼ ਕਰਨੀ ਕਿ ਇਹ ਬੰਦਾ ਕੌਣ ਹੈ, ਕਿਥੋਂ ਆਇਆ ਹੈ ਅਤੇ ਕਿਥੇ ਜਾ ਕੇ ਬਹਿੰਦਾ ਹੈ, ਇਸ ਨੂੰ ਕਿਸੇ ਨੇ ਇਸ਼ਾਰਾ ਕਰਕੇ ਬੁਲਾਇਆ ਹੈ ਜਾਂ ਆਪੇ ਹੀ ਕੋਈ ਥਾਂ ਦੇਖ ਕੇ ਬੈਠਿਆ ਹੈ; ਇਸ ਤੋਂ ਵੱਧ ਉਸ ਦੇ ਕੱਪੜਿਆਂ ਨੂੰ ਦੇਖਦੇ ਰਹਿੰਦੇ ਹਨ, ਅਨੁਮਾਨ ਲਾਉਂਦੇ ਹਨ; ਜੇ ਉਸ ਨੂੰ ਜਾਣਦੇ ਹੋਣ ਤਾਂ ਉਸਦੇ ਗੁਣਾਂ-ਔਗੁਣਾਂ ਦੀ ਅੰਦਰ ਹੀ ਅੰਦਰ ਪਰਖ ਕਰਦੇ ਹਨ। ਮਹਾਂਪੁਰਸ਼ਾਂ ਦੇ ਬਚਨ ਉਨ੍ਹਾਂ ਲਈ ਸੁਣੇ-ਅਣਸੁਣੇ ਹੁੰਦੇ ਹਨ। ਉਨ੍ਹਾਂ ਦਾ ਆਸਣ ਸ੍ਰਿਰ ਨਾ ਹੋਣ ਕਰਕੇ ਕਦੇ ਇਕ ਗੋਡਾ ਖੜ੍ਹਾ ਕਰਦੇ ਹਨ, ਕਦੇ ਦੂਜਾ; ਕਦੇ ਉਬਾਸੀ ਲੈਣ ਲਗ ਜਾਂਦੇ ਹਨ, ਕਦੇ ਖੰਘਣ ਲਗ ਜਾਂਦੇ ਹਨ। ਪੂਰਾ ਸਤਿਸੰਗ ਕਰਨ ਤੋਂ ਬਾਦ ਵੀ ਉਨ੍ਹਾਂ ਤੋਂ ਜੇ ਪੁਛਿਆ ਜਾਵੇ ਕਿ ਕੀ ਸੁਣਿਆ ਹੈ? ਤਾਂ ਉਹ ਇਕ ਦੋ ਮਿੰਟ ਵੀ ਨਹੀਂ ਦੱਸ ਸਕਦੇ, ਖੰਘਦੇ ਰਹਿੰਦੇ ਹਨ। ਮਤਲਬ ਇਹ ਕਿ ਨਾ ਆਪ ਸਤਿਸੰਗ ਸੁਣਦੇ ਹਨ ਸਗਵਾਂ ਦੂਸਰਿਆਂ ਦੇ ਸੁਣਨ ਵਿਚ ਵੀ ਬਾਧਕ ਹੁੰਦੇ ਹਨ। ਅਜੇਹੇ ਸਰੋਤਿਆਂ ਨੂੰ **'ਖੂੰਘੇ'** ਕਿਹਾ ਜਾਂਦਾ ਹੈ।

ਚੌਥੀ ਕਿਸਮ ਦੇ ਉਤਮ ਸਰੋਤੇ ਉਹ ਹੁੰਦੇ ਹਨ ਜਿਨ੍ਹਾਂ ਦੇ ਭਾਗਾਂ ਵਿਚ ਕਲਜੁਗ ਦਾ ਮਹਾਨ ਫਲ ਦਾਤਾ ਕਰਮ, ਹਰੀ ਕੀਰਤਨ ਤੇ ਸਾਧੂ ਦੀ ਸੰਗਤ ਪ੍ਰਾਪਤ ਹੁੰਦੀ ਹੈ। ਉਹ ਜਦੋਂ ਕਿਸੇ ਤੱਤ ਬੇਤੇ ਮਹਾਂਪੁਰਸ਼ ਦੇ ਸਤਿਸੰਗ ਬਾਰੇ ਸੁਣਦੇ ਹਨ ਤਾਂ ਅੰਦਰ ਬਹੁਤ ਉਤਸ਼ਾਹ ਹੋਣ ਕਰਕੇ ਉਹ ਆਪ ਤਾਂ ਸਤਿਸੰਗ ਵਿਚ ਜਾਂਦੇ ਹੀ ਹਨ ਅਤੇ ਆਪਣੇ ਦੋਸਤਾਂ, ਮਿੱਤਰਾਂ, ਰਿਸ਼ਤੇਦਾਰਾਂ ਨੂੰ ਵੀ ਪ੍ਰੇਰਨਾ ਕਰਕੇ ਲੈ ਜਾਇਆ ਕਰਦੇ ਹਨ। ਉਹ ਸਤਿਸੰਗ ਵਿਚ ਸੋਹਣੀ ਥਾਂ ਵੇਖ ਕੇ ਬੈਠ ਜਾਇਆ ਕਰਦੇ ਹਨ ਅਤੇ ਪੂਰੇ ਉਤਸ਼ਾਹ ਪਿਆਰ ਨਾਲ ਹਰੀ ਦਾ ਜਸ, ਸਾਧੂਆਂ ਦੇ ਬਚਨ ਸ੍ਰਵਣ ਕਰਦੇ ਹਨ। ਇਕ-ਇਕ ਬਚਨ ਨੂੰ ਸੁਣ ਕੇ ਮੰਨਨ ਕਰਦੇ ਹਨ ਅਤੇ ਬੁੱਧੀ ਨਾਲ ਵਿਚਾਰ ਕੇ ਹਿਰਦੇ ਵਿਚ ਧਾਰਨ ਕਰਦੇ ਹਨ। ਮਹਾਂਪੁਰਸ਼ਾਂ ਦੀ ਬਾਣੀ ਨੂੰ 'ਸਤਿ-ਸਤਿ' ਕਰਕੇ ਮੰਨਦੇ ਹਨ। ਇਸ ਪ੍ਰਕਾਸ਼ ਅਧੀਨ ਆਪਣੇ ਜੀਵਨ ਦੀ ਚਾਲ ਨਿਰਧਾਰਿਤ ਕਰਦੇ ਹਨ। ਅਜਿਹੇ ਸਰੋਤੇ ਸਤਿਸੰਗ ਦੇ ਮਹਾਤਮ ਦਾ ਪੂਰਾ-ਪੂਰਾ ਲਾਭ ਪ੍ਰਾਪਤ ਕਰਿਆ ਕਰਦੇ ਹਨ। ਜਿਵੇਂ ਕਿ ਗੁਰੂ ਮਹਾਰਾਜ ਦਾ ਫੁਰਮਾਨ ਹੈ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ।।***

*ਪੰਨਾ - 546*

ਅਜਿਹੇ ਸਰੋਤਿਆਂ ਨੂੰ ਸੂਝਵਾਨ ਵਿਦਵਾਨਾਂ ਨੇ **'ਚੂੰਘੇ'** ਦਾ ਨਾਮ ਦਿਤਾ ਹੈ।

ਸੰਸਾਰ ਵਿਚ ਜੋ ਪ੍ਰਭੂ ਦੀ ਰਚਨਾ ਰਚੀ ਹੋਈ ਹੈ, ਉਸ ਵਿਚੋਂ ਇਨਸਾਨਾਂ ਦੀ ਮਨੋਬਿਰਤੀ ਚਾਰ ਕਿਸਮ ਦੀ ਸੋਚ ਅਧੀਨ ਵੰਡੀ ਹੋਈ ਹੈ।

ਇਨ੍ਹਾਂ ਵਿਚੋਂ ਤਕਰੀਬਨ 60% ਉਹ ਪ੍ਰੇਮੀ ਹੁੰਦੇ ਹਨ, ਜਿਨ੍ਹਾਂ ਦੇ ਅੰਦਰ ਇਸ ਸੰਸਾਰ ਤੋਂ ਬਗੈਰ ਕਿਸੇ ਹੋਰ ਅਵਸਥਾ ਦੀ ਸੂਝ ਨਹੀਂ ਹੁੰਦੀ। ਉਨ੍ਹਾਂ ਦਾ ਕੰਮ ਖਾਣਾ-ਪੀਣਾ, ਸੌਣਾ, ਚੰਗੇ-ਮੰਦੇ ਢੰਗ ਨਾਲ

ਪੈਸਾ ਕਮਾਉਣਾ, ਹਰ ਕਿਸਮ ਦੇ ਨਸ਼ਿਆਂ ਵਿਚ ਗੁਲਤਾਨ ਰਹਿਣਾ; ਰੂਹਾਨੀ ਸੂਝ ਦੀ ਪੂਰੀ ਤਰ੍ਹਾਂ ਅਣਹੋਂਦ, ਉਨ੍ਹਾਂ ਦੀ Intellectual leval (ਸੂਝ-ਪੱਧਰ) ਪਸ਼ੂਆਂ ਨਾਲ ਮਿਲਦੀ ਜੁਲਦੀ ਹੋਇਆ ਕਰਦੀ ਹੈ। ਉਹ ਨਾ ਹੀ ਪ੍ਰਮੇਸ਼ਰ ਨੂੰ ਮੰਨਦੇ ਹਨ ਅਤੇ ਨਾ ਹੀ ਸ਼ੁਭ ਕਰਮਾਂ ਦੀ ਕੋਈ ਮਹੱਤਤਾ ਉਨ੍ਹਾਂ ਦੇ ਜੀਵਨ ਅੰਦਰ ਹੋਇਆ ਕਰਦੀ ਹੈ। ਪ੍ਰਲੋਕ ਦੀ ਸੂਝ ਤੋਂ ਸੁੰਨ ਹੁੰਦੇ ਹਨ। ਆਮ ਅਖਾਣ ਦੇ ਮੁਤਾਬਿਕ Eat drink and be merry for we shall have to die. ਖਾਓ ਪੀਓ ਤੇ ਐਸ਼ ਕਰੋ, ਕਿਉਂਕਿ ਸੰਸਾਰ ਵਿਚ ਸਦਾ ਨਹੀਂ ਰਹਿਣਾ। Beg borrow or steal ਉਨ੍ਹਾਂ ਦਾ 'ਜੀਵਨ ਧੇਅ' ਹੋਇਆ ਕਰਦਾ ਹੈ। ਦੂਸਰੇ ਨੂੰ ਦੁਖੀ ਕਰਕੇ ਆਪਣਾ ਅਰਥ ਸਿੱਧ ਕਰਨਾ ਉਨ੍ਹਾਂ ਲਈ ਪ੍ਰਿਯ ਹੋਇਆ ਕਰਦਾ ਹੈ। ਨਾ ਹੀ ਉਨ੍ਹਾਂ ਵਾਸਤੇ ਮਹਾਂਪੁਰਸ਼ਾਂ ਦੇ, ਸਤਿਸੰਗ ਦੇ ਬਚਨ ਕੋਈ ਖਿੱਚ ਰੱਖਦੇ ਹਨ ਅਤੇ ਨਾ ਹੀ ਅੰਦਰ ਜਗਿਆਸਾ ਜਾਗਦੀ ਹੈ। ਐਸੇ ਮਨੁੱਖਾਂ ਦੇ ਜਨ-ਸਮੂੰਹ ਨੂੰ **'ਪਾਮਰ'** ਕਿਹਾ ਜਾਂਦਾ ਹੈ।

ਦੂਸਰੀ ਕਿਸਮ ਦਾ ਜਨ-ਸਮੂੰਹ, ਭੋਗਾਂ ਦੇ ਵਿਚ ਪ੍ਰਬਲ ਰੁਚੀ ਰੱਖਣ ਕਰਕੇ ਭੋਗੀ ਕਹਾਉਂਦਾ ਹੈ। ਇਨ੍ਹਾਂ ਦੇ ਕੋਲ ਆਪਣੀਆਂ ਵਾਸ਼ਨਾਵਾਂ ਦੀ ਪੂਰਤੀ ਲਈ ਜਤਨ ਕਰਨਾ ਹੀ ਪ੍ਰਮ ਮਨੋਰਥ ਹੋਇਆ ਕਰਦਾ ਹੈ। ਹੋਰ ਇਨ੍ਹਾਂ ਦਾ ਮਤਲਬ ਸਤਿਸੰਗ ਵਿਚ ਜਾਣ ਦਾ ਕੋਈ ਨਹੀਂ ਹੁੰਦਾ। ਭੋਗਾਂ ਦੀ ਰੁਚੀ ਪ੍ਰਬਲ ਹੋਣ ਕਰਕੇ ਮਨ ਦੇ ਸੰਕਲਪ, ਭੋਗਾਂ ਦੀ ਪ੍ਰਾਪਤੀ ਲਈ ਉਠਦੇ ਰਹਿੰਦੇ ਹਨ। ਨਾ ਹੀ ਚਿਤ ਦੀ ਇਕਾਗਰਤਾ ਨਾਲ ਇਹ ਸਤਿਸੰਗ ਸ੍ਵਣ ਕਰ ਸਕਦੇ ਹਨ, ਨਾ ਹੀ ਮਹਾਂਪੁਰਸ਼ਾਂ ਦੇ ਬਚਨਾਂ ਦੀ ਗਹਿਰਾਈ ਤਕ ਇਨ੍ਹਾਂ ਦੀ ਸੂਝ ਪੁਜਦੀ ਹੈ ਅਤੇ ਨਾ ਹੀ ਕੋਈ ਰੁਚੀ ਜਾਗਦੀ ਹੈ। ਜੇ ਇਹ ਸਤਿਸੰਗ ਕਰਦੇ ਵੀ ਹਨ ਤਾਂ ਕੇਵਲ ਮਾਤਰ ਆਪਣੀ ਵਾਸ਼ਨਾ ਦੀ ਪੂਰਤੀ ਲਈ ਹੀ ਪ੍ਰਬਲ ਇੱਛਾ ਲੈ ਕੇ ਕਰਦੇ ਹਨ। ਇਨ੍ਹਾਂ ਵਿਚੋਂ 5% ਬੰਦਿਆਂ ਦੀਆਂ ਰੁਚੀਆਂ ਨੂੰ ਸ਼ੁੱਧ ਹੋ ਕੇ ਅਗਲੀ ਅਵਸਥਾ ਦੀ ਪ੍ਰਾਪਤੀ ਕਰਨ ਦਾ ਅਵਸਰ ਮਿਲਦਾ ਹੈ। ਸਤਿਸੰਗ ਵਿਚ ਆਉਣ ਵਾਲੇ 90% ਪ੍ਰੇਮੀਆਂ ਦੀ ਗਿਣਤੀ, ਭੋਗੀ ਸ਼੍ਰੇਣੀ, ਵਿਚ ਸਹਿਜੇ ਹੀ ਕੀਤੀ ਜਾ ਸਕਦੀ ਹੈ।

ਤੀਜੀ ਕਿਸਮ ਦੇ ਵਿਰਲੇ ਪ੍ਰੇਮੀ ਉਹ ਹੋਇਆ ਕਰਦੇ ਹਨ ਜਿਨ੍ਹਾਂ ਦੇ ਪੂਰਬਲੇ ਜਨਮਾਂ ਦੇ ਸੰਸਕਾਰ ਬਹੁਤ ਹੀ ਪ੍ਰਬਲ ਹੁੰਦੇ ਹਨ। ਉਨ੍ਹਾਂ ਦੇ ਪੁੰਨ-ਕਰਮ ਪ੍ਰੇਰਨਾ ਦੇ ਕੇ ਸਤਿਸੰਗ ਪ੍ਰਾਪਤੀ ਦਾ ਉਤਸ਼ਾਹ ਹਿਰਦੇ ਵਿਚ ਪ੍ਰਗਟ ਕਰਦੇ ਹਨ। ਉਨ੍ਹਾਂ ਅੰਦਰ ਭੋਗਾਂ ਦੀ ਰੁਚੀ ਨਹੀਂ ਹੋਇਆ ਕਰਦੀ, ਸਗੋਂ ਇਸ ਦੇ ਵਿਪਰੀਤ ਹਿਰਦੇ ਵਿਚ ਕੋਈ ਅਣਜਾਣੀ ਪਿਆਸ ਹੋਇਆ ਕਰਦੀ ਹੈ ਕਿ ਉਹ ਜੀਵਨ ਦਾ ਜੋ ਅਸਲੀ ਮਨੋਰਥ ਹੈ, ਉਸਨੂੰ ਪ੍ਰਾਪਤ ਕਰਨ ਦਾ ਅਵਸਰ ਪ੍ਰਾਪਤ ਕਰ ਸਕਣ। ਉਨ੍ਹਾਂ ਦੇ ਕਰਮ ਕਿਸੇ ਪੂਰਨ ਮਹਾਂਪੁਰਸ਼ ਨਾਲ ਬਚਪਨ ਵਿਚ ਹੀ ਮਿਲਾਪ ਕਰਾ ਦਿੰਦੇ ਹਨ। ਉਹ ਮਹਾਂਪੁਰਸ਼ਾਂ ਦੀ ਸੰਗਤ ਦੀ ਪ੍ਰਾਪਤੀ ਸਮੇਂ, ਉਨ੍ਹਾਂ ਦਾ ਇਕ-ਇਕ ਬਚਨ ਹਿਰਦੇ ਵਿਚ ਧਾਰਨ ਕਰਕੇ ਪੂਰੀ ਤਰ੍ਹਾਂ ਮੰਨਨ ਕਰਦੇ ਹਨ। ਅੰਮ੍ਰਿਤ ਵੇਲੇ ਜਾਗਣਾ, ਬਾਣੀ ਦਾ ਪਾਠ ਕਰਨਾ, ਗੁਰ ਇਤਿਹਾਸ ਦੀ ਪ੍ਰਬਲ ਇੱਛਾ ਆਦਿ, ਸ਼ੁਭ ਕਰਮ ਕਰਨ ਲਈ ਅੰਦਰੋਂ ਹੀ ਜ਼ਬਰਦਸਤ ਪ੍ਰੇਰਨਾ ਮਿਲਦੀ ਰਹਿੰਦੀ ਹੈ। ਚਿੱਤ ਦੀ ਇਕਾਗਰਤਾ ਉਨ੍ਹਾਂ ਨੂੰ ਸਹਿਜੇ ਹੀ ਪ੍ਰਾਪਤ ਹੋ ਜਾਇਆ ਕਰਦੀ ਹੈ ਅਤੇ ਮਹਾਂਪੁਰਸ਼ਾਂ ਦਾ ਪਿਆਰ ਉਨ੍ਹਾਂ ਨੂੰ ਪ੍ਰਾਪਤ ਹੋਣ ਲਗ ਜਾਂਦਾ ਹੈ। ਅਜਿਹੇ ਜਨ-ਸਮੂੰਹ ਦੇ ਵਰਗ ਨੂੰ 'ਜਗਿਆਸੂ' ਕਿਹਾ ਜਾਂਦਾ ਹੈ। ਸਤਿਸੰਗ ਦੇ ਅਧਿਕਾਰੀ ਕਰਮ, ਉਪਾਸ਼ਨਾ ਅਤੇ ਗਿਆਨ ਦੀ ਪ੍ਰਾਪਤੀ ਜਗਿਆਸੂਆਂ ਦੇ ਹੀ ਭਾਗ ਵਿਚ ਆਇਆ ਕਰਦੀ ਹੈ। ਇਸ ਕਰਕੇ ਸਰੋਤੇ ਕਨਿਸ਼ਟ, ਮਧਮ ਅਤੇ ਉਤਮ ਸ਼੍ਰੇਣੀਆਂ ਵਿਚ ਵੰਡੇ ਜਾਂਦੇ ਹਨ।

ਇਕ ਵਾਰੀ ਗੁਰੂ ਦਸ਼ਮੇਸ਼ ਪਿਤਾ ਜੀ ਦਾ ਰੂਹਾਨੀ ਦਰਬਾਰ ਸਜਿਆ ਹੋਇਆ ਸੀ ਤਾਂ ਇਕ ਪ੍ਰੇਮੀ ਨੇ ਦੋਵੇਂ ਹੱਥ ਜੋੜ ਕੇ, ਗਲ ਵਿਚ ਪੱਲਾ ਪਾ ਕੇ ਬੇਨਤੀ ਕੀਤੀ ਕਿ ਪਾਤਸ਼ਾਹ! ਆਪ ਦੇ ਪ੍ਰਮ ਪਵਿੱਤਰ ਅੰਮ੍ਰਿਤਮਈ ਬਚਨ ਸਤਿਸੰਗੀ ਬੜੇ ਪ੍ਰੇਮ ਤੇ ਸ਼ਰਧਾ ਨਾਲ ਸ੍ਵਣ ਕਰਦੇ ਹਨ, ਪਰ ਵੇਖਿਆ ਇਹ ਗਿਆ ਹੈ ਕਿ ਆਪ ਦੇ ਅਮੋਘ ਬਾਣਾਂ ਵਰਗੇ ਬਚਨ ਸਾਰਿਆਂ ਉਪਰ ਇਕੋ ਜਿਹਾ ਅਸਰ ਕਿਉਂ ਨਹੀਂ ਕਰਦੇ? ਪਾਤਸ਼ਾਹ! ਇਸ ਵਿਚ ਕੀ ਭੇਦ ਹੈ?

ਦਸ਼ਮੇਸ਼ ਪਿਤਾ ਜੀ ਨੇ ਸੁਣ ਕੇ ਕਿਹਾ ਕਿ ਪ੍ਰੇਮੀਓ! ਜੋ ਬੇਨਤੀ ਇਸ ਪ੍ਰੇਮੀ ਨੇ ਕੀਤੀ ਹੈ, ਇਸਨੂੰ ਆਪ ਜੀ ਸਮਝਣ ਦਾ ਜਤਨ ਕਰੋ। ਅਸੀਂ ਤੁਹਾਨੂੰ ਪ੍ਰਤੱਖ ਰੂਪ ਵਿਚ ਸਤਿਸੰਗ ਦੇ ਭੇਦ ਪ੍ਰਗਟ ਕਰਨੇ ਚਾਹੁੰਦੇ ਹਾਂ।

ਆਪ ਜੀ ਨੇ ਇਕ ਪ੍ਰੇਮੀ ਨੂੰ ਕਿਹਾ ਕਿ ਤਿੰਨ ਸਰਬ ਲੋਹ ਦੇ ਬਾਟੇ, ਜਲ ਦੇ ਭਰ ਕੇ ਸਾਡੇ ਪਾਸ ਲਿਆਓ। ਇਕ ਪ੍ਰੇਮੀ ਨੂੰ ਹੁਕਮ ਕੀਤਾ ਕਿ ਔਹ ਛੋਟਾ ਪੱਥਰ ਇਕ ਬਾਟੇ ਦੇ ਪਾਣੀ ਵਿਚ ਪਾ ਦੇਵੋ, ਦੂਜੇ ਨੂੰ ਕਿਹਾ ਕਿ ਮਿੱਟੀ ਦਾ ਡਲ੍ਹਾ ਚੁਕ ਕੇ ਦੂਜੇ ਬਾਟੇ ਵਿਚ ਪਾ ਦੇਵੋ ਤੇ ਤੀਸਰੇ ਪ੍ਰੇਮੀ ਨੂੰ ਕਿਹਾ ਕਿ ਆਹ ਸਾਡੇ ਸਾਹਮਣਿਓਂ ਥੋੜ੍ਹੇ ਪਤਾਸੇ ਚੁਕ ਕੇ ਤੀਸਰੇ ਬਾਟੇ ਵਿਚ ਪਾ ਦੇਵੋ। ਹੁਕਮ ਦੀ ਤਾਮੀਲ ਹੋਈ ਤੇ ਆਪ ਜੀ ਸੰਗਤ ਨਾਲ ਬਚਨ ਕਰਦੇ ਰਹੇ। ਕੁਝ ਸਮਾਂ ਬੀਤ ਜਾਣ ਤੋਂ ਪਿਛੋਂ ਆਪ ਜੀ ਨੇ ਉਨ੍ਹਾਂ ਹੀ ਪ੍ਰੇਮੀਆਂ ਨੂੰ ਕਿਹਾ ਕਿ ਆਪੋ-ਆਪਣੇ ਬਾਟੇ ਸਾਡੇ ਪਾਸ ਲਿਆਓ। ਸੰਗਤ ਬਹੁਤ ਅਸਚਰਜਤਾ ਭਰੀ ਇਸ ਕੌਤਕ ਦਾ ਮਨ ਹੀ ਮਨ ਅੰਦਰ ਅਨੁਮਾਨ ਲਾ ਰਹੀ ਸੀ ਤੇ ਕਿਸੇ ਨੂੰ ਪਤਾ ਨਹੀਂ ਸੀ ਲਗਦਾ ਕਿ ਪਾਤਸ਼ਾਹ ਕੀ ਕੌਤਕ ਕਰਕੇ ਨਿਰਣਾ ਕਰਨਗੇ।

ਹੁਕਮ ਹੋਇਆ ਕਿ ਆਪੋ-ਆਪਣੇ ਬਾਟਿਆਂ ਵਿਚੋਂ ਪੱਥਰ, ਮਿੱਟੀ ਦਾ ਡਲ੍ਹਾ ਅਤੇ ਪਤਾਸ਼ੇ ਬਾਹਰ ਕੱਢੋ। ਪਹਿਲੇ ਪ੍ਰੇਮੀ ਨੇ ਝੱਟ ਹੀ ਪੱਥਰ ਬਾਹਰ ਕੱਢਿਆ। ਮਹਾਰਾਜ ਜੀ ਕਹਿਣ ਲੱਗੇ ਕਿ ਪ੍ਰੇਮੀਆਂ! ਇਹ ਪੱਥਰ ਭਿੱਜ ਗਿਆ ਹੈ ਜਾਂ ਸੁੱਕਾ ਹੀ ਹੈ? ਤਾਂ ਉਸ ਪ੍ਰੇਮੀ ਨੇ ਉਤਰ ਦਿਤਾ ਕਿ ਪਾਤਸ਼ਾਹ ਜਦੋਂ ਮੈਂ ਪੱਥਰ ਪਾਣੀ ਵਿਚੋਂ ਆਪ ਜੀ ਦੇ ਹੁਕਮ ਮੁਤਾਬਿਕ ਕੱਢਿਆ ਸੀ ਤਾਂ ਉਸ ਵੇਲੇ ਮਾਮੂਲੀ ਜਿਹਾ ਭਿੱਜਿਆ ਹੋਇਆ ਸੀ ਪਰ ਜਦੋਂ ਇਸ ਚਲਦੀ ਗਰਮ ਹਵਾ ਨਾਲ ਇਸਨੇ ਸਪਰਸ਼ ਕੀਤਾ ਤਾਂ ਮੇਰੇ ਹੱਥ ਵਿਚ ਹੀ ਸੁੱਕ ਗਿਆ ਅਤੇ ਹੁਣ ਬਿਲਕੁਲ ਵੀ ਗਿੱਲਾ ਨਹੀਂ ਹੈ।

ਦੂਸਰੇ ਨੂੰ ਹੁਕਮ ਕੀਤਾ ਕਿ ਤੈਂ ਭਾਈ! ਮਿੱਟੀ ਦਾ ਡਲ੍ਹਾ ਬਾਹਰ ਨਹੀਂ ਕੱਢਿਆ ਤਾਂ ਉਸਨੇ ਬੇਨਤੀ ਕੀਤੀ ਕਿ ਪਾਤਸ਼ਾਹ! ਮਿੱਟੀ ਦਾ ਡਲ੍ਹਾ ਪਾਣੀ ਵਿਚ ਘੁਲ ਕੇ ਗਾਰੇ ਦਾ ਰੂਪ ਧਾਰਨ ਕਰ ਚੁੱਕਿਆ ਹੈ। ਹੁਣ ਇਹ ਡਲ੍ਹਾ ਉਸ ਸ਼ਕਲ ਵਿਚ ਬਾਹਰ ਨਹੀਂ ਕੱਢਿਆ ਜਾ ਸਕਦਾ ਜੋ ਆਪ ਦੇ ਹੁਕਮ ਅਨੁਸਾਰ ਪਹਿਲਾਂ ਪਾਣੀ ਵਿਚ ਪਾਇਆ ਸੀ। ਤਾਂ ਫੁਰਮਾਨ ਹੋਇਆ ਕਿ ਇਸ ਨੂੰ ਧੁੱਪੇ ਰੱਖ ਦੇਵੋ। ਥੋੜ੍ਹਾ ਇੰਤਜ਼ਾਰ ਕਰਨ ਪਿਛੋਂ ਜਦੋਂ ਧੁੱਪ ਅਤੇ ਗਰਮ ਹਵਾ



ਲੱਗੀ ਤਾਂ ਪਾਣੀ ਸੁੱਕ ਗਿਆ ਤੇ ਉਹ ਡਲ੍ਹਾ ਆਪਣੇ ਅਸਲੀ ਰੂਪ ਵਿਚ ਬਦਲ ਗਿਆ।

ਇਸ ਉਪਰੰਤ ਤੀਸਰੇ ਨੂੰ ਹੁਕਮ ਦਿਤਾ ਕਿ ਭਾਈ ਗੁਰਮੁਖਾ! ਤੂੰ ਪਤਾਸ਼ੇ ਬਾਹਰ ਕਿਉਂ ਨਹੀਂ ਕੱਢੇ? ਹੁਣ ਕੱਢੋ। ਉਸ ਪ੍ਰੇਮੀ ਨੇ ਬੇਨਤੀ ਕੀਤੀ ਕਿ ਦੀਨ ਦਿਆਲ ਪਾਤਸ਼ਾਹ ਜੀ! ਮੈਂ ਪਾਣੀ ਵਿਚ ਆਪਣਾ ਹੱਥ ਪਾ ਕੇ ਪਤਾਸੇ ਕੱਢਣ ਦਾ ਜਤਨ ਕੀਤਾ ਸੀ, ਜੋ ਅਜੇ ਆਪਣਾ ਵਜੂਦ ਪਾਣੀ ਵਿਚ ਵਿਖਾ ਰਹੇ ਸਨ ਪਰ ਮੇਰੇ ਹੱਥ ਲੱਗਣ ਨਾਲ ਉਹ ਘੁਲ ਕੇ ਪਾਣੀ ਦਾ ਹੀ ਰੂਪ ਬਣ ਗਏ ਹਨ। ਪਾਤਸ਼ਾਹ ਜੀ! ਹੁਣ ਇਹ ਕਿਸੇ ਤਰ੍ਹਾਂ ਨਾਲ ਵੀ ਅਸਲੀ ਰੂਪ ਵਿਚ ਨਹੀਂ ਆ ਸਕਦੇ।

ਗੁਰੂ ਮਹਾਰਾਜ ਜੀ ਨੇ ਸਾਰੀ ਸੰਗਤ ਨੂੰ ਸੰਬੋਧਨ ਕਰਦਿਆਂ ਫੁਰਮਾਨ ਕੀਤਾ ਕਿ ਦੇਖੋ ਪ੍ਰੇਮੀਓ! ਤਿੰਨਾਂ ਬਾਟਿਆਂ ਵਿਚ ਇਕੋ ਹੀ ਪਾਣੀ ਭਰਿਆ ਹੋਇਆ ਸੀ ਪਰ ਤਿੰਨਾਂ ਚੀਜ਼ਾਂ ਤੇ ਇਸ ਪਾਣੀ ਨੇ ਵੱਖੋ-ਵੱਖਰਾ ਅਸਰ ਕੀਤਾ। ਇਵੇਂ ਜਿਵੇਂ ਇਕ ਵਰਗ ਦੇ ਪ੍ਰੇਮੀ ਪੱਥਰਵਤ ਅੰਦਰੋਂ ਬਾਹਰੋਂ ਜਗਿਆਸਾ ਤੋਂ ਪੂਰੀ ਤਰ੍ਹਾਂ ਨਾਲ ਸੁੰਨ ਹੁੰਦੇ ਹਨ। ਆਪਣੇ ਖਿਆਲਾਂ ਵਿਚ ਪੱਥਰ ਦੀ ਸਖਤਾਈ ਵਾਂਗੂੰ ਦ੍ਰਿੜ੍ਹ ਹੁੰਦੇ ਹਨ ਅਤੇ ਛੇਤੀਂ-ਛੇਤੀਂ ਕਿਸੇ ਚੀਜ਼ ਦਾ ਅਸਰ ਕਬੂਲ ਨਹੀਂ ਕਰਿਆ ਕਰਦੇ। ਉਨ੍ਹਾਂ ਉਤੇ ਕੁਝ ਛਿਨਾਂ ਲਈ ਭਾਵਕ ਅਸਰ ਇਵੇਂ ਹੀ ਹੋ ਜਾਇਆ ਕਰਦਾ ਹੈ ਜਿਵੇਂ ਪੱਥਰ ਪਾਣੀ ਵਿਚ ਰੱਖਿਆ ਗਿੱਲਾ ਹੋ ਗਿਆ ਸੀ, ਇਵੇਂ ਕੁਝ ਛਿਨਾਂ ਲਈ ਉਨ੍ਹਾਂ ਉਪਰ ਓਪਰਾ ਜਿਹਾ ਅਸਰ ਬਚਨਾਂ ਦਾ ਹੋ ਜਾਇਆ ਕਰਦਾ ਹੈ ਪਰ ਕੁਸੰਗ ਦੇ ਪਹਿਲੇ ਬੁਲ੍ਹੇ ਨਾਲ ਹੀ ਉਹ ਅਸਰ ਦੂਰ ਹੋ ਜਾਇਆ ਕਰਦਾ ਹੈ ਅਤੇ ਉਹ ਆਪਣੀ ਅਮੋੜ ਅਤੇ ਦ੍ਰਿੜ੍ਹ ਬਿਰਤੀ ਵਿਚ ਫਿਰ ਆ ਜਾਇਆ ਕਰਦੇ ਹਨ। ਸੋ ਇਹ ਸਰੋਤੇ ਪੱਥਰਵਤ ਹੋਇਆ ਕਰਦੇ ਹਨ ਜਿਨ੍ਹਾਂ ਦੇ ਹਿਰਦਿਆਂ ਵਿਚ ਗੁਰੂ ਦੇ ਸ਼ਬਦ ਨਾਲ ਘਟ ਹੀ ਪਰਿਵਰਤਨ ਹੋਇਆ ਕਰਦਾ ਹੈ।

ਦੂਜੀ ਕਿਸਮ ਦੇ ਪ੍ਰੇਮੀ ਇਸ ਮਿੱਟੀ ਦੇ ਡਲ੍ਹੇ ਦੀ ਤਰ੍ਹਾਂ ਸਤਿਸੰਗ ਦੇ ਬਚਨ ਸੁਣ ਕੇ ਅੰਦਰੋਂ ਬਾਹਰੋਂ ਭਿੱਜ ਜਾਂਦੇ ਹਨ ਪਰ ਆਪਣਾ ਰੂਪ ਨਹੀਂ ਛੱਡਦੇ, ਹੋਂਦ ਨਹੀਂ ਛੱਡਦੇ। ਉਨ੍ਹਾਂ ਨੂੰ ਸਤਿਸੰਗ ਦਾ ਕੁਝ ਹਫ਼ਤਿਆਂ, ਮਹੀਨਿਆਂ ਲਈ ਅਸਰ ਰਹਿੰਦਾ ਹੈ ਪਰ ਕੁਸੰਗ ਦੇ ਗਰਮ ਝੋਲਿਆਂ ਨਾਲ ਸਪਰਸ਼ ਕਰਦਿਆਂ ਹੀ ਉਨ੍ਹਾਂ ਦੇ ਹਿਰਦੇ ਵਿਚੋਂ ਅੰਮ੍ਰਿਤ ਚਸ਼ਮੇ ਤੋਂ ਵਰ੍ਹਿਆ ਉਪਦੇਸ਼ ਖਤਮ ਹੋ ਜਾਇਆ ਕਰਦਾ ਹੈ ਅਤੇ ਉਹ ਮੁੜ ਆਪਣੀ ਅਸਲ ਬਿਰਤੀ ਵਿਚ ਪ੍ਰਵੇਸ਼ ਕਰ ਲਿਆ ਕਰਦੇ ਹਨ। ਸੋ ਅਜਿਹੇ ਪ੍ਰੇਮੀਆਂ ਉਪਰ ਵਕਤੀ ਅਸਰ ਹੋਇਆ ਕਰਦਾ ਹੈ। ਪਰ ਜੇ ਛੇਤੀਂ ਸਤਿਸੰਗ ਦੀ ਪ੍ਰਾਪਤੀ ਦੁਬਾਰਾ ਨਾ ਮਿਲ ਸਕੇ ਤਾਂ ਉਹ ਉਪਦੇਸ਼ ਦਾ ਅਸਰ ਭੁੱਲ ਕੇ ਫਿਰ ਵਿਸ਼ੇ ਵਿਕਾਰਾਂ ਵਿਚ ਪਰਵਿਰਤ ਹੋ ਜਾਇਆ ਕਰਦੇ ਹਨ।

ਤੀਸਰੀ ਕਿਸਮ ਦੇ ਉਹ ਪ੍ਰੇਮੀ ਹੋਇਆ ਕਰਦੇ ਹਨ ਜਿਨ੍ਹਾਂ ਦੇ ਉਤਮ ਭਾਗ ਜਾਗ ਪੈਂਦੇ ਹਨ ਅਤੇ ਗੁਰੂ ਸ਼ਰਨ ਪ੍ਰਾਪਤ ਕਰਕੇ ਗੁਰਬਚਨਾਂ ਵਿਚ ਪਤਾਸਿਆਂ ਵਾਂਗੂੰ ਲੀਨ ਹੋ ਜਾਇਆ ਕਰਦੇ ਹਨ। ਉਨ੍ਹਾਂ ਉਪਰ ਕੁਸੰਗ ਦਾ ਮੁੜ ਅਸਰ ਨਹੀਂ ਹੋਇਆ ਕਰਦਾ। ਉਹ ਨਾਮ ਅਭਿਆਸ ਕਰਦਿਆਂ ਕਰਮ, ਉਪਾਸ਼ਨਾ, ਗਿਆਨ, ਵਿਗਿਆਨ ਵਿਚ ਦਰਜਾ-ਬ-ਦਰਜਾ ਤਰੱਕੀ ਕਰਕੇ ਗੁਰੂ ਦਾ ਰੂਪ 'ਖਾਲਸਾ' ਹੀ ਬਣ ਜਾਇਆ ਕਰਦੇ ਹਨ। ਇਨ੍ਹਾਂ ਵਿਚੋਂ ਕੁਝ ਐਸੇ ਪ੍ਰੇਮੀ ਗੁਰੂ ਦਰਬਾਰ ਵਿਚ ਆਉਂਦੇ ਹਨ ਜਿਨ੍ਹਾਂ ਨੇ ਪੂਰਬਲੇ ਜਨਮਾਂ ਦੇ ਰੂਹਾਨੀ ਸਫਰ ਦੀਆਂ ਉਚੀਆਂ ਮੰਜ਼ਲਾਂ ਪ੍ਰਾਪਤ ਕਰ ਲਈਆਂ ਹੁੰਦੀਆਂ ਹਨ ਅਤੇ ਸਿਰਫ ਇਕ-ਅੱਧ ਆਖਰੀ ਮੰਜ਼ਲ ਹੀ ਲੰਘਣੀ ਬਾਕੀ ਰਹਿ ਜਾਇਆ ਕਰਦੀ ਹੈ। ਉਨ੍ਹਾਂ ਦੇ ਉਤੇ ਗੁਰੂ ਦੇ ਬਚਨਾਂ ਦਾ ਅਸਰ ਇਕ ਦਮ ਇਤਨਾ ਗਹਿਰਾ ਹੋ ਜਾਇਆ ਕਰਦਾ ਹੈ ਜਿਵੇਂ ਕਿ ਗੁਰਬਾਣੀ ਦੇ ਅੰਦਰ ਫੁਰਮਾਨ ਹੈ -

***ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥***
***ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥***

*ਪੰਨਾ - 1374*

ਸੋ ਗੁਰਮੁਖ ਪਿਆਰਿਓ! ਗੁਰ ਸੰਗਤ ਵਿਚ ਆਉਣ ਵਾਲੇ ਪ੍ਰੇਮੀ ਇਕੋ ਜਿਹੇ ਅਧਿਕਾਰੀ ਨਹੀਂ ਹੋਇਆ ਕਰਦੇ। ਪਹਿਲੀ ਕਿਸਮ ਦੇ **'ਮੁਰੀਦ'** ਕਹਾਉਂਦੇ ਹਨ। ਇਨ੍ਹਾਂ ਤੋਂ ਉਤਮ ਪਦਵੀ ਵਾਲੇ **'ਮੁਰੀਦ-ਏ-ਸਾਧਿਕ'** ਕਹੇ ਜਾਂਦੇ ਹਨ। ਤੀਸਰੇ ਕਿਸਮ ਦੇ ਅਤਿ ਉਤਮ **'ਮੁਰੀਦ-ਏ-ਫਿਦਾਈ'** ਕਹੇ ਜਾਂਦੇ ਹਨ।

ਇਕ ਸਿੱਖ ਹੁੰਦੇ ਹਨ, ਦੂਜੇ ਸਿਦਕੀ ਸਿੱਖ ਹੁੰਦੇ ਹਨ, ਤੀਸਰੇ ਮਰਜੀਵੜੇ ਸਿੱਖ ਹੋਇਆ ਕਰਦੇ ਹਨ। ਮਰਜੀਵੜੇ ਸਿੱਖਾਂ ਨੇ ਸਭ ਕੁਝ ਗੁਰੂ ਦੇ ਅਰਪਣ ਕਰ ਦਿਤਾ ਹੁੰਦਾ ਹੈ।

ਗੁਰੂ ਮਹਾਰਾਜ ਜੀ ਨੇ ਫੁਰਮਾਇਆ ਹੈ ਕਿ ਮੇਰੀ ਸਿੱਖਿਆ ਸੁਣੋ, ਬਾਣੀ ਸ਼ੁੱਧ ਪੜ੍ਹਿਆ ਕਰੋ। ਜਦੋਂ ਅਸੀਂ ਬਾਣੀ ਪੜ੍ਹਦੇ ਹਾਂ ਤਾਂ ਬਹੁਤ ਵੱਡਾ ਮਹਾਤਮ ਪ੍ਰਾਪਤ ਹੋਇਆ ਕਰਦਾ ਹੈ। ਹਲਤ ਅਤੇ ਪਲਤ, ਏਥੇ ਅਤੇ ਉਥੇ, ਦੋਈਂ ਥਾਂਈਂ ਨਿਹਾਲ ਹੋ ਜਾਇਆ ਕਰਦਾ ਹੈ ਪਰ ਇਸ ਵਿਚ ਵੀ ਫਰਕ ਹੈ। ਪੰਜ ਕਿਸਮ ਦੀ ਸਿੱਖੀ ਹੁੰਦੀ ਹੈ-

ਇਕ ਧੰਧੇ ਦੀ ਸਿੱਖੀ, ਦੂਜੀ ਦੇਖਾ-ਦੇਖੀ ਦੀ, ਤੀਜੀ ਹਿਰਸ ਦੀ, ਚੌਥੀ ਸਿੱਖੀ ਸਿਦਕ ਦੀ ਹੋਇਆ ਕਰਦੀ ਹੈ ਤੇ ਪੰਜਵੀਂ ਭਾਵਨੀ ਦੀ ਸਿੱਖੀ ਹੁੰਦੀ ਹੈ।



ਪਹਿਲੀ ਸਿੱਖੀ 'ਧੰਧੇ' ਦੀ ਇਸ ਤਰ੍ਹਾਂ ਹੁੰਦੀ ਹੈ - ਮਨ ਦੇ ਵਿਚ ਖਿਆਲ ਆਉਂਦਾ ਹੈ ਕਿ ਜਿਸ ਤਰ੍ਹਾਂ ਦੇ ਨਾਲ ਮੇਰਾ ਭਾਈਚਾਰਾ ਚੱਲ ਰਿਹਾ ਹੈ, ਮੈਂ ਵੀ ਉਸੇ ਤਰ੍ਹਾਂ ਚੱਲਾਂ। ਕਿਤੇ ਇਹ ਮੈਨੂੰ ਨਿਗੁਰਾ ਕਹਿ ਕੇ ਸ਼ਰਮਿੰਦਾ ਨਾ ਕਰਨ ਤੇ ਮੈਂ ਵੀ ਇਨ੍ਹਾਂ ਦੇ ਨਾਲ ਸਿੱਖੀ ਧਾਰਨ ਕਰ ਲਵਾਂ। ਇਸ ਸਿੱਖੀ ਨੂੰ ਧੰਦੇ ਦੀ ਸਿੱਖੀ ਕਹਿੰਦੇ ਹਨ। ਸੰਤ

ਮਹਾਰਾਜ ਜੀ ਨੇ ਫੁਰਮਾਨ ਕਰਿਆ ਕਿ ਭਾਈ ਸੰਤੋਖ ਸਿੰਘ ਜੀ ਨੇ ਰਿਤੂ 3, ਅੰਸੂ 34 ਵਿਚ 5120 ਪੰਨੇ ਤੇ ਪੰਜ ਪ੍ਰਕਾਰ ਦੀ ਸਿੱਖੀ ਦੀ ਵਿਆਖਿਆ ਕੀਤੀ ਹੈ, ਆਪ ਲਿਖਦੇ ਹਨ –

*ਪ੍ਰਥਮਾ ਇਮ ਜਿਮ ਭਾਈਚਲੇ।*
*ਸਭਿਸਗੁਰੇ ਮੁਝ ਨਿਗੁਰਾ ਕਹੈਂ।*
*ਲੇ ਸਿੱਖੀ, ਧੰਧੇ ਕੀ ਅਹੈ।।*

*ਸ੍ਰੀ. ਗੁ. ਪ੍ਰ. ਸੂਰਜ ਗ੍ਰੰਥ ਪੰਨਾ - 5120*

ਦੂਸਰੀ ਸਿੱਖੀ **'ਦੇਖਾ-ਦੇਖੀ'** ਦੀ ਹੁੰਦੀ ਹੈ ਕਿ ਕਿਸੇ ਪ੍ਰੇਮੀ ਨੂੰ ਸਿੱਖ ਬਣਿਆ ਦੇਖਿਆ, ਉਸਦੇ ਪਰਿਵਾਰ ਵਿਚ ਵਿਕਾਰਾਂ ਦਾ ਨਾਸ਼ ਹੋਣ ਕਰਕੇ, ਪਰਿਵਾਰ ਨਸ਼ਿਆਂ ਤੋਂ ਛੁੱਟ ਗਿਆ ਤੇ ਉਨ੍ਹਾਂ ਦਾ ਘਰ ਮਿਹਨਤ ਕਰਨ ਕਰਕੇ ਪਦਾਰਥਾਂ ਨਾਲ ਭਰ ਗਿਆ, ਪੁੱਤਰ ਵੀ ਹੋ ਗਏ, ਪੈਸਾ ਵੀ ਹੋ ਗਿਆ, ਪੱਤ ਵੀ ਉਚੀ ਹੋ ਗਈ, ਘਰ ਵਿਚ ਦੁੱਧ ਆ ਗਿਆ ਤੇ ਇਜ਼ਤ ਹੋਣੀ ਸ਼ੁਰੂ ਹੋ ਗਈ; ਮਾਨੋ! ਸਾਰੇ ਸੁੱਖ ਘਰ ਵਿਚ ਆ ਗਏ ਤੇ ਇਸਨੇ ਦੇਖਿਆ ਕਿ ਇਨ੍ਹਾਂ ਦੀ ਹਾਲਤ ਸਿੱਖ ਹੋਣ ਕਰਕੇ ਬਹੁਤ ਅੱਛੀ ਹੋ ਗਈ, ਸੁੱਖ-ਸ਼ਾਂਤੀ ਨਾਲ ਰਹਿਣ ਲਗ ਗਏ; ਜੇ ਮੈਂ ਵੀ ਸਿੱਖ ਬਣ ਜਾਵਾਂ ਤਾਂ ਮੇਰਾ ਘਰ ਵੀ ਪਦਾਰਥਾਂ ਨਾਲ ਭਰ ਜਾਵੇ। ਇਸ ਤਰ੍ਹਾਂ ਦੀ ਸਿੱਖੀ ਦੇਖਾ-ਦੇਖੀ ਦੀ ਸਿੱਖੀ ਕਹਾਉਂਦੀ ਹੈ।

ਤੀਜੀ **'ਹਿਰਸ'** ਦੀ ਸਿੱਖੀ – ਸਿੱਖ ਤਾਂ ਬਣ ਗਿਆ; ਨਾ ਤਾਂ ਗੁਰੂ ਦੇ ਸ਼ਬਦ ਨਾਲ ਪਿਆਰ ਪਿਆ, ਨਾ ਹੀ ਬਾਣੀ ਪੜ੍ਹਨ ਦਾ ਉਤਸ਼ਾਹ ਹਿਰਦੇ ਵਿਚ ਉਠਿਆ, ਨਾ ਹੀ ਗੁਰਮੰਤ੍ਰ, ਮੂਲਮੰਤ੍ਰ ਦਾ ਜਾਪ ਅਤੇ ਨਾ ਗੁਰੂ ਦਾ ਸਰੂਪ ਹਿਰਦੇ ਵਿਚ ਵਸਾਇਆ; ਸਿਰਫ ਬਾਕੀਆਂ ਨੂੰ ਦੇਖ ਕੇ, ਕਿ ਜੋ ਕੁਝ ਉਹ ਕਰਦੇ ਹਨ, ਉਸੇ ਤਰ੍ਹਾਂ ਕਰਨ ਦੀ ਮਨ ਵਿਚ ਠਾਨ ਲਈ। ਕੋਈ ਸੋਝੀ ਹਿਰਦੇ ਵਿਚ ਨਾ ਆਈ ਅਤੇ ਨਾ ਹੀ ਗੁਰਮਤਿ ਦੀ ਵਿਚਾਰ ਹਾਸਿਲ ਕੀਤੀ, ਨਾ ਹੀ ਸੰਗਤ ਵਿਚ ਜਾ ਕੇ ਹਾਜ਼ਰੀਆਂ ਭਰੀਆਂ, ਨਾ ਹੀ ਅੰਮ੍ਰਿਤ ਦੇ ਭੇਦ ਨੂੰ ਜਾਣਿਆ; ਕੇਵਲ ਉਪਰੋਂ-ਉਪਰੋਂ ਸਿੱਖ ਬਣ ਗਿਆ। ਇਸ ਸਿੱਖੀ ਨੂੰ ਹਿਰਸ ਦੀ ਸਿੱਖੀ ਆਖਦੇ ਹਨ।

ਚੌਥੀ ਜੋ ਸਿੱਖੀ ਹੁੰਦੀ ਹੈ ਉਹ **'ਸਿਦਕ'** ਦੀ ਹੈ। ਸਿਦਕੀ ਸਿੱਖ ਗੁਰੂ ਤੋਂ ਬਗੈਰ ਹੋਰ ਕਿਸੇ ਨੂੰ ਨਹੀਂ ਮੰਨਿਆ ਕਰਦਾ, ਹਰ ਅਵਸਥਾ ਵਿਚ ਗੁਰੂ ਦੀ ਸ਼ਰਨ ਵਿਚ ਹੀ ਰਹਿੰਦਾ ਹੈ ਅਤੇ ਜਿਵੇਂ ਬੇੜੀ ਤੇ ਚੜ੍ਹੇ ਹੋਏ ਸਵਾਰ ਕਿਸ਼ਤੀ ਨੂੰ ਨਹੀਂ ਛੱਡਿਆ ਕਰਦੇ, ਇਵੇਂ ਜਿਵੇਂ ਇਹ ਸਿੱਖੀ ਰੂਪ ਬੇੜੀ ਨੂੰ ਨਹੀਂ ਛੱਡਿਆ ਕਰਦਾ। ਤਨ ਨੂੰ ਮਿਥਿਆ ਕਰਕੇ ਜਾਣਦਾ ਹੈ ਅਤੇ ਸਿੱਖੀ ਸਿਦਕ ਨਿਭਾਉਣ ਲਈ ਆਪਣੇ ਪ੍ਰਾਨਾਂ ਦੇ ਜਾਣ ਅਤੇ ਸਿਰ ਦੇ ਲਗ ਜਾਣ ਦੀ ਕੋਈ ਪ੍ਰਵਾਹ ਨਹੀਂ ਕਰਦਾ। ਕਿੰਨੇ ਵੀ ਕਸ਼ਟ ਸਰੀਰ ਉਪਰ ਆ ਜਾਣ, ਕਿੰਨੇ ਵੀ ਸੰਤਾਪ ਝੱਲਣੇ ਪੈਣ, ਉਹ ਆਪਣਾ ਸਿਦਕ ਕਿਸੇ ਤਰ੍ਹਾਂ ਵੀ ਨਹੀਂ ਹਾਰਿਆ ਕਰਦਾ ਅਤੇ ਗੁਰੂ ਵਾਕ ਦੀ ਪੂਰੀ ਤਰ੍ਹਾਂ ਪਾਲਣਾ ਕਰਿਆ ਕਰਦਾ ਹੈ –

*ਜਉ ਤਉ ਪ੍ਰੇਮ ਖੇਲਣ ਕਾ ਚਾਉ।।*
*ਸਿਰੁ ਧਰਿ ਤਲੀ ਗਲੀ ਮੇਰੀ ਆਉ।।*
*ਇਤੁ ਮਾਰਗਿ ਪੈਰੁ ਧਰੀਜੈ।।*
*ਸਿਰੁ ਦੀਜੈ ਕਾਣਿ ਨ ਕੀਜੈ।। ਪੰਨਾ - 1412*

ਅਜਿਹਾ ਸਿਦਕੀ ਸਿੱਖ, ਗੁਰੂ ਮਹਾਰਾਜ ਜੀ ਫੁਰਮਾਉਣ ਲੱਗੇ ਕਿ ਮੇਰਾ ਹੀ ਰੂਪ ਹੋਇਆ ਕਰਦਾ ਹੈ, ਮੇਰੇ ਵਿਚ ਅਭੇਦ ਹੋਇਆ ਕਰਦਾ ਹੈ।

ਪੰਜਵੀਂ ਸਿੱਖੀ **'ਭਾਵਨਾ'** ਦੀ ਹੋਇਆ ਕਰਦੀ ਹੈ। ਗੁਰਸਿੱਖ, ਗੁਰੂ ਅਤੇ ਪ੍ਰਮੇਸ਼ਰ ਦੇ ਵਿਚ ਕੋਈ ਵੀ ਭੇਦ ਨਾ ਜਾਣਦਾ ਹੋਇਆ, ਆਪਣੇ ਗੁਰੂ ਨੂੰ ਹੀ ਪਾਰਬ੍ਰਹਮ ਪ੍ਰਮੇਸ਼ਰ ਕਰਕੇ ਮੰਨਦਾ ਹੈ। ਦਿਨ ਰਾਤ ਗੁਰੂ ਦੀ ਮੂਰਤ ਹਿਰਦੇ ਵਿਚ ਧਾਰਨ ਕਰਕੇ ਰੱਖਦਾ ਹੈ ਅਤੇ ਉਸ ਦੇ ਪਿਆਰ ਵਿਚ ਰਹਿੰਦਾ ਹੈ। ਉਸਦਾ ਹਰ ਸੁਆਸ ਗੁਰੂ ਦੀ ਯਾਦ ਵਿਚ ਲੰਘਦਾ ਹੈ ਅਤੇ ਗੁਰੂ ਨੂੰ ਹੀ ਸਭ ਕੁਝ ਜਾਣਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਜਿਹੋ ਜਿਹੀ ਕਿਸੇ ਦੀ ਭਾਵਨਾ ਹੋਇਆ ਕਰਦੀ ਹੈ, ਉਹੋ ਜਿਹਾ ਹੀ ਫਲ ਪ੍ਰਾਪਤ ਹੋਇਆ ਕਰਦਾ ਹੈ।

ਸੰਤ ਮਹਾਰਾਜ ਜੀ ਫੁਰਮਾਨ ਕਰਨ ਲੱਗੇ ਕਿ ਤੁਸੀਂ ਜਗਿਆਸਾ ਬਾਰੇ ਗੱਲ ਕੀਤੀ ਸੀ, ਸੋ ਉਸ ਬਾਰੇ ਇਸ ਤਰ੍ਹਾਂ ਹੈ ਕਿ ਜੋ ਜਗਿਆਸੂ ਹੋਇਆ ਕਰਦਾ ਹੈ, ਉਸਦਾ ਨਿਰਣਾ ਉਪਰ ਹੋ ਚੁਕਿਆ ਹੈ। ਚੌਥੀ ਕਿਸਮ ਦੇ ਪ੍ਰਾਣੀ ਬਹੁਤ ਹੀ ਘਟ ਹੋਇਆ ਕਰਦੇ ਹਨ। ਉਨ੍ਹਾਂ ਨੂੰ **'ਮੁਕਤ ਪੁਰਸ਼'** ਕਿਹਾ ਜਾਂਦਾ ਹੈ। ਉਨ੍ਹਾਂ ਦੇ ਕੰਮ ਸੰਸਾਰ ਨੂੰ ਅਗਿਆਨ ਦੀ ਹਨ੍ਹੇਰੀ ਗੁਫਾ ਵਿਚੋਂ ਕੱਢ ਕੇ ਗਿਆਨ ਦੇ ਪ੍ਰਕਾਸ਼ ਵਿਚ ਲਿਆ ਕੇ, ਜਨਮ-ਮਰਨ ਦੇ ਮਹਾਨ ਦੁੱਖ ਤੋਂ ਛੁਡਾਉਣਾ ਹੋਇਆ ਕਰਦਾ ਹੈ।

ਜਗਿਆਸੂ ਕਿਸ ਕਿਸਮ ਦਾ ਹੁੰਦਾ ਹੈ? ਇਹ ਆਪ ਦਾ ਮੁੱਖ ਪ੍ਰਸ਼ਨ ਸੀ। ਉਸ ਬਾਰੇ ਇਸ ਤਰ੍ਹਾਂ ਹੈ ਕਿ ਜਗਿਆਸੂ ਵਿਚ ਸਤਿਗੁਰੂ ਦੀ ਭਗਤੀ ਦੀ ਲੋਚਾ ਬਹੁਤ ਜ਼ਿਆਦਾ ਹੋਇਆ ਕਰਦੀ ਹੈ, ਉਸ ਵਿਚ ਸ਼ਰਧਾ ਦਾ ਹੋਣਾ ਅਤਿ ਜ਼ਰੂਰੀ ਹੈ। ਉੱਜਲ ਮਤਿ, ਧਰਮਾਤਮਾ, ਗੁਣ ਗ੍ਰਾਹਕ, ਬੁਧੀਵਾਨ, ਆਗਿਆਕਾਰੀ, ਮਨ ਦਾ ਸ਼ੁਧ, ਵਾਸ਼ਨਾਵਾਂ ਤੋਂ ਰਹਿਤ ਹੋਣਾ, ਨਿੰਮਰਤਾ ਧਾਰਨ ਕਰਨ ਵਾਲਾ, ਕੋਮਲ ਹਿਰਦੇ ਵਾਲਾ, ਜਿਸਦੀ ਲੋਚਾ ਕੇਵਲ ਆਤਮ ਪ੍ਰਾਪਤੀ ਹੀ ਹੋਵੇ ਅਤੇ ਜੋ ਮਨ, ਬਚਨ, ਕਰਮ ਸਮੇਤ ਪਾਖੰਡ ਤੋਂ ਰਹਿਤ ਹੋਵੇ, ਜਿਸਦਾ ਚਿਤ ਸ਼ਾਂਤ ਹੋਵੇ ਤੇ ਬਚਨਾਂ ਦੇ ਉਤੇ ਅਮਲ ਕਰਨ ਵਾਲਾ, ਗੁਰਸਿੱਖਾਂ ਨਾਲ ਪਿਆਰ ਕਰਨ ਵਾਲਾ ਹੋਵੇ, ਭਜਨ ਕਰਨ ਵੇਲੇ ਮਨ ਦੇ ਫੁਰਨੇ ਰੋਕ ਕੇ ਸਾਵਧਾਨ ਹੋ ਕੇ ਅਭਿਆਸ ਕਰੇ, ਵਿਸ਼ਿਆਂ ਵਿਚ ਕਿਸੇ ਕਿਸਮ ਦੀ ਵੀ ਪ੍ਰੀਤ ਨਾ ਹੋਵੇ ਅਤੇ ਅੰਤਰ ਮੋਖਸ਼ ਦੀ ਪ੍ਰਬਲ ਭਾਵਨਾ ਹੋਵੇ। ਸੰਸਾਰਕ ਸਬੰਧੀਆਂ, ਰਿਸ਼ਤੇਦਾਰਾਂ ਦਾ ਮੋਹ ਤਜਿ ਕੇ ਇਹ ਜਾਣੇ ਕਿ ਇਹ ਬੰਧਨ ਹਨ। ਲੋਕ ਲਾਜ, ਕੁਲ ਲਾਜ ਨੂੰ ਛੱਡ ਕੇ ਗੁਰੂ ਦੇ ਬਚਨ ਨੂੰ ਕਮਾਉਣ ਵਾਲਾ, ਭੇਦਵਾਦੀ ਤੇ ਅਗਿਆਨੀ ਦੀ ਸੰਗਤ ਤਿਆਗਣ ਵਾਲਾ, ਸੰਤਾਂ ਦੇ ਬਚਨਾਂ ਨਾਲ ਦ੍ਰਿੜ੍ਹਤਾ ਸਹਿਤ ਪਿਆਰ ਕਰਨ ਵਾਲਾ ਹੋਵੇ, ਨਿਤਿ ਵਸਤ 'ਆਤਮ' ਜੋ ਸਤਿ-ਚਿੱਤ-ਆਨੰਦ ਰੂਪ ਹੈ, ਇਸ ਨਾਲ ਪਿਆਰ ਪਾਵੇ। ਦੇਹ ਨੂੰ ਜੜ੍ਹ, ਅਸੱਤਿ, ਮੈਲੇ ਦੁੱਖ ਦਾ ਖੂਹ ਜਾਣਦਾ ਹੋਇਆ ਇਸ ਵਿਚੋਂ ਦੇਹ ਦੇ ਸਬੰਧੀਆਂ ਦਾ ਮੋਹ ਪੂਰਨ ਤੌਰ ਤੇ ਛੱਡ ਕੇ ਕੇਵਲ ਪ੍ਰਭੂ ਨੂੰ ਪਿਆਰ ਕਰਨ ਵਾਲਾ ਹੋਵੇ ਕਿਉਂਕਿ ਜਿੰਨੀ ਦੇਰ ਤੱਕ ਮੋਹ ਦੀ ਅੰਸ ਹੈ, ਮੋਹ ਦੀ ਮੈਲ ਹੈ, ਓਨੀ ਦੇਰ ਤਕ ਜੀਵ, ਬੰਧਨਾਂ ਤੋਂ ਛੁਟਕਾਰਾ ਨਹੀਂ ਪਾ ਸਕਦਾ। ਪੂਰੀ ਤਰ੍ਹਾਂ ਮੋਹ ਮਿਟ ਜਾਵੇ ਅਤੇ ਮੋਹ ਦਾ ਪਰਿਵਾਰ ਕਾਮ, ਕ੍ਰੋਧ, ਲੋਭ, ਅਹੰਕਾਰ ਇਹ ਦੂਰ ਹੋ ਜਾਣ। ਅਜਿਹੇ ਖਿਆਲ ਰੱਖਣ ਵਾਲਾ ਜੋ ਪ੍ਰੇਮੀ ਹੋਇਆ ਕਰਦਾ ਹੈ, ਉਸ ਨੂੰ **'ਜਗਿਆਸੂ'** ਕਿਹਾ ਜਾਂਦਾ ਹੈ।

**ਪ੍ਰਸ਼ਨ** – ਮਹਾਰਾਜ! advanced stage ਦੇ ਜਗਿਆਸੂਆਂ ਦੇ

ਕੀ ਲੱਛਣ ਹੁੰਦੇ ਹਨ ਜਿਨ੍ਹਾਂ ਦੇ ਦਰਸ਼ਨ ਕਰਕੇ ਚਿਤ ਵਿਚ ਪ੍ਰਸੰਨਤਾ ਹੋ ਜਾਵੇ?

**ਉਤਰ** - ਇਸ ਜਗਤ ਵਿਚ ਜਗਿਆਸੂ ਭਜਨ ਬੰਦਗੀ ਕਰਦੇ ਹਨ ਪਰ ਜਿਸ ਤਰ੍ਹਾਂ ਦੇ ਨਾਲ ਦੱਸਿਆ ਹੈ ਕਿ ਉਨ੍ਹਾਂ ਦੇ ਵਿਚ ਅੱਡ-ਅੱਡ ਦਰਜੇ ਹੁੰਦੇ ਹਨ - ਇਕ ਉਤਮ ਜਗਿਆਸੂ ਹਨ, ਦੂਜੇ ਮਧਮ ਜਗਿਆਸੂ ਤੇ ਤੀਜੇ ਕਨਿਸ਼ਟ ਜਗਿਆਸੂ ਹੋਇਆ ਕਰਦੇ ਹਨ। ਲਗਨ ਅਤੇ ਪ੍ਰਾਪਤੀ ਦੇ ਪੱਖੋਂ ਇਹ ਦਰਜੇ ਆਪਣੇ ਆਪ ਹੀ ਬਣ ਜਾਇਆ ਕਰਦੇ ਹਨ। ਪਹਿਲਾਂ ਤਾਂ ਇਸ ਸੰਸਾਰ ਦੇ ਅੰਦਰ ਸਾਧੂ ਕੋਈ ਵਿਰਲਾ ਹੀ ਹੈ ਜਿਸਨੂੰ ਗੁਰਮੁਖ ਦਾ ਦਰਜਾ ਪ੍ਰਾਪਤ ਹੋਵੇ। ਇਸਦੇ ਵਿਪਰੀਤ ਕਪਟੀ, ਭੇਖੀ, ਲਾਲਚੀ, ਦੰਭੀ, ਸਵਾਰਥੀ ਅਨੇਕਾਂ ਹੀ ਮਿਲ ਜਾਣਗੇ, ਪਰ ਸਾਧੂ ਕੋਈ ਵਿਰਲਾ ਹੀ ਹੋਵੇਗਾ। ਸਾਧੂ ਦੀ ਨਿਸ਼ਾਨੀ ਇਹ ਹੁੰਦੀ ਹੈ ਕਿ ਜਦੋਂ ਅਸੀਂ ਉਸ ਦੇ ਦਰਸ਼ਨ ਕਰੀਏ ਤਾਂ ਅਸਾਡੇ ਉਤੇ ਐਸਾ ਅਸਰ ਹੋਵੇ ਕਿ ਸਾਡੇ ਅੰਦਰੋਂ ਪ੍ਰਭੂ ਦਾ ਨਾਮ ਬਗੈਰ ਕਿਸੇ ਜਤਨ ਤੋਂ ਆਪਣੇ ਆਪ ਹੀ ਚਲ ਪਵੇ, ਰਟਨ ਹੋਣ ਲਗ ਜਾਵੇ; ਭਾਵੇਂ ਉਹ ਰਸਨਾ ਨਾਲ ਹੈ, ਭਾਵੇਂ ਸੁਆਸ ਨਾਲ।

ਸੋ ਐਸੇ ਗੁਰਮੁਖਾਂ ਦੇ ਦਰਸ਼ਨ ਲਈ ਗੁਰਮੁਖ ਪਿਆਰੇ ਹਰ ਰੋਜ਼ ਇਕੱਲੇ-ਇਕੱਲੇ ਵੀ ਤੇ ਸੰਗਤ ਨਾਲ ਮਿਲਕੇ ਵੀ ਅਰਦਾਸ ਕਰਦੇ ਹਨ। ਇਸੇ ਤਰ੍ਹਾਂ ਨਾਲ ਉਤਮ ਜਗਿਆਸੂ ਬਹੁਤ ਦੁਰਲੱਭ ਹਨ। ਪਹਿਲਾਂ-ਪਹਿਲਾਂ ਬਹੁਤਿਆਂ ਦੇ ਮਨਾਂ ਵਿਚ ਹੁੰਦਾ ਹੈ ਕਿ ਪ੍ਰਭੂ ਦੀ ਪ੍ਰਾਪਤੀ ਵਾਸਤੇ ਕੋਈ ਇਕਾਂਤ ਥਾਂ, ਜਿਥੇ ਨਾ ਕੋਈ ਝੰਝਟ ਹੋਣ, ਨਾ ਵਿਖਸ਼ੇਪਤਾ ਹੋਵੇ ਅਤੇ ਨਾ ਹੀ ਕੋਈ ਉਲਝਣਬਾਜ਼ੀ ਹੋਵੇ, ਮਿਲੇ। ਫਿਰ ਮਹਾਂਪੁਰਸ਼ਾਂ ਨੂੰ ਮਿਲ ਕੇ ਸੇਵਾ ਤੇ ਸਿਮਰਨ ਵਿਚ ਪਰਪੱਕ ਹੋਈਏ। ਪਰ ਮਾਨਸਿਕ ਕਮਜ਼ੋਰੀਆਂ ਹੋਣ ਦੇ ਕਾਰਨ ਬਹੁਤ ਸਾਰਿਆਂ ਦੀ ਜਗਿਆਸਾ ਮੰਦ ਪੈ ਜਾਂਦੀ ਹੈ। ਮਾਇਆ ਦੇ ਥਪੇੜ, ਮਾਇਆ ਦੇ ਚਕਾ-ਚੂੰਧ ਕਰਦੇ ਅਸਰ, ਜਗਿਆਸੂ ਨੂੰ ਡਾਵਾਂ-ਡੋਲ ਕਰ ਦਿਆ ਕਰਦੇ ਹਨ। ਇਸ ਤਰ੍ਹਾਂ ਅੱਧ ਵਿਚਾਲੇ ਰਹਿ ਜਾਇਆ ਕਰਦੇ ਹਨ ਪਰ ਜਿਨ੍ਹਾਂ ਦੇ ਹਿਰਦੇ ਵਿਚ ਪੂਰੀ ਸ਼ਰਧਾ ਹੈ ਅਤੇ ਰਾਗ, ਦ੍ਵੈਸ਼ ਤੋਂ ਰਹਿਤ ਹਿਰਦੇ ਵਿਚ ਨਿਰਮਲਤਾਈ ਹੈ ਅਤੇ ਮਹਾਂਪੁਰਸ਼ਾਂ ਨਾਲ ਪਿਆਰ ਹੈ, ਉਹ ਵਿਰਲੇ ਹੀ ਹੁੰਦੇ ਹਨ। ਉਨ੍ਹਾਂ ਵਿਚ ਜੋ ਮੁਖ ਗੁਣ ਹਨ, ਉਹ ਹਨ - ਆਗਿਆਕਾਰੀ ਹੋ ਕੇ ਬਚਨ ਦੀ ਕਮਾਈ ਕਰਨੀ, ਮਨ ਨੂੰ ਹਰ ਵਕਤ ਖੇੜੇ ਵਿਚ ਰੱਖਣਾ, ਗੁਰੂ ਦੇ ਬਚਨ ਪਰਖ ਕੇ ਹਿਰਦੇ ਵਿਚ ਧਾਰਨ ਕਰਨੇ, ਉੱਜਲ ਮਤਿ ਦੇ ਹੋਣਾ।

ਸੰਸਾਰ ਦੇ ਅੰਦਰ ਦ੍ਰਿਸ਼ਟੀ ਦੋ ਤਰ੍ਹਾਂ ਦੀ ਹੈ - ਇਕ ਤਾਂ ਦੂਸਰੇ ਦੇ ਔਗੁਣਾਂ ਨੂੰ ਹੀ ਚੁਣਦੀ ਰਹਿੰਦੀ ਹੈ। ਉਨ੍ਹਾਂ ਨੂੰ **'ਦੋਖ-ਦ੍ਰਿਸ਼ਟ'** ਵਾਲੇ ਕਿਹਾ ਜਾਂਦਾ ਹੈ। ਦੂਸਰੇ ਗੁਣਾਂ ਦੇ ਗਾਹਕ ਹੁੰਦੇ ਹਨ, ਉਨ੍ਹਾਂ ਨੂੰ **'ਗੁਣ ਗ੍ਰਾਹਕ'** ਕਿਹਾ ਜਾਂਦਾ ਹੈ। ਜਗਿਆਸੂ ਲਈ ਪ੍ਰੇਮ ਤੇ ਪ੍ਰੀਤ ਵਿਚ ਭਿੱਜੇ ਰਹਿਣਾ ਅਤੇ ਸਤਿ ਵਸਤੂ ਨੂੰ ਦ੍ਰਿੜ੍ਹਤਾ ਸਹਿਤ ਧਿਆਨ ਵਿਚ ਰੱਖਣਾ ਬਹੁਤ ਜ਼ਰੂਰੀ ਹੈ। ਇਸਤੋਂ ਉਪਰੰਤ ਸਤਿਗੁਰੂ ਦੀ ਸੇਵਾ ਕਰਨ ਲਈ ਸਹੀ ਤਰੀਕੇ ਨਾਲ ਸੇਵਕ ਬਣਨਾ, ਬਹੁਤ ਜ਼ਰੂਰੀ ਹੈ। ਉਤਮ ਸੇਵਕ ਉਹ ਹੁੰਦੇ ਹਨ ਜਿਹੜੇ ਆਪਣਾ ਤਨ, ਮਨ, ਧਨ ਅਤੇ ਬਾਣੀ ਸਤਿਗੁਰੂ ਦੇ ਚਰਨਾਂ ਵਿਚ ਅਰਪਣ ਕਰਕੇ ਨਿਰਮਾਣਤਾ ਸਹਿਤ ਸੇਵਾ ਕਰਦੇ ਹਨ। ਪੁਰਸ਼ਾਰਥ ਕਰਕੇ ਅੰਮ੍ਰਿਤ ਵੇਲੇ ਉਠ ਕੇ, ਸਾਵਧਾਨ ਹੋ ਕੇ ਨਾਮ ਦਾ ਸਿਮਰਨ ਕਰਨ ਵਾਲੇ ਅਤੇ ਸਤਿਗੁਰੂ ਦੇ ਸ਼ਬਦ ਦੀ ਵਿਚਾਰ ਕਰਨ ਵਾਲੇ, ਅਵਿਦਿਆ ਦੇ ਲੇਸ਼ ਕੱਟਣ ਲਈ ਬ੍ਰਹਮ ਵਿਚਾਰ ਹਿਰਦੇ ਵਿਚ ਧਾਰਨ ਕਰਿਆ ਕਰਦੇ ਹਨ। ਕੁਸੰਗੀ ਤੇ ਭੇਦਵਾਦੀ ਦਾ ਸੰਗ ਭੁੱਲ ਕੇ ਵੀ ਨਹੀਂ ਕਰਦੇ। ਸ਼ਰੀਅੱਤ ਦੇ ਬਚਨ ਭੇਖ ਤੋਂ ਬਾਹਰ ਨਹੀਂ ਨਿਕਲਣ ਦਿੰਦੇ। ਮਹਾਂਪੁਰਸ਼ਾਂ ਦੇ ਤੱਤ ਬਚਨ ਅਵਿਦਿਆ ਨੂੰ ਕੱਟਣ ਲਈ ਸਮਰੱਥ ਹੁੰਦੇ ਹਨ। ਸੋ ਉਨ੍ਹਾਂ ਦੇ ਬਚਨਾਂ ਨੂੰ ਪ੍ਰੀਤ ਸਹਿਤ ਹਿਰਦੇ ਵਿਚ ਸੰਚਿਤ ਕਰਨਾ, ਸਮ, ਦਮ, ਉਪਰਾਮ ਅਤੇ ਵੈਰਾਗ ਵਾਲੀਆਂ ਬਿਰਤੀਆਂ ਧਾਰਨ ਕਰਨੀਆਂ। ਵਿਵੇਕ ਦੀ ਮਦਦ ਨਾਲ ਆਤਮ ਰਾਮ ਦੀ ਖੋਜ ਅੰਦਰੋਂ ਹੀ ਕਰਨੀ ਜ਼ਰੂਰੀ ਹੋਇਆ ਕਰਦੀ ਹੈ। ਹੰਗਤਾ ਤੇ ਮਮਤਾ ਛੱਡ ਕੇ ਗੁਰੂ ਦੇ ਚਰਨਾਂ ਨਾਲ ਪ੍ਰੀਤ ਵਿਚ ਆਪਣੇ ਆਪ ਨੂੰ ਰੱਖਣਾ, ਸੁਭਾਅ ਸ਼ੀਤਲ ਰੱਖਣਾ, ਰਾਗ ਦੋਖ ਤੋਂ ਸਾਵਧਾਨ ਹੋ ਕੇ ਨਿਆਰੇ ਰਹਿਣਾ, ਸੰਤੋਖ ਮਨ ਵਿਚ ਧਾਰਨਾ, ਚਿੱਤ ਨੂੰ ਤ੍ਰਿਪਤ ਰੱਖਣਾ, ਵਾਸ਼ਨਾਵਾਂ ਵਿਚ ਗਰਕ ਨਾ ਹੋਣਾ; ਉਤਮ ਜਗਿਆਸੂ ਦੇ ਲੱਛਣ ਹਨ। ਉਸ ਦੇ ਹਿਰਦੇ ਵਿਚ ਭੁੱਲ ਕੇ ਵੀ ਕਾਮ ਤੇ ਕ੍ਰੋਧ ਵਰਗੇ ਦੀਰਘ ਮਾਰੂ ਸ਼ਤਰੂਆਂ ਦਾ ਨਿਵਾਸ ਨਹੀਂ ਹੋਣਾ ਚਾਹੀਦਾ। ਮੋਹ, ਅਭਿਮਾਨ ਅਤੇ ਲੋਭ ਤੋਂ ਵੀ ਆਪਣੇ ਆਪ ਨੂੰ ਸਦਾ ਹੀ ਉਪਰਾਮ ਰੱਖਣਾ।

## ਕਵਿਤਾ

### ਬਿਧੀ ਚੰਦ ਦੇ ਘੋੜੇ

(ਗੁਰੂ ਹਰਿਗੋਬਿੰਦ ਸਾਹਿਬ ਦਾ ਬਿਧੀ ਚੰਦ ਨੂੰ ਕਹਿਣਾ।

*ਆਖਦੇ ਗੁਰੂ ਜੀ ਬਿਧੀ ਚੰਦ ਨੂੰ ਬੁਲਾ,*
*ਗੁਲਬਾਗ ਪੱਠੇ ਮੂਲ ਖਾਂਦਾ ਨਹੀ ਚਾ,*
*ਹੁਣ ਦੂਜੇ ਨੂੰ ਲਿਆ, ਨਹੀਂ ਇਹਨੂੰ ਛੱਡ ਆ।*

1. *ਆਖਦੇ ਗੁਰੂ ਜੀ ਇਹ ਤਾਂ ਹੋਇਆ ਕੰਮ ਮਾੜਾ ਏ,*
*ਬਿਧੀ ਚੰਦ ਤੈਂ ਤਾਂ ਪਾਇਆ ਦੋਹਾਂ ਦਾ ਵਿਛੋੜਾ ਏ,*
*ਗੁਲਬਾਗ ਤਾਈਂ ਜਿਵੇਂ ਲਿਆਇਆਂ ਰਾਹੇ ਪਾ,*
*ਹੁਣ ਦੂਜੇ ਨੂੰ ਲਿਆ.............................।*

2. *ਲਾਵੀਂ ਨਾ ਦੇਰ ਇਥੋਂ ਛੇਤੀ ਤੁਰ ਜਾਵੀਂ ਤੂੰ,*
*ਥੋੜ੍ਹਿਆਂ ਦਿਨਾਂ ਦੇ ਵਿਚ ਮੁੜ ਘਰ ਆਵੀਂ ਤੂੰ,*
*ਮਾਰੂੰ ਗੁਲਬਾਗ ਨੂੰ ਓ ਭੁੱਖ ਤਾਂ ਸਤਾ,*
*ਹੁਣ ਦੂਜੇ ਨੂੰ ਲਿਆ,............................।*

3. *ਬਿਧੀ ਚੰਦ ਬਿਧੀਆ ਤੂੰ ਜਾਣਦਾ ਬਥੇਰੀਆਂ,*
*ਵਿਚ ਤਾਂ ਲਹੌਰ ਜਾ ਕੇ ਪਾ ਦੇ ਹੱਲਾ ਸ਼ੇਰੀਆਂ,*
*ਵੀਰਾਂ ਦਾ ਵਿਛੋੜਾ ਸਿੱਖਾ ਮੂਲ ਨਾਹੀਂ ਪਾ,*
*ਹੁਣ ਦੂਜੇ ਨੂੰ ਲਿਆ..........................।*

4. *ਸਦਕੇ ਮੈਂ ਸਿੰਘਾ ਗੁਰੂ ਆਖਦੇ ਨੇ ਵਾਰੀ ਮੈਂ,*
*ਲਾ ਕੇ ਦਿਲਬਾਗ ਲਾਈ ਰਾਵੀ ਵਿਚ ਤਾਰੀ ਤੈਂ,*
*ਚਰਨਜੀਤ ਧਿਆਨ ਗੁਰੂ ਨਾਨਕ ਦਾ ਧਿਆ,*
*ਪੜਦਾ ਰਖੇਗਾ ਤੇਰਾ ਆਪੇ ਸ਼ਹਿਨਸ਼ਾਹ,*
*ਹੁਣ ਦੂਜੇ ਨੂੰ ਲਿਆ,............................।*
*ਆਖਦੇ ਗੁਰੂ ਜੀ ਬਿਧੀ ਚੰਦ ਨੂੰ ਬੁਲਾ,*
*ਗੁਲਬਾਗ ਮੂਲ ਪੱਠੇ ਖਾਂਦਾ ਨਹੀਂ ਚਾ।*
*ਹੁਣ ਦੂਜੇ ਨੂੰ ਲਿਆ,............................।*

**ਬੀਬੀ ਚਰਨਜੀਤ ਕੌਰ**
**ਚੰਡੀਗੜ੍ਹ।**

# ਸ੍ਰੀ ਗੁਰੂ ਗ੍ਰੰਥ ਸਾਹਿਬ- ਸਰਵੋਤਮ


(ਲੜੀ ਜੋੜਨ ਲਈ ਦੇਖੋ,
ਮਈ ਅੰਕ, ਪੰਨਾ - 20

ਡਾ. ਸਵਾਮੀ ਰਾਮ ਜੀ

ਪ੍ਰੈਜ਼ੀਡੈਂਟ ਹਿਮਾਲੀਅਨ ਇਸਟੀਚਿਊਟ ਆਫ ਯੋਗਾ ਸਾਇੰਸ ਐਂਡ ਫਿਲਾਸਫੀ, ਐਂਡ ਹਿਮਾਲੀਅਨ ਇੰਸਟੀਚਿਊਟ ਹਾਸਪੀਟਲ ਟਰੱਸਟ, ਜੌਲੀ ਗਰਾਂਟ, ਦੇਹਰਾਦੂਨ।

ਪੰਜਵੇਂ ਗੁਰਮਤਿ ਸਮਾਗਮ ਦੌਰਾਨ ਮਿਤੀ 9.10.94 ਨੂੰ ਰਤਵਾੜਾ ਸਾਹਿਬ ਵਿਖੇ ਦਿਤੇ ਗਏ ਵਿਚਾਰ।

ਮੈਂ ਆਪ ਸਭ ਕੇ ਅੰਦਰਨਹਿਤ ਪ੍ਰਮਾਤਮਾ ਕੋ ਪ੍ਰਣਾਮ ਕਰਤਾ ਹੂੰ। ਮੁਝੇ ਪ੍ਰਸੰਨਤਾ ਹੈ ਕਿ ਆਜ ਹਮਾਰੇ ਸਾਮਨੇ ਹੈਂ ਕਿਉਂਕਿ ਮੈਂ ਔਰ ਮੇਰੀ medical team ਉਨਕੋ ਏਕ ਪੱਤਰ ਲਿਖਨਾ ਚਾਹਤੀ ਥੀ। ਇਨ ਲੋਗੋਂ ਨੇ ਏਕ ਮਹਾਨ ਕਾਰਯ ਕੀਆ, ਇਸ ਮੇਂ ਤੋ ਕੋਈ ਸੰਦੇਹ ਕੀ ਬਾਤ ਹੀ ਨਹੀਂ ਹੈਂ, ਸਾਰਾ ਭਾਰਤ ਵਰਸ਼ ਹੀ ਨਹੀਂ, ਵਿਦੇਸ਼ ਕੇ ਭੀ ਸਭੀ ਦੇਸ਼ ਜਾਨਤੇ ਹੈਂ; ਇਨਹੋਂ ਨੇ ਔਰ ਲੇਕਿਨ ਇਤਨੇ ਬਰਸੋਂ ਤਕ ਪੰਜਾਬ ਜਿਸ stress (ਦਬਾ) ਮੇ ਚਲਾ ਆ ਰਹਾ ਹੈ, ਉਸ ਕੇ after effects (ਅਸਰ) ਅੱਛੇ ਨਹੀਂ ਹੈ - ਮੈਡੀਕਲ ਬਾਤ ਕਰ ਰਹਾ ਹੂੰ ਮੈਂ। ਜਿਸ ਸੇ ਸਭੀ ਮਾਤਾਏਂ, ਬਹਿਨੇਂ, ਬੱਚੇ, ਪੁਰਸ਼ ਅਭੀ ਭੀ ਬਹੁਤ stress ਮੇਂ ਹੈ। ਇਤਨੇ ਸਾਲੋਂ ਕਾ stress ਉਨਕੇ ਊਪਰ ਸਾਫ ਦਿਖਾਈ ਦੇਤਾ ਹੈ। ਤੋ ਮੇਰੀ ਉਨਸੇ ਏਕ ਪ੍ਰਾਥਨਾ ਯੇ ਹੋਗੀ ਕਿ ਜਗਹ-ਜਗਹ ਅਗਰ stress clinic, ਜਿਸ ਮੇਂ ਕੋਈ ਪੈਸੇ ਕੀ ਆਵਸ਼ਕਤਾ ਨਹੀਂ ਹੈ, ਬਿਨਾ ਪੈਸੇ ਕੇ ਹੋ ਸਕਤਾ ਹੈ; ਜਿਸ ਮੇਂ ਕੋਈ ਧਰਮ ਕੋ involve ਕਰਨੇ ਕੀ ਜ਼ਰੂਰਤ ਨਹੀਂ ਹੈ; ਹਿੰਦੂ, ਮੁਸਲਮਾਨ, ਸਿੱਖ, ਈਸਾਈ - ਜੋ ਭੀ ਹੋ, ਇਸ ਮੇਂ ਆ ਸਕਤਾ ਹੈ, ਔਰ stress freedom (ਦਬਾ ਰਹਿਤ) ਕੇ ਲੀਏ ਕੁਛ ਹੋ। ਹਮ ਸੇ ਜੋ ਸੇਵਾ ਹੋਗੀ, ਹਮਾਰੇ ਡਾਕਟਰੋਂ ਸੇ ਜੋ ਸੇਵਾ ਹੋਗੀ, ਹਮ ਹਰ ਵਕਤ ਆਪ ਕੀ ਸੇਵਾ ਕੇ ਲੀਏ ਤਿਆਰ ਹੈਂ। ਮੈਨੇ ਡਾਕਟਰ ਚੌਧਰੀ ਸੇ, ਡਾ. ਸ਼ਿਵਾ ਚੌਧਰੀ ਸੇ, ਡਾ. ਆਨੰਦ ਸਿੰਗਲ, ਜੇ. ਪੀ. ਸਿੰਘ, ਚੌਹਾਨ ਸੇ, A. P. Singh ਔਰ ਸਭ ਜਿਤਨੇ ਭੀ ਡਾਕਟਰ ਹਮਾਰੇ ਯਹਾਂ ਸੇ ਆਏ ਹੈਂ - ਸੇਵਾ ਕੇ ਲੀਏ, ਉਨਸੇ ਥੋੜੀ ਸੀ ਇਸ ਵਿਸ਼ੇ ਮੇਂ ਚਰਚਾ ਭੀ ਕੀ ਹੈ। ਹਮ ਤੋ ਆਪ ਕੋ ਏਕ ਪੱਤਰ ਲਿਖਨਾ ਚਾਹਤੇ ਥੇ - ਇਸ ਵਿਸ਼ੇ ਮੇਂ; ਅੱਛਾ ਹੂਆ, ਆਪ ਆ ਗਏ। ਏਕ ਬਹੁਤ ਬੜਾ ਭਾਰੀ ਕਾਰਯ ਹੈ।



ਜੈਸੇ ਮੈਨੇ ਆਪ ਕੋ ਕੱਲ ਕਹਾ ਕਿ ਸੰਸਾਰ ਮੇਂ ਜਿਤਨੀ ਭੀ diseases ਹੈਂ, ਬਿਮਾਰੀਆਂ ਹੈਂ; ਉਨਮੇਂ 80% of the diseases ਔਰ ਬਿਮਾਰੀਆਂ Psyhosomatic ਹੈਂ। ਕੇਵਲ 20% ਬਿਮਾਰੀਆਂ ਦਵਾਓਂ ਸੇ ਠੀਕ ਹੋਤੀ ਹੈਂ; infectious diseases ਹੈਂ, ਪਲੇਗ ਹੂਆ, ਹੈਜ਼ਾ ਹੂਆ; ਔਰ ਇਸ ਤਰਹ ਕੀ ਕਈ diseases ਹੈਂ। ਆਪਾਸ਼ਚਾਤ ਦੇਸ਼ ਕੇ, western world ਕੇ ਲੋਗ ਭੀ, doctors ਭੀ, experts ਔਰ scientists ਭੀ ਯੇ ਕਹਨੇ ਲਗੇ ਹੈਂ ਕਿ ਹਮੇਂ ਕੁਛ ਸੋਚਨਾ ਚਾਹੀਏ ਕਿ 80% ਜੋ diseases ਹੈਂ, ਕੈਸੇ ਠੀਕ ਹੋ ਸਕਤੀ ਹੈਂ। ਯੁਗੋਂ ਪੂਰਵ ਗੁਰੂ ਨਾਨਕ ਦੇਵ ਜੀ ਨੇ ਭਵਿਸ਼ਅ ਦੇਖ ਕਰ ਇਸ ਕੇ ਉਪਾਏ ਬਤਾਏ ਹੈਂ। ਔਰ ਅਗਰ ਹਮ ਥੋੜਾ ਸਾ ਇਸ ਪਰ ਵਿਚਾਰ ਕਰੇਂ, ਤੋ ਭਾਰਤ ਵਰਸ਼ ਕਾ ਏਕ ਵਿਸ਼ੇਸ਼ ਜੋ ਸੂਬਾ ਪੰਜਾਬ ਹੈ, ਈਸ਼ਵਰ ਕੀ ਦਇਆ ਸੇ ਖੁਸ਼ਹਾਲ ਹੈ; ਵਹਾਂ ਸੇ drive ਪ੍ਰਾਰੰਭ ਕਰੇਂ - How not to have stress? why should we lead distressful life? (ਕਿਸ ਤਰਹ ਤਨਾਵ ਨਹੀਂ ਹੋ? ਹਮ ਪੀੜਤ ਜੀਵਨ ਕਿਉਂ ਬਤੀਤ ਕਰੇਂ?)

ਮੈਨੇ ਆਪ ਸੇ ਕਹਾ, ਇਸ ਪਰ ਪੈਸੇ ਕੀ ਅਵਸ਼ਕਤਾ ਨਹੀਂ ਹੈ। ਦਸ ਦਸ ਲੋਗ ਅਗਰ ਹਮਾਰੇ ਪਾਸ ਆ ਜਾਏਂ - ਆਪ ਕੀ ਤਰਫ ਸੇ, ਤੋ ਉਨ ਕੋ 15-20 ਦਿਨ ਟਰੇਨਿੰਗ ਦੇ ਕਰਕੇ ਹਮ ਯਹਾਂ ਦੋ ਚਾਰ ਸੌ ਲੋਗੋਂ ਕੋ trained (ਸ਼ਿਖਸ਼ਿਤ) ਕਰਕੇ ਭੇਜ ਦੇਂ ਤੋ ਉਸ ਸੇ ਬਹੁਤ ਲਾਭ ਹੋਗਾ। ਅਬ ਮੈਂ ਡਾ. ਚੌਹਾਨ ਔਰ ਡਾ. ਸਿੰਗਲ ਸੇ ਕਹੂੰਗਾ ਕਿ ਯਹਾਂ ਆਏਂ। ਮੈਂ ਬਤਾ ਰਹਾ ਹੂੰ, ਕਿਤਨੇ ਸਰਲ ਤਰੀਕੇ ਸੇ ਆਪ ਕੋ relaxation (ਵਿਸ਼ਰਾਮ) ਹੋ ਸਕਤੀ ਹੈ। ਥੋੜਾ ਸਾ ਪਾਂਚ ਮਿੰਟ ਕਾ demonstration ਦੇ ਕਰ ਫਿਰ ਮੈਂ ਧਿਆਨ ਕੇ ਊਪਰ ਬੋਲੂੰਗਾ। ਅਬ ਦੇਖੀਏ, ਕਈ ਲੋਗ ਕਹਤੇ ਹੈਂ muscle tension (ਤੰਤੂ ਤਨਾਵ) ਕੋ, muscles ਕੋ loose (ਢੀਲੇ) ਕਰਨੇ ਕੋ relaxation (ਵਿਸ਼੍ਰਾਮ) ਕਹਤੇ ਹੈ - ਯੇ ਗਲਤ ਬਾਤ ਹੈ। ਹਜ਼ਾਰੋਂ ਦੁਨੀਆਂ ਕੇ hospitals (ਹਸਪਤਾਲ) ਮੇਂ ਲੋਗ ਐਸੇ ਹੀ muscle conduction ਕੇ loss ਸੇ ਬਿਮਾਰ ਪੜੇ ਹੁਏ ਹੈਂ; ਤੋ muscles ਕੋ loose (ਢੀਲਾ) ਕਰਨੇ ਸੇ relaxation ਨਹੀਂ ਹੋਤਾ - ਯੇ ਸਮਝ ਲੀਜੀਏ scientific act ( ਵਿਗਿਆਨਕ ਕ੍ਰਿਆ)।

ਤੋ relaxation ਕੈਸੇ ਹੋਤਾ ਹੈ - ਅਬ ਆਪ ਥੋੜਾ ਸਾ ਇਸ ਕੋ ਦੇਖੇਂ। Abdomen (ਪੇਟ) ਜੋ ਹੈ, ਜਬ ਆਪ ਇਸ ਕੋ ਅੰਦਰ pushing ਕਰੇਂਗੇ (ਦਬਾਏਂਗੇ) (push in your abdomen) ਔਰ ਉਸ ਵਕਤ exhale ਕਰੇਂਗੇ, ਸਵਾਸ ਬਾਹਰ ਛੋਡੇਂਗੇ; ਅਪਨੀ comfortable capacity (ਆਰਾਮਦਾਇਕ ਸਮਰਥਾ) ਸੇ ਇਸਕੋ ਕੀਜੀਏ ਆਪ। ਜਿਸ ਵਕਤ ਆਪ ਬਾਹਰ ਲਾਏਂਗੇ ਪੇਟ ਕੋ, ਆਰਾਮਦਾਇਕ ਸਮਰਥਾ ਸੇ ਤੋ ਪੇਟ ਕੋ ਫੁਲਾਨੇ ਕੀ ਅਵਸ਼ਕਤਾ

ਨਹੀਂ। ਜਿਤਨੀ capacity (ਸਮਰਥਾ) ਹੈ, ਉਸਕੇ ਅਨੁਸਾਰ ਆਪ ਸੁਆਸ ਲੇਂਗੇ। ਇਸ ਚੀਜ਼ ਕੋ ਨੋਟ ਕਰ ਲੀਜੀਏ ਆਪ, ਜਬ ਆਪ ਕਾ ਪੇਟ ਅੰਦਰ ਜਾਏ ਤੋ ਸੁਆਸ ਬਾਹਰ ਆਏ। ਉਲਟਾ ਨਾ ਕੀਜੀਏਗਾ, ਉਲਟਾ ਤੋ ਆਪ ਕਰ ਹੀ ਰਹੇ ਹੋ। ਜਬ ਪੇਟ ਅੰਦਰ ਜਾਏ ਤੋ ਸੁਆਸ ਬਾਹਰ ਆਏ; ਜਬ ਪੇਟ ਫਿਰ ਬਾਹਰ ਆ ਜਾਤਾ ਹੈ ਤਬ ਆਪ ਸੁਆਸ ਲੀਜੀਏ। ਸੁਆਸ ਲੇਨੇ ਮੇਂ ਚਾਰ ਚੀਜ਼ੋਂ ਕਾ ਖਿਆਲ ਰੱਖੀਏਗਾ - No noise - ਮੈਂ ਸਾਂਸ ਲੇ ਰਹਾ ਹੂੰ, ਕਿਤਨਾ ਹੀ magnify ਕਰ ਲੀਜੀਏ, ਫੁਲਾ ਲੀਜੀਏ ਆਪ ਅਪਨੇ ਪੇਟ ਕੋ, ਕੋਈ ਅਵਾਜ਼ ਨਹੀਂ ਆਏਗੀ - silent breathing (ਖਾਮੋਸ਼ ਸਵਾਸ ਕ੍ਰਿਆ)। ਦੂਸਰੀ ਚੀਜ਼ - No rhythm - ਝਟਕੇ ਨਹੀਂ। ਤੀਸਰੀ ਚੀਜ਼ - No short breath , (ਛੋਟਾ ਸਾਂਸ ਨਹੀਂ ਲੇਨਾ) Deep breath - according to your comfortable capacity (ਆਪਨੀ ਆਰਾਮਦਾਇਕ ਸਮਰਥਾ ਕੇ ਹਿਸਾਬ ਸੇ ਗਹਰੀ ਸੁਆਸ)। ਚੌਥੀ ਚੀਜ਼ - ਜਬ ਸੁਆਸ ਲੇਤੇ ਹੈਂ ਔਰ ਛੋਡਤੇ ਹੈਂ, ਉਸ ਕੇ ਬੀਚ ਮੇਂ ਏਕ pause (ਵਕਫਾ) ਆਤਾ ਹੈ; ਉਸ ਕੋ ਕਹਤੇ ਹੈਂ - pause - ਕੁੰਭ ਜਿਸੇ ਕਹਤੇ ਹੈਂ। ਤੋ ਹਮਨੇ ਸੁਆਸ ਲੀਆ, ਔਰ ਜ਼ਰੂਰਤ ਨਹੀਂ ਕੁੰਭ create ਕਰਨੇ ਕੀ, pause ਲੇਨੇ ਕੀ; ਸੁਆਸ ਛੋਡ ਦੀਆ - ਸਰਲ ਸੀ ਬਾਤ ਹੈ। ਇਸ ਕੋ ਅਗਰ ਆਪ ਤੀਨ ਮਿੰਟ, ਦਿਨ ਮੇਂ ਤੀਨ ਬਾਰ ਲੇਂਗੇ ਤੋ ਮੈਂ ਲਿਖ ਕੇ ਦੇ ਸਕਤਾ ਹੂੰ ਔਰ ਸੰਸਾਰ ਕੇ ਜਿਤਨੇ ਮਹਾਨ scientist (ਵਿਗਿਆਨਕ) ਹੈਂ, ਵੋ ਭੀ ਲਿਖ ਕੇ ਦੇ ਦੇਂਗੇ ਕਿ ਆਪ ਕੋ ਚਾਰ ਬਿਮਾਰੀਆਂ ਕਭੀ ਨਹੀਂ ਹੋਂਗੀ। Sunstroke (ਗਰਮੀ ਕਾ ਮਾਰੂ ਅਸਰ) ਕਭੀ ਨਹੀਂ ਹੋਗਾ, heart diseases (ਦਿਲ ਕੀ ਬਿਮਾਰੀ ਨਹੀਂ ਹੋਗੀ ਆਪ ਕੋ। ਯੇ ਜੋ excess fat ਹੋ ਜਾਤਾ ਹੈ (ਜ਼ਿਆਦਾ ਮੋਟਾਪਾ); ਹਮ ਲੋਗ ਖੂਬ ਖਾਤੇ ਹੈਂ; ਜਹਾਂ ਕੋਈ ਕਸ਼ਟ ਹੋਤਾ ਹੈ ਤੋ ਆਦਮੀ ਖਾਨੇ ਪੇ ਜਾਤਾ ਹੈ, ਔਰ ਸੋਨੇ ਪੇ ਜਾਤਾ ਹੈ, ਜ਼ਿਆਦੇ ਖਾਨੇ ਲਗਤਾ ਹੈ; ਇਸ Stress (ਦਬਾਅ ) ਮੇਂ ਨਹੀਂ ਜਾਏਗਾ। ਇਸ ਕੇ ਅਨੰਤ benefits (ਲਾਭ) ਹੈਂ। Simple (ਸੀਧੀ) ਸੀ ਬਾਤ ਹੈ। ਇਸ ਕੋ ਔਰ ਭੀ ਆਗੇ ਸਮਯ ਕੀ ਕਮੀ ਕੇ ਕਾਰਨ ਪੂਰਾ ਨਹੀਂ ਬਤਲਾ ਪਾਊਂਗਾ। ਲੇਕਿਨ ਯੇ ਤੋ ਮੇਰਾ ਘਰ ਹੈ ਨਾ; ਜਬ ਕਭੀ ਭੀ ਆਪ ਬੁਲਾਓਗੇ, ਮੈਂ ਤੋ ਯਹਾਂ ਹਾਜ਼ਰ ਹੋ ਜਾਊਂਗਾ; ਔਰ ਨਹੀਂ ਭੀ ਬੁਲਾਓਗੇ, ਤੋ ਭੀ ਹਾਜ਼ਰ ਹੂੰਗਾ। ਮੈਂ ਆਪ ਲੋਗੋਂ ਕਾ ਸੇਵਕ ਹੂੰ ਕਿਉਂਕਿ ਸਿਖ ਸ਼ਬਦ ਕਾ ਅਰਥ ਹੀ ਸੇਵਕ ਹੋਤਾ ਹੈ। ਔਰ ਮੁਝੇ ਵਿਦੇਸ਼ੋਂ ਮੇਂ ਜੋ ਸਿਖ ਧਰਮ ਕਾ ਪ੍ਰਚਾਰ ਕਰਨੇ ਕਾ ਸਮਯ ਮਿਲਾ, ਉਸ ਮੇਂ ਮੈਨੇ ਯੇ ਹੀ ਸੀਖਾ ਕਿ ਜਿਸ ਦਿਨ ਸਾਰਾ ਸੰਸਾਰ ਸਿਖ ਹੋ ਜਾਏਗਾ, ਉਸ ਦਿਨ ਸਭੀ ਸੁਖੀ ਹੋ ਜਾਏਂਗੇ ਔਰ ਸਭ ਕੋ ਹੋਨਾ ਚਾਹੀਏ।

ਅਬ ਮੈਂ ਨਾਮ-ਜਪ ਪਰ ਆ ਰਹਾ ਹੂੰ। ਮੈਨੇ ਆਪ ਸੇ ਕਹਾ, ਅਬ ਤੋਤਾ ਕੋ ਦੇਖ ਲੀਜੀਏ, ਵੋ ਨਾਮ ਜਪ ਕਰਤਾ ਹੈ। ਮੇਰੇ ਪਾਸ ਏਕ ਤੋਤਾ ਥਾ, ਉਸ ਕੋ ਮੈਨੇ ਸਿਖਾਇਆ ਹੁਆ ਥਾ। ਵੋ ਜਪ ਕਰਤਾ ਰਹਤਾ ਥਾ - ਹਰ ਵਕਤ। ਤੋ ਕਿਆ ਵੋ ਉਸ ਤੋਤੇ ਕਾ ਕਲਿਆਣ ਸੰਭਵ ਹੈ? ਮੇਰੀ ਸਮਝ ਮੇਂ ਆਤਾ ਹੈ, ਨਾਮ-ਜਪ ਕੇ ਸਾਥ-ਸਾਥ ਚੇਤਨਾ ਭੀ ਜਾਗ੍ਰਤ ਹੋਨੀ ਚਾਹੀਏ। ਔਰ ਸੰਤੋਂ ਕਾ ਯੇ ਮਤ ਹੈ ਕਿ ਵੋ ਚੇਤਨਾ ਜਾਗ੍ਰਤ ਸਵੈਮ (ਆਪਨੇ ਆਪ) ਮਨੁਸ਼ਯ ਅਪਨੇ ਅੰਦਰ ਕਰ ਸਕਤਾ ਹੈ। ਖੁਦ, ਵੋ ਚੇਤਨਾ ਅਪਨੇ ਅੰਦਰ ਉਤਪੰਨ ਕਰ ਸਕਤਾ ਹੈ। ਮੈਨੇ ਆਪਸੇ ਕਹਾ ਕਿ ਆਪ ਹਰ ਵਕਤ ਚਲਤੇ, ਉਠਤੇ, ਬੈਠਤੇ, ਖਾਤੇ-ਪੀਤੇ ਹਰ ਦਸ਼ਾ ਮੇਂ, ਹਰ ਹਾਲਤ ਮੇਂ ਨਾਮ ਜਪਤੇ ਰਹੋ ਲੇਕਿਨ ਕੁਛ ਦੇਰ ਸੁਬਹ ਔਰ ਸ਼ਾਮ, ਕਮ-ਸੇ-ਕਮ ਦੋ ਬਾਰ ਆਪ ਸਥਿਰ ਹੋ ਕਰਕੇ ਸਿਰ, ਗਰਦਨ ਔਰ ਰੀੜ ਕੀ ਹੱਡੀ ਕੋ ਸੀਧਾ ਰੱਖ ਕਰ upper body (ਸਰੀਰ ਕਾ ਉਪਰੀ ਭਾਗ) ਕਾ ਜੋ weight (ਭਾਰ) ਹੈ, locomotive (ਟਾਂਗ ਔਰ ਪੈਰ) ਪਰ ਨਾ ਛੋਡ ਕਰ ਆਪ ਬੈਠ ਜਾਏਂ। ਬੇਹਤਰ ਯਹੀ ਹੈ, ਕਿਸੀ ਭੀ ਮੁਦਰਾ ਮੇਂ ਬੈਠ ਕਰ, ਅਬ ਇਸ ਕੇ ਬਾਦ ਕਿਆ ਕਰੇਂ ਆਪ; ਅਗਰ ਕੁਛ ਟਾਈਮ ਦੇ ਦੇਂਗੇ ਮਨ ਕੋ, ਤੋ ਮਨ ਇਧਰ ਉਧਰ ਕੋ ਭਾਗ ਜਾਏਗਾ। ਇਸ ਕੇ ਬਾਦ ਆਪ ਕੋ ਸੀਧੇ ਸੁਆਸ ਪਰ ਧਿਆਨ ਦੇਨਾ ਚਾਹੀਏ। ਸੁਆਸ ਲੇ ਰਹੇ ਹੈਂ; ਗਹਿਰੀ ਸੁਆਸ ਹੋਨੀ ਚਾਹੀਏ, ਇਸ ਮੇਂ ਝਟਕੇ ਨਹੀਂ ਹੋਨੇ ਚਾਹੀਏ, ਇਸ ਮੇਂ ਅਵਾਜ਼ ਨਹੀਂ ਹੋਨੀ ਚਾਹੀਏ ਔਰ ਸੁਆਸ ਲੇਨੇ ਮੇਂ ਔਰ ਛੋਡਨੇ ਮੇਂ, ਜਿਸ ਕੋ ਪਰਾਨ ਔਰ ਉਪਾਨ ਕਹਤੇ ਹੈਂ; They are considered to be two guards of city of life. (ਉਨ ਕੋ ਸਰੀਰ ਕੇ ਦੋ ਪਹਿਰੇਦਾਰ ਸਮਝਾ ਜਾਤਾ ਹੈ); ਉਨ ਪੇ watch (ਨਿਗਰਾਨੀ) ਕਰ ਰਹੇਂ ਹੈਂ - ਪ੍ਰਾਨ ਔਰ ਉਪਾਨ। ਏਕ ਬਚਿਤਰ ਚੀਜ਼ ਹੈ ਯੇ; ਜਿਸਨੇ ਇਸ ਵਿਦਿਆ ਕੋ ਸੀਖ ਲੀਆ, ਉਸ ਕੇ ਪਾਸ ਮੌਤ ਨਾਮ ਕੀ ਕੋਈ ਭੀ ਚੀਜ਼ ਕਭੀ ਨਿਕਟ ਨਹੀਂ ਆ ਸਕਤੀ। ਕਿਉਂ? Pause means death; ਸੁਆਸ ਲੇ, ਔਰ ਫਿਰ ਛੋੜੇ ਨਹੀਂ; ਔਰ ਸੁਆਸ ਛੋਡੇ, ਫਿਰ ਲੇ ਨਹੀਂ; ਵਹੀ ਤੋ death (ਮੌਤ) ਹੈ। ਪਰ ਜੋ ਵਿਅਕਤੀ ਇਸ ਵਿਦਿਆ ਕੋ ਸੀਖ ਲੇਤਾ ਹੈ, ਵੋ death ਅਪਨੀ ਇੱਛਾ ਸੇ 'ਇੱਛਾ ਮ੍ਰਿਤੂ' ਹੋਤੀ ਹੈ; ਜੈਸੇ gown (ਚੋਲਾ) ਕੋ ਤਿਆਗ ਦੀਆ ਜਾਤਾ ਹੈ, ਤਕੀਆ ਕੇ cover (ਗਿਲਾਫ) ਕੋ ਫੈਂਕ ਦੀਆ ਜਾਤਾ ਹੈ, book (ਕਿਤਾਬ) ਕੀ ਜਿਲਦ ਕੋ ਫੈਂਕ ਦੀਆ ਜਾਤਾ ਹੈ, ਦੂਸਰੀ ਲਗਾਈ ਜਾਤੀ ਹੈ; ਵੈਸੇ ਹੀ ਵੋ ਸਰੀਰ ਕੋ ਭੀ ਅਲੱਗ ਕਰ ਦੇਤਾ ਹੈ। ਮੌਤ ਸੇ ਮੂਰਖ ਭੈ ਖਾਤੇ ਹੈਂ ਕਿਉਂਕਿ ਉਨ ਕੋ ਉਸ ਕਾ ਗਿਆਨ ਨਹੀਂ ਹੈ। ਸੰਤ ਔਰ ਯੋਗੀ ਕੇ ਲੀਏ ਕੋਈ ਮੌਤ ਨਹੀਂ ਹੈ। ਅਬ ਹੈ ਜੀਵਨ - ਜੀਨੇ ਮੇਂ ਹੀ ਆਨੰਦ ਹੈ; ਦੁੱਖ ਸੇ ਔਰ ਭੈ ਸੇ ਜੀਵਤ ਰਹਿਨੇ ਮੇਂ ਕਿਆ ਅਨੰਦ ਹੈ? ਕੁਛ ਭੀ ਆਨੰਦ ਨਹੀਂ।

ਗੁਰੂ ਨਾਨਕ ਦੇਵ ਜੀ ਨੇ ਏਕ ਮਹਾਨ ਬਾਤ ਕਹੀ ਹੈ ਔਰ ਅਗਰ ਕੋਈ ਸਾਧਕ ਅਪਨੇ ਪੱਲੇ ਇਸ ਬਾਤ ਕੋ ਰੱਖ ਲੇ ਤੋ ਫਿਰ ਕੁਛ ਬਨ ਪਾਏਗਾ। ਸਾਰੇ ਸੰਸਾਰ ਕੇ ਸਭੀ ਸੁਖੋਂ ਕੋ ਨਿਰੂਪਣ ਕੀਆ- ਉਨਹੋਂ ਨੇ, Analysis (ਵਿਸ਼ਲੇਸ਼ਣ) ਕੀਆ ਔਰ ਦੇਖਾ, ਸਾਰੇ ਸੰਸਾਰ ਮੇਂ ਸੁਖ ਤੋ ਕਹੀਂ ਹੈ ਹੀ ਨਹੀਂ -

***ਨਾਨਕ ਦੁਖੀਆ ਸਭੁ ਸੰਸਾਰੁ।।***

***.................................. ਪੰਨਾ - 954***

ਸਭ analysis (ਵਿਸ਼ਲੇਸ਼ਣ) ਕਰਕੇ ਉਨਹੋਂ ਨੇ ਦੇਖਾ ਕਿ ਸੁਖ ਤੋ ਕੇਵਲ ਨਾਮ ਕੇ ਆਧਾਰ ਮੇਂ ਹੈ, ਵਰਨਾ ਬਹੁਤ ਫਰਕ ਹੈ। ਨਾਮ ਜਪਨੇ ਔਰ ਸੰਪੂਰਨ ਨਾਮ ਕੇ ਉਪਰ ਹੀ ਆਧਾਰ ਰਹਨਾ, ਪੂਰਨ ਵਿਸ਼ਵਾਸ਼ ਕਰਕੇ ਅਪਨੇ ਜੀਵਨ ਕੋ ਛੋਡ ਦੇਨਾ - ਅਬ ਯੇ ਤੋ ਗੁਰਮੁਖ ਬਾਤ ਹੈ। ਵੋ ਨਾਮ ਕਿਆ ਹੈ? ਬਾਈਬਲ ਕਹਿਤੀ ਹੈ In the begining, there was a word and word was in God and God was in word. ਲੇਕਿਨ ਜਿਨਹੋਂ ਨੇ ਗ੍ਰੰਥ ਸਾਹਿਬ ਕਾ ਸਵਾਧਯ ਕੀਆ, ਉਨ ਕੋ ਉਸ ਨਾਮ ਕਾ ਗਿਆਨ ਹੈ। 'ੴ ਸਤਿਨਾਮੁ ਸ੍ਰੀ ਵਾਹਿਗੁਰੂ' - ਏਕ ਹੈ, ਦੋ ਨਹੀਂ

ਹੈ; ਦੋ ਕੇ ਲੀਏ ਕੋਈ ਜਗਹ ਨਹੀਂ ਹੈ। ਜਿਸ ਵਕਤ ਯੇ knowledge (ਗਿਆਨ) ਹੋ ਜਾਏਗਾ; ਸਰਬਤ੍ਰ ਏਕ ਹੀ ਏਕ ਹੈ ਤੋ ਫਿਰ ਪ੍ਰਸ਼ਨ ਹੀ ਕਹਾਂ? ਯੇ ਤਬ ਹੋਤਾ ਹੈ ਜਬ ਆਦਮੀ ਸਾਧਨਾ ਕਰਤਾ ਹੈ, ਸਾਧਕ ਸਾਧਨਾ ਕਰਤਾ ਹੈ। ਸਾਧਨਾ ਕੀ ਤੀਨ ਪਉੜੀਆਂ ਹੋਤੀ ਹੈਂ; ਮੈਂ ਤੇਰਾ ਹੂੰ, ਮੁਝੇ accept (ਕਬੂਲ) ਕਰ ਲੇ! ਜਿਸ ਕੋ ਵਿਸ਼ਵਾਸ਼ ਹੋ ਜਾਤਾ ਹੈ, ਤੋ ਕੁਛ ਦਿਨੋਂ ਮੇਂ ਆਤਾ ਹੈ ਕਿ ਤੂੰ ਮੇਰਾ ਹੈ; ਅਬ ਮੈਂ ਔਰ ਤੂੰ ਇਤਨੇ ਘੁਲ ਮਿਲ ਗਏ ਹੈਂ ਕਿ ਮੈਂ ਤੋ ਸਮਝ ਈ ਨਹੀਂ ਸਕਤਾ ਕਿ ਮੈਂ ਕਹੀਂ ਹੂੰ; ਮੈਂ ਤੋ ਹੂੰ ਹੀ ਨਹੀਂ, ਤੂੰ ਹੀ ਤੂੰ ਸਰਬਤ੍ਰ ਹੈ। ਐਸੀ ਦਸ਼ਾ ਮੇਂ ਮਹਾਂਪੁਰਸ਼ੋਂ ਨੇ ਮਹਾਂਵਾਕਯ ਕਹੇ ਹੈਂ - 'ਅਹੰਬ੍ਰਹਮ ਅਸ੍ਮੀ', ਵੋ ਅਨੁਭੂਤਿ ਹੋ ਜਾਤੀ ਹੈ, ਵੋ ਗਿਆਨ ਹੋ ਜਾਤਾ ਹੈ ਔਰ ਉਸੀ ਗਿਆਨ ਸੇ ਮਨੁਸ਼ਯ ਮੁਕਤ ਹੋ ਜਾਤਾ ਹੈ।

ਮੈਂ ਆਪ ਕੋ ਛੋਟੀ ਸੀ ਏਕ ਕਹਾਨੀ ਸੁਨਾ ਕਰ, ਜਿਸਮੇਂ ਏਕ ਸਤਿਯ ਹੈ, ਯੇ ਸਰੀਰ (ਮੇਰਾ ਸਰੀਰ) ਜੋ ਆਪ ਕੇ ਸਾਮਨੇ ਹੈ, ਉਸੀ ਕੇ ਪੂਰਵਜੋਂ ਕੇ ਪਰਿਵਾਰ ਕੀ ਬਾਤ ਹੈ ਯੇ ਸਤਿਯ ਬਾਤ ਹੈ, ਇਸ ਮੇਂ ਕੋਈ ਝੂਠੀ ਘੜਤ ਨਹੀਂ ਹੈ। ਪਹਾੜ ਮੇਂ ਏਕ ਜਗਹ ਸੇ ਦੂਸਰੀ ਜਗਹ ਜਾਨੇ ਕੇ ਲੀਏ ਮੋਟਰੇਂ ਔਰ ਕੋਈ ਦੂਸਰਾ ਯੰਤਰ ਤੋ ਥਾ ਨਹੀਂ। ਔਰ ਹਮਾਰੇ ਪੂਰਵਜ, ਜਿਨ ਕੀ ਇਸਤਰੀ ਕਾ ਪਹਿਲਾ ਬੱਚਾ ਹੋਨੇ ਵਾਲਾ ਥਾ, ਉਸਨੇ ਕਹਾ, ਪਹਿਲਾ ਬੱਚਾ ਮਾਇਕੇ ਮੇਂ ਹੋਨਾ ਚਾਹੀਏ ਕਿਉਂਕਿ ਮਮਾ ਬੱਚੇ ਕੇ ਬਹੁਤ ਨਿਕਟ ਹੋਤੀ ਹੈ; ਮਦਦ ਕਰੇਗੀ। ਤੋ ਰਾਸਤੇ ਮੇਂ ਹੀ ਉਸ ਕੋ pain (ਦਰਦ) ਹੂਆ ਔਰ ਬੱਚਾ ਉਤਪੰਨ ਹੋ ਗਿਆ। ਰਾਸਤੇ ਮੇਂ ਏਕ ਸਾਧੂ ਜਾ ਰਹੇ ਥੇ। ਤੋ ਉਸਨੇ ਬੱਚੇ ਕੋ ਦੇਖਾ, ਇਸਤਰੀ ਕੀ ਮਿਰਤੂ ਹੋ ਗਈ ਥੀ; ਉਸੀ ਹਾਲਤ ਮੇਂ ਉਸਨੇ ਪੱਤੋਂ ਕੇ ਬੀਚ ਮੇਂ ਬੱਚੇ ਕੋ ਰੱਖਾ। ਉਸਨੇ ਦੇਖਾ ਕਿ ਮੇਰਾ ਤੋ ਸਮਯ ਆ ਗਿਆ ਹੈ ਕਿ ਮੈਂ ਧਿਆਨ ਕਰੂੰ, ਤੋ ਮੈਂ ਕਿਆ ਕਰੂੰ ? ਇਸਤਰੀ ਕਾ ਜੋ ਸ਼ਵ ਹੈ, ਇਸ ਕੋ ਜਲਾਊਂ ਯਾ ਬੱਚੇ ਕੀ ਰਖਸ਼ਾ ਕਰੂੰ ਯਾ ਧਿਆਨ ਕਰੂੰ? ਤੋ ਉਸਕੇ ਮਨ ਮੇਂ ਆਇਆ ਕਿ ਮੈਂ ਧਿਆਨ ਕਰੂੰਗਾ। ਤੋ ਏਕ ਨਦੀ ਥੀ, ਬੈਠ ਕਰਕੇ ਧਿਆਨ ਕਰਨੇ ਲਗਾ। ਜਿਸਕੋ ਆਦਤ ਹੋਤੀ ਹੈ - ਧਿਆਨ ਕਰਨੇ ਕੀ, ਵੋ ਛੋੜਤਾ ਵੋੜਤਾ ਕੁਛ ਨਹੀਂ; ਸਬ ਸੁਤਯ ਹੀ ਛੂਟ ਜਾਤਾ ਹੈ, ਸਰੀਰ ਕਾ ਅਭਾਨ ਨਹੀਂ ਰਹਤਾ; ਮੈਂ ਕੌਨ ਹੂੰ? ਇਸਕਾ ਧਿਆਨ ਨਹੀਂ ਰਹਤਾ। ਔਰ ਕਈ ਸਥਿਤੀਆਂ ਆ ਜਾਤੀ ਹੈਂ, ਜੈਸੇ ਕਿ ਜਿਸੇ ਸਮਾਧੀ ਕਹਿਤੇ ਹੈਂ; ਸਮਾਧੀ ਕਿਸੇ ਕਹਤੇ ਹੈਂ? ਉਸ ਕਾ ਏਕ ਸੰਧਿ ਹੈ - ਸਮਾ-ਇਤਿਮ। ਜਿਸ ਵਕਤ ਕੋਈ question (ਪ੍ਰਸ਼ਨ) ਰਹੇਗਾ ਹੀ ਨਹੀਂ ਤੋ ਮਨ ਕੀ ਕਿਆ ਹਾਲਤ ਹੋਗੀ? ਮਨ ਤੋ ਵਾਦਾ-ਵਿਵਾਦ ਕਰਤਾ ਰਹਤਾ ਹੈ। ਏਕ ਸਮਯ ਐਸਾ ਆਤਾ ਹੈ ਜਬ ਕਿ ਮਨ ਮੇਂ ਕੋਈ quesiton ਹੀ ਨਹੀਂ, ਫਿਰ ਮਨ ਕਹਾਂ ਜਾਏਗਾ? ਮਨ ਉਸੀ ਸਥਿਤੀ ਮੇਂ ਚਲਾ ਜਾਏਗਾ - ਆਨੰਦਿਤ ਪਰਮਾਨੰਦਿਤ ਸਥਿਤੀ ਮੇਂ ਚਲਾ ਜਾਏਗਾ, ਉਸੀ ਕੋ ਸਮਾਧੀ ਕਹਤੇ ਹੈਂ। ਸਮਾ-ਇਤਿਮ - When all questions are resolved, mind attains a state of freedom, ਉਸ state of freedom ਕੋ ਹੀ ਸਮਾਧੀ ਕਹਤੇ ਹੈ।

ਅਬ ਬੋਲੀਏ ਸਮਾਧੀ ਪ੍ਰਾਪਤ ਕਰਨੇ ਕੇ ਲੀਏ ਕਿਆ ਕਰਨਾ ਪੜੇਗਾ? ਕੁਛ ਕਰਨੇ ਕੀ ਜ਼ਰੂਰਤ ਨਹੀਂ। ਕਹੀਂ ਸੁਆਮੀ ਬਨਨਾ ਪੜੇਗਾ, ਸਾਧੂ ਬਨਨਾ ਪੜੇਗਾ, ਕੋਈ ਪਾਖੰਡ ਕਰਨਾ ਪੜੇਗਾ, ਕੋਈ ਮਠ ਮੰਦਰ ਬਨਾਨਾ ਪੜੇਗਾ? ਨਹੀਂ, ਜਹਾਂ ਹੈਂ, ਵਹੀਂ ਰਹੀਏ ਔਰ ਅਪਨੇ ਅੰਦਰ, ਜੋ ਸਬ ਸੇ ਮਹਾਨ ਮੰਦਿਰ ਹੈ, ਇਸ ਕੇ ਅੰਦਰ ਪ੍ਰਵੇਸ਼ ਕਰਨੇ ਕੀ ਵਿਦਿਆ ਦੇਖੋਂ। ਜੋ ਇਸ ਵਿਦਿਆ ਕੋ ਜਾਨਤਾ ਹੈ, ਉਸੇ ਸਭ ਕੁਛ ਪ੍ਰਾਪਤ ਹੋ ਜਾਏਗਾ। ਕਿਸੀ ਨੇ ਕਹਾ ਥਾ - ਰੱਬ ਦਾ ਕੀ ਪਾਉਣਾ, ਇਥੋਂ ਤੋੜਨਾ ਉਥੇ ਲਾਉਣਾ। ਹਮਨੇ ਕਹਾ ਕਿ ਬਾਤ ਕਿਆ ਹੈ, ਈਸ਼ਵਰ ਸੇ ਕੈਸੇ ਮਿਲੇਂ? ਸਰਲ ਬਾਤ ਹੈ, ਸਭ ਸੇ ਸਰਲ ਬਾਤ ਯਹੀ ਹੈ। ਸਭ ਸੇ ਸਰਲ ਬਾਤ ਕਿਆ ਹੈ? ਇਧਰ ਤੋੜ ਕੇ ਉਧਰ ਜੋੜ ਦੋ। ਤੋੜਨੇ ਕੀ ਬਾਤ ਤੋ ਕਿਆ ਹੈ, ਮੂੰਹ ਮੋੜਨੇ ਕੀ ਬਾਤ ਹੈ। ਜਿਸ ਵਕਤ ਆਪ ਅਪਨੇ ਮਨ ਕੋ ਅੰਤਰਮੁਖ ਕਰ ਲੋਗੇ; ਮਨ, ਸਰੀਰ, ਇੰਦ੍ਰੀਆਂ ਔਰ ਸੁਆਸ ਬਾਹਰੀਯ ਬ੍ਰਿਤੀ ਕੋ ਤਿਆਗ ਕਰਕੇ ਔਰ ਅੰਤਰਮੁਖ ਹੋਨੇ ਲਗੇਗਾ, ਮਨ ਉਸੀ ਦਿਨ ਸ਼ਾਂਤ ਹੋ ਜਾਏਗਾ, ਔਰ ਸ਼ਾਂਤ ਮਨ ਆਤਮ ਅਨੁਭੂਤੀ ਕਰਤਾ ਹੈ, ਜਹਾਂ ਪ੍ਰਮਾਤਮਾ ਕਾ ਨਿਵਾਸ ਹੈ। ਰੇ ਮਨੁਸ਼ਯ! ਜੋ ਈਸ਼ਵਰ Omnipresent, omniscient and omnipotent (ਸਰਬ-ਵਿਆਪਕ, ਸਰਬੱਗ ਅਤੇ ਸਰਬ-ਸ਼ਕਤੀਮਾਨ) ਹੈ; ਵੋ ਤੇਰੇ ਅੰਦਰ ਭੀ ਤੋ ਹੈ, ਕਿਉਂ ਇਧਰ ਉਧਰ ਭਾਗਤਾ ਹੈ ਭਾਈ? ਕਿਉਂ ਇਧਰ ਉਧਰ ਦੌੜਤਾ ਹੈ? ਯੇ ਭ੍ਰਮ ਹੈ - ਤੇਰਾ। ਤੁਝੇ ਕਹੀਂ ਕੋਈ ਕੁਛ ਨਹੀਂ ਦੇ ਸਕਤਾ; ਜਾਨ ਇਸ ਚੀਜ਼ ਕੋ। ਅਪਨੇ ਮਨ ਕੋ ਅੰਤਰ ਮੁਖ ਕਰ ਔਰ ਉਸਮੇਂ ਨਾਮ ਜਪ ਕਾ, ਸਿਮਰਨ ਕਰਨੇ ਕਾ ਬੜਾ ਆਨੰਦ ਹੈ। ਸੱਦਤ ਨਾਮ ਜਪਤਾ ਰਹੇ, ਜਿਸ ਵਕਤ ਮਨ, ਮਨੋ ਲੈਅ ਹੋ ਜਾਤਾ ਹੈ; ਦੋ ਸਥਿਤੀਆਂ ਆਤੀ ਹੈਂ। ਏਕ ਤੋ ਪੇੜ ਕਟ ਜਾਤਾ ਹੈ, ਲੇਕਿਨ ਫਿਰ ਕੁਛ ਦਿਨੋਂ ਮੇਂ ਉਸਕੇ ਅੰਕੁਰ ਆ ਜਾਤੇ ਹੈਂ; ਦੂਸਰੀ ਸਥਿਤੀ ਮੇਂ ਮਨੋ-ਨਾਸ਼ ਹੋ ਜਾਤਾ ਹੈ, ਮਨ ਰਹਿਤਾ ਹੀ ਨਹੀਂ। ਯੇ ਕਬੀਰ ਸਾਹਿਬ ਨੇ ਇਸ ਕੋ self surrender (ਆਤਮ-ਸਮਰਪਣ) ਕਰਕੇ explain (ਬਿਆਨ) ਕੀਆ - **"ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥ ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥"** ਮਨੁਸ਼ਯ ਕਹਤਾ ਹੈ - ਮੈਨੇ ਯੇ ਕੀਆ ਅਰ ਵੋ ਕੀਆ॥ ਅਰੇ ਕਿਆ ਕੀਆ, ਤੇਰਾ ਹੈ ਬੀ ਕਿਆ ਜੋ ਤੂੰ ਕੁਛ ਕਰ ਸਕਤਾ ਹੈ? ਯੇ ਤੋ ਕੇਵਲ ਏਕ ਅਹੰਕਾਰ ਹੈ। ਹੇ ਪ੍ਰਭੂ! ਜੋ ਤੇਰੀ ਹੀ ਵਸਤੂ ਹੈ, ਅਗਰ ਮੈਨੇ ਤੁਝ ਕੋ ਸਉਂਪ ਦੀ, ਤੋ ਕੌਨ ਸੀ ਮੈਨੇ ਬੜੀ ਭਾਰੀ ਪੂਜਾ ਕਰ ਦੀ; ਵੋ ਤੋ ਕਰਨੀ ਹੀ ਚਾਹੀਏ। ਤੋ self surrender is highest of all yogas, highest of all paths, I' am thy in dark mind, then I & thou are one and we are inseparately mingled for ever and ever.

ਇਸ ਤਰਹ ਕੀ ਆਨੰਦ ਅਨੁਭੂਤੀ ਜਬ ਹੂਈ - ਮੈਂ ਆਪ ਕੋ ਆਜ ਅਪਨਾ ਏਕ ਰਾਜ ਬਤਾ ਹੀ ਦੂੰ ਕਿ ਮੈਂ ਗੁਰੂ ਨਾਨਕ ਦੇਵ ਜੀ ਕੋ ਕਬ ਸੇ ਮਾਨਤਾ ਹੂੰ। ਬਤਾਨਾ ਤੋ ਨਹੀਂ ਚਾਹੀਏ ਥਾ, Secret (ਭੇਦ) ਤੋ secret (ਭੇਦ) ਰਹਨਾ ਚਾਹੀਏ ਲੇਕਿਨ ਸੰਤੋਂ ਕੇ ਸਾਮਨੇ ਬਤਾਨੇ ਮੇਂ ਕੋਈ ਹਰਜ਼ ਨਹੀਂ। ਏਕ ਬਾਰ ਮੈਂ ਪਹਾੜ ਸੇ ਗਿਰ ਪੜਾ। ਖੜਾਂਵ ਪਹਿਨਤਾ ਥਾ, ਰਿਪਟ ਗਈ plants (ਝਾੜੀਓਂ) ਕੀ needles (ਕਾਂਟੇ) ਮੇਂ। ਲੁੜਕਤੇ-ਲੁੜਕਤੇ ਨੀਚੇ, ਜਬ ਗਿਆ, ਤੋ ਏਕ ਛੋਟੀ ਸੀ ਝਾੜੀ ਥੀ, ਉਸ ਝਾੜੀ ਮੇਂ ਮੈਂ ਅਟਕ ਗਿਆ ਔਰ ਏਕ ਖੂੰਟਾ ਮੇਰੇ ਪੇਟ ਮੇਂ ਗਡ ਗਿਆ, ਜਿਸ ਕਾ ਨਿਸ਼ਾਨ ਅਬੀ ਤੱਕ ਹੈ। ਮੈਨੇ ਸਭ ਮੰਤਰ ਜਪ, ਜਪ ਡਾਲੇ, ਸਬ ਕਾ ਨਾਮ ਲੇ ਲਿਆ; ਕੁਛ ਭੀ ਨਹੀਂ ਹੂਆ। ਇਸ ਜੀ ਕੋ, ਉਸ ਜੀ ਕੋ, ਸਭ ਕਾ ਨਾਮ ਲੀਆ। ਮੈਨੇ ਕਹਾ, ਯੇ ਤੋ ਕਿਆ ਬਾਤ ਹੈ, ਕਿਆ ਮੇਰਾ ਅੰਤ ਆਨੇ ਵਾਲਾ ਹੈ? ਅੰਦਰ ਸੇ ਆਵਾਜ਼ ਆਈ, ਨਹੀਂ, ਅਭੀ ਤੋ ਬਹੁਤ

ਭੋਗਨਾ ਹੈ; ਅੰਤ ਕਹਾਂ ਸੇ ਆਏਗਾ। ਬਹੁਤ ਭੋਗਨਾ ਪੜਤਾ ਹੈ ਨਾ - ਸੰਸਾਰ ਮੇਂ! ਤੋ ਮੈਨੇ ਕਹਾ, ਸਭ ਕੋ ਯਾਦ ਕੀਆ; ਏਕ ਕੋ ਮੈਨੇ ਅਭੀ ਯਾਦ ਨਹੀਂ ਕੀਆ, ਦੇਖੋ ਕਿਆ ਹੋਤਾ ਹੈ। ਐ ਮੇਰੇ Lord (ਮਾਲਕ) ਨਾਨਕ! ਕਹਾਂ ਗਿਆ ਤੂੰ, ਤੂੰ ਮੁਝੇ ਪਿਆਰ ਕਰਤਾ ਥਾ, ਮੇਰੇ ਅੰਦਰ ਤੋ ਕੋਈ ਸ਼ਕਤੀ ਨਹੀਂ। ਮੇਰੇ ਸਾਮਨੇ ਕੋਈ ਆਇਆ ਔਰ ਮੁਝੇ ਯੂੰ ਕਰਕੇ, ਉਠਾ ਕਰਕੇ ਪੀਛੇ ਧਕੇਲ ਦੀਆ। ਉਸ ਵਕਤ ਮੈਨੇ ਦੇਖਾ ਕਿ ਕੁਝ ਪਹਾੜੀ ਔਰਤੇਂ ਪੀਛੇ ਥੀ, ਜੋ ਰਸੀ ਜੋੜ ਕਰਕੇ ਨੀਚੇ ਆਈਂ। ਔਰ ਉਨਹੋਂ ਨੇ ਮੁਝੇ ਖੀਂਚ ਲੀਆ ਊਪਰ। ਵੋ ਸਥਾਨ ਅਭੀ ਭੀ ਹੈ। ਮੈਂ ਏਕ ਬਾਰ ਵਹਾਂ ਏਕ ਗੁਰੂਦੁਆਰਾ ਬਨਾਨਾ ਚਾਹਤਾ ਥਾ। ਤੋ ਰਾਤ ਕੋ ਸਵਪਨ ਮੇਂ ਬੋਲੇ, "ਤੇਰੇ ਕੋ ਵੋ ਡੰਡੇ ਬਰਸਾਊਂਗਾ, ਤਬੀਅਤ ਠੀਕ ਹੋ ਜਾਏਗੀ। ਬੜਾ ਗੁਰੂਦੁਆਰਾ ਬਨਾਨੇ ਵਾਲਾ ਆਇਆ! ਹਾਂ, ਕਿਤਨੇ ਗੁਰੂਦੁਆਰਾ ਦੁਨੀਆਂ ਮੇਂ ਬਨੇ, ਔਰ ਕੋਈ ਨਾਮ ਸਿਮਰਨ ਹੀ ਨਹੀਂ ਕਰਤਾ ਹੈ। ਤੂੰ ਨਇਆ ਗੁਰੂਦੁਆਰਾ ਬਨਾਏਗਾ ਅਬੈ।" ਫਿਰ ਮੈਂ ਚੁਪ ਹੋ ਗਿਆ।

ਜਿਸਨੇ ਅਪਨੇ ਇਸ ਮੰਦਿਰ ਕੋ ਗੁਰੂਦੁਆਰਾ ਬਨਾ ਲੀਆ, ਵੋ ਧੰਨਯ ਹੈ: ਔਰ ਇਸੀ ਜਨਮ ਮੇਂ ਹੋ ਸਕਤਾ ਹੈ। ਬਸ ਏਕ ਖਿਆਲ ਰਖੇ, ਹਰ ਕਮਰੇ ਮੇਂ ਅਪਨੇ ਏਕ ਚੀਜ਼ ਰਖੋ। ਨਾਮ ਸਿਮਰਨ ਸਭ ਜਗਹ; bathroom (ਗੁਸਲਖਾਨਾ) ਤਕ ਭੀ ਸਿਮਰਨ ਕਰਨਾ ਚਾਹੀਏ, ਕਹੀਂ ਭੀ ਹੋ। ਮਨ ਸੇ ਸਿਮਰਨ ਕੀਆ ਜਾਤਾ ਹੈ। ਤੋ ਜਪਤੇ ਜਪਤੇ ਜਬ ਜਪ, ਅਜਪਾ ਜਾਪ ਚਲਨੇ ਲਗਤਾ ਹੈ, ਤਬ ਆਦਮੀ ਕੋ ਵਿਸ਼ਵਾਸ਼ ਹੋ ਜਾਤਾ ਹੈ, ਠੀਕ ਹੈ। ਸੋ ਕੇ ਉਠਾ ਹੈ, ਏਕ ਦਮ ਜਪ ਚਲ ਰਹਾ ਹੈ। ਗੁਸਾ ਨਾਮ ਕੀ ਤੋ ਕੋਈ ਚੀਜ਼ ਹੀ ਨਹੀਂ ਰਹਿਤੀ। ਕਿਸੀ ਨੇ ਕਹਿ ਦੀਆ, ਬਦਮਾਸ਼ ਹੈ ਯੇ; ਕਿਆ ਫਰਕ ਪੜਤਾ ਹੈ।

ਮੈਨੇ ਏਕ ਬਾਰ ਦੇਖਾ, ਕੁਛ ਲੋਗੋਂ ਨੇ ਖੂਬ ਫੂਲ ਬਰਸਾਏ; ਬੋਲੇ ਸੁਆਮੀ ਰਾਮ ਤੋ ਅੱਛਾ ਹੈ! ਯੇ ਹੈ, ਸੋ ਹੈ। Prosecution ਹੈ - ਤਾਰੀਫ ਕਰਨਾ ਕਿਸੀ ਕੀ। ਸਾਧਕ ਕੀ ਤਾਰੀਫ ਕਰ ਲੋ, ਤੋ ਉਸਕਾ ਪਤਨ ਹੈ। ਸੁਬਹ ਸੇ ਲੇਕਰ ਦੁਪਹਿਰ ਤਕ ਖੂਬ ਲੋਗੋਂ ਨੇ ਕਹਾ। ਹਮ ਨੇ ਕਹਾ, ਯੇ ਤੋ ਬਹੁਤ ਬੁਰੀ ਬਾਤ ਹੈ। ਬਹੁਤ ਨੁਕਸਾਨ ਹੋ ਜਾਏਗਾ - ਇਸ ਤਰਹ ਸੇ; ਠੀਕ ਨਹੀਂ ਹੈਂ। ਤੋ ਹਮਨੇ ਕਹਾ, ਚਲੋ weight (ਵਜ਼ਨ) ਦੇਖੇਂ, ਹਮਾਰਾ weight ਘਟਾ ਹੈ ਯਾ ਬੜ੍ਹਾ ਹੈ। ਤੋ ਜੈਸੇ ਕਲ ਥਾ, ਉਤਨਾ ਹੀ ਥਾ। ਫਿਰ ਏਕ ਦਿਨ ਲੋਗੋਂ ਨੇ ਖੂਬ ਗਾਲੀਆਂ ਦੀ - ਯੇ ਗੁੰਡਾ ਹੈ, ਬਦਮਾਸ਼ ਹੈ, ਯੇ ਚੋਰ ਹੈ, ਲਫੰਗਾ ਹੈ; ਜੋ ਨਹੀਂ ਬੋਲਨਾ ਚਾਹੀਏ - ਖੂਬ ਬੋਲਾ। ਹਮਨੇ ਕਹਾ ਫਿਰ ਤੋ weight ਲਓ; weight ਉਤਨਾ ਹੀ ਥਾ। ਮੇਰੇ ਕਹਨੇ ਕਾ ਮਤਲਬ ਯੇ ਹੈ ਕਿ ਯੇ ਤੋ ਏਕ ਮੇਲਾ ਹੈ; ਅਪਨਾ ਮਾਰਗ ਢੂੰਡਨਾ ਚਾਹੀਏ, ਨਿਕਲ ਜਾਨਾ ਚਾਹੀਏ - ਇਸ ਸੇ ਆਗੇ। ਸੁਖ ਦੁਖ ਸੇ ਭੀ ਪਰੇ ਏਕ ਸਥਿਤੀ ਹੈ ਜਿਸ ਕੇ ਲੀਏ 'ਸਮ' ਸ਼ਬਦ ਆਇਆ ਹੈ, ਸਮ ਬਿਰਤੀ ਹੋ ਜਾਤੀ ਹੈ। ਔਰ ਮੈਨੇ ਆਪ ਸੇ ਕਹਾ ਹੈ ਕਿ ਬਨ-ਬਨ ਡੋਲਨੇ ਕੀ ਆਵਸ਼ਕਤਾ ਨਹੀਂ, ਕਹੀਂ ਕੁਛ ਨਹੀਂ ਮਿਲੇਗਾ ਆਪ ਕੋ। ਔਰ ਊਪਰ ਜਾਓਗੇ ਤੋ Army ਲਗੀ ਹੈ - border (ਸੀਮਾ) ਪੇ, ਵੋ ਤੁਮ ਕੋ prosecute ਕਰੇਂਗੇ, ਔਰ ਨੀਚੇ ਜਾਓਗੇ ਤੋ dampness (ਨਮੀ) ਹੋਗੀ, ਤੁਮਾਰਾ ਬਦਨ ਦਰਦ ਕਰੇਗਾ; ਖਾਨਾ ਵਹਾਂ ਕੁਛ ਮਿਲੇਗਾ ਨਹੀਂ, ਹਰ ਵਕਤ ਤੁਮ ਖਾਨੇ ਕੀ ਸੋਚਤੇ ਰਹੋਗੇ; ਬੇਕਾਰ ਚੀਜ਼ੇਂ ਹੈਂ। ਹਮਨੇ ਕਰਕੇ ਦੇਖ ਲੀ ਹੈਂ ਸਭ; ਤੋ ਹਮਾਰੀ ਬਾਤ ਮਾਨੋ। ਯਹੀਂ ਜਹਾਂ ਪਰ ਹੋ, ਵਹੀਂ ਪਰ ਰਹੋ। ਯੇ ਮਨ ਸੇ ਬਿਲਕੁਲ ਹਟਾ ਦੋ ਕਿ ਇਧਰ ਉਧਰ ਭਟਕਨੇ ਸੇ ਕੁਛ ਮਿਲਤਾ ਹੈ - Waste of time and energy ਹੈ, ਸਮਯ ਔਰ ਸ਼ਕਤੀ ਬਰਬਾਦ ਕਰਨਾ ਹੈ। ਮੈਂ ਆਪ ਕੋ ਗੁਮਰਾਹ ਕਰਨੇ ਵਾਲੀ ਬਾਤ ਨਹੀਂ, ਸਤਯਤਾ ਕੀ ਬਾਤ ਕਹਤਾ ਹੂੰ। ਆਪ ਸੁਤਯ ਹੀ ਸਬ ਕੇ ਸਬ ਸੁਆਮੀ ਹੋ। ਸੁਆਮੀ ਕਹਤੇ ਹੈਂ ਜੋ ਅਪਨੇ ਅੰਗ ਪ੍ਰਤਿਅੰਗ ਕਾ, ਮਨ-ਕਰਮ-ਬਚਨ ਕਾ ਮਾਸਟਰ ਹੋ; ਉਸੀ ਕੋ ਸੁਆਮੀ ਕਹਤੇ ਹੈਂ। ਤੋ ਆਪ ਸਬ ਅਪਨੇ ਆਪ ਮੇਂ ਸੁਆਮੀ ਔਰ ਸੁਆਮਿਨ ਹੋ। ਔਰ ਮੈਂ ਸੰਤ ਜੀ ਸੇ ਯਹੀ ਕਹੂੰਗਾ ਕਿ ਯਹੀਂ ਸੇ ਪਹਿਲੇ ਵੋ clinic (ਇਲਾਜ ਕਰਨੇ ਕੀ ਜਗਹ) ਸ਼ੁਰੂ ਹੋ ਜਾਏ, ਜਿਸਕੀ ਹਮ ਲੋਗ ਬਾਤ ਕਰਤੇ ਹੈਂ। ਯੇ ਸਰੀਰ, ਮਨ ਔਰ ਬੁੱਧੀ ਜੋ ਕੁਛ ਭੀ ਮੇਰੇ ਪਾਸ, ਜਿਸੇ ਮੈਂ ਅੱਛਾ ਸਮਝਤਾ ਹੂੰ, ਵੋ ਆਪ ਕੀ ਹੈ; ਜੋ ਬੁਰਾ ਹੈ, ਵੋ ਤੋ ਮੇਰਾ ਹੈ ਈ। ਲੇਕਿਨ ਮੈਨੇ ਆਪ ਸੇ ਕਹਾ, ਅਗਰ ਆਨੰਦ ਲੇਨਾ ਚਾਹਤੇ ਹੋ ਤੋ ਪਾਂਚ ਦਸ ਮਿੰਟ ਸੇ ਜ਼ਿਆਦੇ ਨਹੀਂ। ਕੁਛ ਲੋਗ ਘੰਟੋਂ ਬੈਠਤੇ ਹੈ ਔਰ ਟਾਈਮ ਦੇਖਤੇ ਰਹਿਤੇ ਹੈਂ ਕਿ ਆਜ ਆਧਾ ਘੰਟਾ ਬੈਠਾ, ਕੱਲ ਏਕ ਘੰਟੇ ਬੈਠਾ; ਉਸ ਸੇ ਕੁਛ ਨਹੀਂ, ਬੇਕਾਰ ਚੀਜ਼ ਹੈ ਵੋ।

ਅਗਰ ਦਸ ਮਿੰਟ ਤਕ ਕੋਈ ਅਪਨੇ ਮਨ ਕੀ ਇਕਾਗਰਤਾ ਕੋ ਰਖ ਸਕੇ ਤੋ ਵੋ ਸਮਾਧੀ ਕੋ ਪ੍ਰਾਪਤ ਕਰ ਲੇਤਾ ਹੈ - ਇਸ ਮੇਂ ਕੋਈ ਸੰਦੇਹ ਨਹੀਂ। ਔਰ ਕਭੀ ਕਭੀ ਸਮਾਧੀ ਮੇਂ ਐਸੀ ਭੀ ਅਨੁਭੂਤੀਆਂ ਹੋਤੀ ਹੈਂ ਕਿ ਵਹਾਂ ਦੇਸ਼, ਕਾਲ ਔਰ ਸਮਯ ਸੇ ਪਰੇ ਕੀ ਬਾਤ ਹੋ ਜਾਤੀ ਹੈ। ਮੈਂ ਕੌਨ ਥਾ, ਕਿਆ ਹੂੰਗਾ; ਯੇ ਸਬ ਭੂਲ ਕਰਕੇ here and now ਮੇਂ ਸਥਿਤ ਹੋ ਜਾਤਾ ਹੈ। Neither past nor future but now; here and now. ਇਸ ਲੀਏ ਫਰਕ ਯੇ ਹੈ ਕਿ ਜਿਸ ਵਕਤ ਜਪ ਕੋ ਆਪ ਅੰਤਰਮੁਖ ਹੋ ਕਰਕੇ ਕਰਨੇ ਲਗੋਗੇ, ਉਸੇ ਧਿਆਨ ਕਹਤੇ ਹੈਂ। ਜਬ ਜਪ ਕੋ ਬਾਹਰ ਕਰਨੇ ਲਗੋਗੇ ਤੋ ਜਪ ਕਹਿਲਾਇਆ ਜਾਤਾ ਹੈ। ਫਰਕ ਸਿਰਫ ਇਤਨਾ ਹੀ ਹੈ। ਇਸ ਮੇਂ confuse (ਉਲਝਨ) ਹੋਨੇ ਕੀ ਜ਼ਰੂਰਤ ਨਹੀਂ ਹੈ ਕਿ ਧਿਆਨ; ਯੇ ਨਈ ਚੀਜ਼ ਕਿਆ ਬਤਲਾ ਰਹਾ ਹੈ। ਜਪ ਜਿਤਨੀ ਗਹਿਰਾਈ ਮੇਂ ਆਪ ਕਰਤੇ ਰਹੋਗੇ, ਉਸੇ ਹੀ ਧਿਆਨ ਕਹਤੇ ਹੈਂ। ਸੁਤਯ-ਸੁਤਯ silence (ਚੁੱਪ) ਮੇਂ ਮਨ ਚਲਾ ਜਾਤਾ ਹੈ, ਮਨੋ ਨਾਸ਼ ਹੋ ਜਾਤਾ ਹੈ, ਆਤਮਾ ਅਨੁਭੂਤ ਹੋਨੇ ਲਗਤੀ ਹੈ, ਉਸ ਆਤਮਾ ਕੇ ਅੰਦਰ ਪ੍ਰਮਾਤਮਾ ਨਿਹਿਤ ਹੀ ਕਾ ਅਨੁਭਵ ਹੋਨੇ ਲਗਤਾ ਹੈ। ਇਸੀ ਕੋ ਸਮਾਧੀ ਸਥਿਤ ਕਹਤੇ ਹੈਂ ਔਰ ਅਭਿਆਸ ਸੇ ਸਭ ਸੰਭਵ ਹੈ। ਸੰਸਾਰ ਮੇਂ ਏਕ ਹੀ ਸ਼ਕਤੀ ਹੈ ਜੋ ਮਨੁਸ਼ਯ ਕੇ ਮਨ ਕੋ ਬਿਖੇਰ ਦੇਤੀ ਹੈ; ਯੇ ਸੰਸਾਰ ਮੇਂ ਸ਼ਕਤੀ ਹੈ। ਕਿਉਂਕਿ ਮਨ ਕੇ ਕਈ agents (ਪ੍ਰਾਕ੍ਰਿਤਿਕ ਸ਼ਕਤੀਆਂ) ਹੈਂ - ਪੰਚ ਗਿਆਨ ਇੰਦ੍ਰੀਆਂ, ਪੰਚ ਕਰਮ ਇੰਦ੍ਰੀਆਂ - ਹੁਏ ਦਸ। ਇਸੀ ਲੀਏ ਇਸ ਮਨ ਕੋ ਰਾਵਣ ਭੀ ਕਹਾ ਹੈ। ਦਸ ਮੁਖ ਇਸ ਕੇ ਹੈਂ। ਤੋ ਮਨ ਜਬ ਬਾਹਰ ਜਾਤਾ ਹੈ, ਬਾਹਰ ਮੁਖ ਹੋਤਾ ਹੈ, ਤੋ ਪੰਚ ਗਿਆਨ ਇੰਦਰੀਓਂ, ਕਰਮ ਇੰਦਰੀਓਂ ਕਾ ਆਸਰਾ ਲੇਕਰ ਸੰਸਾਰ ਮੇਂ ਵਿਅਸਤ ਰਹਤਾ ਹੈ। ਲੇਕਿਨ ਜਬ ਮਨ ਏਕਾਂਤਿਕ ਬਨਾਇਆ ਜਾਤਾ ਹੈ, ਅਕੇਲਾ ਹੋਤਾ ਹੈ। ਇਸ ਦਸ਼ਾ ਮੇਂ ਕਭੀ ਕਭੀ ਮਨ ਕੋ ਭੈ ਲਗਤਾ ਹੈ - ਪਹਿਲੇ, ਪਹਿਲੇ; ਸਾਧਕ ਭੈ ਖਾ ਜਾਤੇ ਹੈਂ ਕਿਉਂਕਿ ਏਕਾਂਤ ਮੇਂ ਰਹਨੇ ਕਾ ਅਭਿਆਸ ਤੋ ਹੋਤਾ ਨਹੀਂ। ਐਸੇ ਸਾਧਕੋਂ ਕੋ ਸੰਤ ਲੋਗੋਂ ਕੇ ਪਾਸ ਜਾਕਰ ਪੂਛਨਾ ਚਾਹੀਏ; ਕਿਆ ਕਰਨਾ ਚਾਹੀਏ ਆਗੇ? ਵੋ ਕਹਤੇ ਹੈਂ persist (ਡਟੇ ਰਹੋ) continue your ਸਾਧਨਾ (ਸਾਧਨਾ ਕੋ

ਜਾਰੀ ਰਖੋ)। ਸਾਧਨਾ continue ਕਰਨੇ ਪਰ ਵੋ ਭੀ ਏਕ ਸਮਯ ਨਿਕਲ ਜਾਤਾ ਹੈ ਔਰ ਧੀਰੇ ਧੀਰੇ ਅਭੈ ਹੋਤਾ ਹੈ।

ਮੈਂ ਆਪ ਸੇ ਬਾਰ-ਬਾਰ ਕਹਤਾ ਹੂੰ, ਜਬ ਤਕ ਆਪ ਬਾਹਰ ਫਿਰ ਰਹੇ ਹੋ, ਤਬ ਤਕ ਆਪ ਸੁਰਖਸ਼ਿਤ ਨਹੀਂ ਹੋ। ਲੇਕਿਨ ਜਿਸ ਵਕਤ ਆਪ ਨਾਮ ਜਪ ਰਹੇ ਹੋ ਯਾ ਧਿਆਨ ਮੇਂ ਹੋ, ਆਪ ਕਾ ਕੋਈ ਭੀ ਕੁਛ ਨਹੀਂ ਕਰ ਸਕਤਾ, ਆਪ ਮਹਾਨ ਸੁਰਖਸ਼ਿਤ ਹੋ। ਭੈ ਕੇ ਲੀਏ ਜੀਵਨ ਮੇਂ ਕੋਈ ਅਸਥਾਨ ਹੀ ਨਹੀਂ ਹੋਨਾ ਚਾਹੀਏ। ਭੈ ਕਾ ਮਤਲਬ ਹੈ, ਉਸ ਕੋ ਭੂਲ ਕਰ ਕਿਸੀ ਔਰ ਪਰ ਵਿਸ਼ਵਾਸ਼ ਕਰਨਾ। ਤੋ ਕਹਨੇ ਕਾ ਮੇਰਾ ਮਤਲਬ ਯੇ ਹੈ ਕਿ ਅਭੈ ਪਦ ਪ੍ਰਾਪਤ ਕਰਨਾ ਹੋ ਤੋ ਅਪਨੇ ਕੋ ਬਾਰ-ਬਾਰ, ਬਾਰ-ਬਾਰ ਯੇ ਸਿਮਰਨ ਦਿਲਵਾਓ ਮੈਂ ਮਨੁਸ਼ਅ ਨਹੀਂ, ਮੈਂ ਉਸ ਕਾ ਮੰਦਿਰ ਹੂੰ। ਆਪ ਤੋ ਸੁਨੇ ਹੋਂਗੇ (ਗੁਰੂ ਨਾਨਕ ਦੇਵ ਜੀ) ਗਿਨਤੇ-ਗਿਨਤੇ 13 ਪਰ ਜਬ ਗਏ, ਉਨਹੋਂ ਨੇ ਕਹਾ ਤੇਰਾ, ਤੇਰਾ; ਸਬ ਤੇਰਾ ਹੂਆ। ਤੋ ਅਭਿਆਸ ਕਰਨਾ ਬਹੁਤ ਜ਼ਰੂਰੀ ਹੈ ਔਰ ਅਭਿਆਸ ਕਰਨੇ ਕੇ ਲੀਏ ਕਿਸੀ ਕਾਲਜ ਕੀ ਡਿਗਰੀ ਸੇ ਕੋਈ ਤਤਪਰਯ ਨਹੀਂ। ਅਭਿਆਸੀ ਕੋ ਕੋਈ ਬਾਹਰਲੀ education (ਪੜ੍ਹਾਈ) ਕੀ ਅਵਸ਼ਕਤਾ ਨਹੀਂ। ਯੇ ਤੋ ਏਕ ਹੂਆ ਨਾ, ਮੈਨੇ ਇਸ ਧਰਮ ਕੇ ਬਾਬਤ ਪੜ੍ਹਾ, ਉਸ ਧਰਮ ਕੇ ਬਾਬਤ ਨਹੀਂ ਪੜ੍ਹਾ। ਯੇ ਤੋ ਏਕ ਤ੍ਰਿਸ਼ਨਾ ਹੋਤੀ ਹੈ। ਸ਼ਾਸ਼ਤਰੋਂ ਮੇਂ ਤੀਨ ਪ੍ਰਕਾਰ ਕੀ, - ਪੁਤ੍ਰਿਸਨਾ, ਬ੍ਰਤ੍ਰਿਸ਼ਨਾ ਔਰ ਲੋਕ-ਤ੍ਰਿਸ਼ਨਾ; ਲੇਕਿਨ ਏਕ ਔਰ ਤ੍ਰਿਸ਼ਨਾ ਹੋਤੀ ਹੈ - ਵਿਦਿਆ ਪ੍ਰਾਪਤ ਕਰਨੇ ਕੀ; ਯੇ ਭੀ ਏਕ ਤ੍ਰਿਸ਼ਨਾ ਹੈ। ਯੇ ਤਬੀ ਛੂਟਤੀ ਹੈ ਜਬ ਥੋੜਾ ਸਾ ਅਨੁਭਵ ਸਵਾਦ ਮਿਲਨੇ ਲਗਤਾ ਹੈ। ਅਰ ਜਬ ਵੋ ਸਵਾਦ ਮਿਲ ਜਾਤਾ ਹੈ, ਫਿਰ ਕੁਛ ਨਹੀਂ। Jesus Christ (ਈਸਾ ਜੀ) ਕੌਨ ਸੇ ਕਾਲਜ ਮੇਂ ਪੜ੍ਹੇ ਥੇ? ਗੁਰੂ ਨਾਨਕ ਦੇਵ ਜੀ ਕਹਾਂ ਪੜ੍ਹੇ ਥੇ? ਬੁਧ ਕਹਾਂ ਪੜ੍ਹੇ ਥੇ? ਤੋ ਦੁਨੀਆਂ ਮੇਂ ਜਿਤਨੇ research centers (ਖੋਜ ਕੇਂਦਰ) ਹੈਂ, ਇਨ ਕੇ ਸ਼ਬਦੋਂ ਕੇ ਊਪਰ ਚਲ ਰਹੇ ਹੈ ਔਰ ਅਭੀ ਤੱਕ ਕੁਛ ਭੀ ਨਹੀਂ ਕਰ ਪਾਏ ਹੈਂ। ਸਭ ਗ੍ਰੰਥੋਂ ਕਾ ਸਾਰ ਯਹੀ ਹੈ ਕਿ ਅਪਨੇ ਅੰਦਰ ਦੇਖ; ਕਿਉਂ ਭਟਕਤਾ ਹੈ ਇਧਰ ਉਧਰ। ਤੋ, ਮੇਰਾ ਤੋ ਪੂਰਨ ਵਿਸ਼ਵਾਸ਼ ਹੈ; ਅਗਰ ਸਚਮੁਚ ਕਹੋਂ, ਕਈ ਬਾਰ ਐਸਾ ਹੂਆ ਭੀ ਹੈ ਜੋ ਮੈਂ ਬੋਲ ਰਹਾ ਹੂੰ, ਔਰ ਮੁਝੇ ਕੋਈ ਚਿੰਤਾ ਨਹੀਂ ਹੈ। ਅਬ ਕਹਤੇ ਹੈਂ 'ਤੇਰੀ ਗਰਦਨ ਉਤਾਰਤੇ ਹੈਂ।' "ਅਗਰ ਦੇਖਤੇ ਹੋ ਕਿ ਹੈ ਸਚਮੁਚ ਗਰਦਨ, ਤੋ ਉਤਾਰ ਲੋ। ਅਗਰ ਹੈਈ ਨਹੀਂ ਤੋ ਕਿਆ ਉਤਾਰੋਗੇ।" ਵਹੀਂ ਪਰ ਭੈ ਆ ਜਾਏਗਾ ਸਾਮਨੇ, ਜਬ ਕਿ ਆਪ ਭੂਲੋਗੇ। ਕਿਸ ਕਾ ਭੈ, ਕਿਸ ਲੀਏ ਭੈ? ਉਸ ਸਥਿਤੀ ਕਾ ਆਨੰਦ ਲੇਨਾ ਚਾਹੀਏ। Christian Bibles (ਕ੍ਰਿਸ਼ਚੀਅਨ ਬਾਈਬਲ) ਮੇਂ last book (ਆਖਰਰੀ ਪੁਸਤਕ) ਹੈ ਜਿਸ ਕੋ ਕਹਤੇ ਹੈ Book of Revolutions (ਕ੍ਰਾਂਤੀਕਾਰੀ ਪੁਸਤਕ)। ਉਸ Book of Revolutions ਮੇਂ seven churches ਕਾ (ਸਾਤ ਗਿਰਜਾ ਘਰੋਂ ਕਾ) ਵਰਣਨ ਹੈ - ਵੋ ਮੂਲਾਧਾਰ ਸੇ ਸਹਸਰਾਰ ਤੱਕ ਸਾਤੋਂ ਹੀ ਚਕਰੋਂ ਕਾ ਵਰਣਨ ਹੈ - ਉਸਮੇਂ। ਔਰ ਜਿਸਨੇ ਉਸ ਵਿਦਿਆ ਕੋ ਜਾਨਾ, ਵੋ ਕਿਸੀ organised church (ਖਾਸ ਮੱਤ) ਕਾ ਨਹੀਂ ਹੈ; ਸਭ ਸੇ ਬੜੀ ਭਾਰੀ ਬਾਤ ਹੈ। ਸੰਤ ਕੋਈ ਭੀ ਹੋ ਸਕਤਾ ਹੈ; ਜਿਸ ਪਰ ਪ੍ਰਭੂ ਕੀ ਕ੍ਰਿਪਾ ਹੋ ਜਾਏ, ਵਹੀ ਹੋ ਜਾਏਗਾ।

ਮੈਨੇ ਆਪ ਸੇ ਕਹਾ ਥਾ ਨਾ, ਆਪ ਕੋ ਫਿਰ ਯਾਦ ਦਿਲਾਤਾ ਹੂੰ; ਏਕ ਇਸਤਰੀ ਇਤਨੀ ਅੱਛੀ ਥੀ, ਔਰ ਹਰ ਵਕਤ ਪੂਜਾ ਕੀਆ ਕਰਤੀ ਥੀ। ਵੋ ਅਪਨੇ ਪਤੀ ਕੋ ਬਾਰ ਬਾਰ ਕਹਾ ਕਰਤੀ ਥੀ; ਜੈਸੇ ਔਰਤੋਂ ਕਾ ਅਧਿਕਾਰ ਹੋਤਾ ਹੈ ਨਾ, ਕਿ ਤੁਮ ਪੂਜਾ ਨਹੀਂ ਕਰਤੇ। ਕਮ-ਸੇ-ਕਮ ਏਕ ਦਿਨ ਤੋ ਪੂਜਾ ਕਰ ਲੋ, ਮੇਰੇ ਸਾਥ ਮੰਦਿਰ ਚਲੇ ਚਲੋ। ਉਸਨੇ ਕਹਾ, "ਬਈ ਤੂੰ ਹੀ ਕਰ ਲੇ, ਮੈ ਕਿਆ ਕਰੂੰ; ਤੇਰੇ ਕਾਮ ਮੇਂ, ਤੇਰੇ ਬੀਚ ਮੇਂ ਮੈਂ ਨਹੀਂ ਆਤਾ, ਲੇਕਿਨ ਤੂੰ ਕਰਤੀ ਰਹੋ; ਮੇਰੇ ਕੋ ਬਈ ਤੰਗ ਮਤ ਕਰ।" ਕਈ ਸਾਲ ਹੋ ਗਏ, ਉਸਨੇ ਕਹਾ, "ਮੈਂ ਦੇਖੂੰਗੀ ਕਿ ਏਕ ਦਿਨ ਤੂੰ ਭਗਵਾਨ ਪਰ ਵਿਸ਼ਵਾਸ਼ ਕਰੇਗਾ। ਤੂੰ ਏਕ ਬਾਤ ਭੀ ਨਹੀਂ ਮਾਨਾ ਮੇਰੀ, ਏਕ ਦਿਨ ਮੇਰੇ ਸਾਥ ਮੰਦਿਰ ਨਹੀਂ ਗਿਆ।" ਮੈਨੇ ਕਹਾ, "ਤੁਮ ਚਲੀ ਜਾਓ, ਅੱਛੀ ਬਾਤ ਹੈ; ਮੈਂ ਕਿਆ ਕਰੂੰਗਾ ਜਾਕਰ।" ਏਕ ਦਿਨ ਸਵਪਨ ਮੇਂ ਪਤੀ ਕੇ ਮੂੰਹ ਸੇ ਨਿਕਲਾ - 'ਰਾਮ'। ਤੋ ਉਸਨੇ ਆਰਤੀ ਸਜਾਈ ਔਰ ਅਪਨੇ ਪਤੀ ਕੀ ਆਰਤੀ ਕਰਨੇ ਲਗੀ। ਉਸਨੇ ਕਹਾ, "ਕਿਆ ਹੋ ਰਹਾ ਹੈ ਯੇ ਆਧੀ ਰਾਤ ਕੋ। ਅਬੀ ਤੋ ਦੋ ਬਜੇ ਹੈਂ, ਕਿਉਂ ਆਰਤੀ ਕਰ ਰਹੇ ਹੋ ਤੁਮ ਮੇਰੀ? ਔਰ ਦਿਨ ਤੋ ਕਭੀ ਆਰਤੀ ਨਹੀਂ ਕਰਤੀ ਥੀ।" ਉਸ ਨੇ ਪ੍ਰਣਾਮ ਕਰਾ, "ਆਜ ਭਗਵਾਨ ਨੇ ਮੇਰੀ ਬਾਤ ਸੁਨ ਲੀ।" ਬੋਲੇ "ਕਿਆ?" ਬੋਲੇ, "ਮੈਂ ਰੋਜ਼ ਪ੍ਰਾਥਨਾ ਕਰਤੀ ਥੀ ਕਿ ਕਭੀ ਮੈਂ ਤੁਮਾਰੇ ਮੂੰਹ ਸੇ ਭਗਵਾਨ ਕਾ ਨਾਮ ਸੁਨੂੰ।" "ਅਰੇ ਕਿਆ ਹੁਆ?" ਬੋਲੇ, "ਤੁਮਨੇ ਸਵਪਨ ਮੇਂ 'ਰਾ.....ਮ' ਕਹਿ ਦੀਆ।" ਉਸ ਨੇ ਕਹਾ, "ਕਿਆ ਮੇਰੇ ਮੂੰਹ ਸੇ ਬਾਹਰ ਨਿਕਲ ਪੜਾ?" ਵੋ ਸਰੀਰ ਛੋੜ ਗਿਆ - ਉਸੀ ਵਕਤ। ਉਸ ਕੋ ਇਤਨਾ ਦੁਖ ਹੂਆ ਕਿ ਜਿਸਕੋ ਮੈ ਅਭੀ ਤਕ ਹਿਰਦੇ ਮੇਂ ਰਖਾ ਰਹਤਾ ਥਾ; ਔਰ ਜਿਸ ਕੋ ਕਭੀ ਮੈਨੇ ਮੂੰਹ ਪਰ ਨਹੀਂ ਆਨੇ ਦੀਆ ਕਿਉਂਕਿ ਮੂੰਹ ਪਰ ਜੋ ਚੀਜ਼ ਆਤੀ ਹੈ, ਵੋ ਗੰਦੀ ਹੋ ਜਾਤੀ ਹੈ, ਜੂਠੀ ਹੋ ਜਾਤੀ। ਤੋ ਜਿਸ ਕੋ ਮੈਨੇ ਹਿਰਦੇ ਮੇਂ ਸੰਜੋਅ ਕਰਕੇ ਰਖਾ ਥਾ, ਕਿਆ ਵੋ ਮੂੰਹ ਪੇ ਆ ਗਿਆ? ਇਸ ਕਸ਼ਟ ਮੇਂ ਉਸ ਕਾ ਸਰੀਰ ਛੂਟ ਗਿਆ। ਏਕ ਭਗਤੀ ਤੋ ਵੋ ਭੀ ਹੈ। ਇਸ ਲੀਏ ਭਗਤੀ ਕੇ ਜੋ ਵਿਭਿੰਨ ਸਰੂਪ ਹੈਂ - ਬਾਹਰੀਯ ਏਵਮ ਆਂਤਰਿਕ ਭਗਤੀ - ਵੋ ਦੋਨੋਂ ਹੀ ਅੱਛੇ ਹੈਂ। ਤੋ ਮੈਂ ਸੰਤ ਜੀ ਕੇ ਆਦਰ ਔਰ ਪਿਆਰ ਕਾ ਕਿਨ ਸ਼ਬਦੋਂ ਮੇਂ ਵਰਣਨ ਕਰੂੰ? ਔਰ ਮਾਤਾ ਜੀ ਨੇ ਤੋ ਹੱਦ ਹੀ ਕਰ ਡਾਲੀ; ਅਬ ਡਰਨੇ ਲਗ ਗਿਆ ਮੈਂ, ਜਿਸ ਕੋਨੇ ਪੇ ਜਾਊਂ, ਵਹੀਂ ਕੁਝ ਖਾ ਲੇ, ਜਿਹ ਕਰ ਲੇ, ਜਿਹ ਕਰ ਲੇ, ਜਿਹ ਕਰ ਲੇ - ਹਰ ਵਕਤ। ਅਗਰ ਮੈਂ ਸਚਮੁਚ ਪੰਜਾਬ ਮੇਂ ਏਕ ਮਹੀਨਾ ਰਹਿ ਗਿਆ ਤੋ ਮੈਂ ਭੀ ਖੂਬ ਮੋਟਾ ਹੋ ਕੇ ਚਲਾ ਜਾਊਂਗਾ। ਆਪ ਕੇ ਪਿਆਰ ਕਾ, ਸਚ-ਮੁਚ ਜਿਤਨਾ ਪਿਆਰ ਆਪ ਲੋਗ ਦੇਤੇ ਹੋ, ਉਸ ਕਾ ਆਭਾਰ ਪ੍ਰਦਰਸ਼ਿਤ ਕਰਤਾ ਹੂੰ ਔਰ ਈਸ਼ਵਰ ਸੇ ਪ੍ਰਾਰਥਨਾ ਕਰਤਾ ਹੂੰ, ਕਿ ਇਸ ਮਹਾਨ ਪ੍ਰਦੇਸ਼ ਕੇ ਸੰਤ, ਨੇਤਾ, ਮਾਤਾਏਂ, ਬਹਨੇਂ, ਬੱਚੇ ਸਭੀ ਪ੍ਰਸੰਨ ਰਹੇਂ ਔਰ ਅਪਨੀ ਪ੍ਰਸੰਨਤਾ ਕੋ ਸਾਰੇ ਭਾਰਤਵਰਸ਼ ਕੋ ਬਾਂਟੇਂ।

ਮੇਰਾ ਮੇਰਾ ਹਰ ਕੋਈ ਆਖੇ,
ਤੂੰ ਸਭਨਾ ਦਾ ਹੋਇਐਂ।
ਹੋ ਕੇ ਮਾਲਕ ਖੰਡ ਬ੍ਰਹਿਮੰਡ ਦਾ,
ਕਣ ਕਣ ਵਿਚ ਸਮੋਇਐਂ।
ਤੂੰ - ਤੇ ਇਹ ਬੰਨ੍ਹ, ਮੋਹ ਮਾਇਆ ਦੇ,
ਐਵੇਂ ਭਰਮ ਭੁਲੇਖੇ।
ਆਪਣ ਬਿਰਦ ਸਮਾਲੇਂ ਆਪੂੰ,
ਥੰਮ੍ਹਾਂ ਵਿਚ ਖਲੋਇਐਂ।

ਅਜੀਤ ਸਿੰਘ ਲਾਇਲ, ਲੁਧਿਆਣਾ

# ਸਨੇਹੀਆਂ ਦਾ ਪੰਨਾ

**ਬਾਨੀ ਤੇ ਮੁਖੀ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ ਅਤੇ ਆਤਮ ਮਾਰਗ ਦੇ ਸਰਪ੍ਰਸਤ**
**ਸੰਤ ਬਾਬਾ ਵਰਿਆਮ ਸਿੰਘ ਜੀ ਵਲੋਂ ਸਨੇਹੀਆਂ ਦੇ ਨਾਮ ਚਿੱਠੀ**

ਆਤਮ ਮਾਰਗ ਮੈਗਜ਼ੀਨ ਨੂੰ ਅਸੀਂ ਕਦਮ ਵਾ ਕਦਮ ਸੁਧਾਰ ਕਰ ਰਹੇ ਹਾਂ। ਪੁਰਾਤਨ ਗੁਰਸਿਖਾਂ ਦੇ ਜੀਵਨ ਨੂੰ ਮੌਲਿਕ ਰੂਪ ਵਿਚ ਪੇਸ਼ ਕਰਨ ਦਾ ਯਤਨ ਕਰਦੇ ਰਹਾਂਗੇ। ਅਪ੍ਰੈਲ ਮਹੀਨੇ ਅੰਕ ਤੋਂ ਬਾਦ ਮਈ ਮਹੀਨੇ ਦੇ ਅੰਕ ਵੀ ਸਾਰੇ ਖਤਮ ਹੋ ਗਏ ਹਨ ਅਤੇ ਜੂਨ ਅੰਕ ਲਈ ਮਿਕਦਾਰ ਹੋਰ ਜ਼ਿਆਦਾ ਕਰਾਂਗੇ।

ਅਸੀਂ ਚਾਹੁੰਦੇ ਹਾਂ ਕਿ ਇਹ ਰਸਾਲਾ ਸਾਡੇ ਪੱਕੇ ਸਾਥੀਆਂ ਦੇ ਅੰਦਰ ਇਕ ਪ੍ਰਵਾਰਿਕ ਭਾਵਨਾ ਪੈਦਾ ਕਰਕੇ ਪ੍ਰਸਪਰ ਖਿੱਚ ਭਰੀ ਜਾਣਕਾਰੀ ਪ੍ਰਾਪਤ ਕਰ ਸਕੇ। ਇਸੇ ਮੰਤਵ ਨੂੰ ਮੁਖ ਰੱਖ ਕੇ ਅਸੀਂ ਆਪਣੇ ਪ੍ਰਦੇਸ਼ਾਂ ਵਿਚ ਬੈਠੇ ਵੀਰਾਂ, ਭੈਣਾਂ, ਭਰਾਵਾਂ, ਬੱਚਿਆਂ ਨੂੰ ਇਕ ਦੂਜੇ ਦੀ ਜਾਣਕਾਰੀ, ਸਹਿਪਾਠੀ ਹੋਣ ਦੇ ਨਾਤੇ, ਇਸ ਮੈਗਜ਼ੀਨ ਦੇ ਕਾਲਮਾਂ ਵਿਚ ਪ੍ਰਦੇਸੀ ਵੀਰਾਂ ਦੀ ਜਾਣ ਪਛਾਣ ਲਈ ਇਕ ਲਿਸਟ ਛਾਪਣੀ ਹੈ ਤਾਂ ਕਿ ਤੁਹਾਨੂੰ ਪ੍ਰਦੇਸ਼ਾਂ ਵਿਚ ਬੈਠਿਆਂ ਨੂੰ ਇਕ ਦੂਜੇ ਦੀ ਨੇੜਤਾ ਪ੍ਰਾਪਤ ਹੋ ਕੇ ਦੇਸ਼ ਤੋਂ ਦੂਰ ਬੈਠਿਆਂ ਦੀਆਂ ਦੂਰੀਆਂ ਇਕੱਲਾ ਮਹਿਸੂਸ ਨਾ ਹੋਣ। ਇਹ ਲਿਸਟ ਦੇਸ਼ ਵਿਚ ਵਸਦੇ ਸਹਿਯੋਗੀ ਸਹਿਪਾਠੀਆਂ ਦੀ ਜਾਣ-ਪਛਾਣ ਦੇਸ਼ ਅਤੇ ਪ੍ਰਦੇਸ਼ ਵਿਚ ਕਰਵਾਉਣ ਲਈ ਅਸੀਂ ਛਾਪਦੇ ਰਹਾਂਗੇ।

ਸਾਡੀ ਸਦੀਵੀ ਅਰਦਾਸ ਹੈ ਕਿ ਗੁਰੂ ਮਹਾਰਾਜ ਆਪ ਜੀ ਨੂੰ ਗੁਰਬਾਣੀ ਦਾ ਪ੍ਰਕਾਸ਼ ਬਖਸ਼ਣ ਤੇ ਗੁਰੂ ਸਿਧਾਂਤ ਤੋਂ ਜਾਣੂੰ ਕਰਾ ਕੇ ਇਕ ਵਿਸ਼ਵ ਪੱਧਰ ਦਾ ਜੀਵਨ ਬਖਸ਼ਣ। ਸਿੱਖੀ ਦਾ ਆਦਰਸ਼ ਸਰਬ ਸਾਂਝਾ (universal) ਹੋਣ ਕਰਕੇ ਇਕ ਸਮੁੱਚੀ ਇਨਸਾਨੀਅਤ ਅਤੇ ਸਮੁੱਚੇ ਜੀਵਨ ਨੂੰ ਇਕ ਕਲਾਵੇ ਵਿਚ ਪਿਆਰ ਘੁਟਣੀ ਦਿੰਦਾ ਹੈ। ਅਸੀਂ ਆਸ ਕਰਦੇ ਹਾਂ ਕਿ ਸਾਡੇ ਸੂਝਵਾਨ ਪਾਠਕਾਂ ਦੇ ਅੰਤਸ਼ਕਰਣ ਵਿਚ ਪ੍ਰਵੇਸ਼ ਕਰਕੇ ਇਕ ਨਿੱਘੀ ਅਪਣੱਤ ਅਤੇ ਪਿਆਰਾਂ ਭਰਿਆ ਭਾਈਚਾਰਾ ਵਿਸ਼ਵ ਨੂੰ ਸੂਝ ਦੇਣ ਲਈ ਗੁਰੂ ਮਹਾਰਾਜ ਅਪਣਾ ਬਲ ਦੇ ਕੇ ਸ਼ਾਖਸ਼ਾਤ ਕਰਨ।

ਸਨੇਹੀਆਂ ਲਈ ਸ਼ੁਭ ਕਾਮਨਾਵਾਂ

---

## ਅਲੌਕਿਕ ਅਨੁਭਵ

**ਸੰਤ ਸਾਧੂ ਸਿੰਘ ਜੀ, ਡਬਲ. ਐਮ. ਏ, ਸੰਗਰੂਰ ਵਾਲਿਆਂ ਵੱਲੋਂ ਪੁਸਤਕ**
**'ਕਿਵ ਕੂੜੈ ਤੁਟੈ ਪਾਲਿ' ਦੇ ਪ੍ਰਭਾਵ ਬਾਰੇ ਆਪਣਾ ਅਨੁਭਵੀ ਚਿਤਰਨ**

ਆਪਨੇ ਫੁਰਮਾਇਆ ਕਿ ਸਾਧ ਸੰਗਤ ਜੀ, ਮੈਂ ਇਹ ਪੁਸਤਕ ਪੜ੍ਹਦਿਆਂ-ਪੜ੍ਹਦਿਆਂ ਮਹਿਸੂਸ ਕਰਨ ਲੱਗਿਆ ਕਿ ਇਹ ਤਾਂ ਇਕ wonderful ਪ੍ਰਕਾਸ਼ ਦਾ ਸੋਮਾ ਹੈ। ਜਿਉਂ-ਜਿਉਂ ਮੈਂ ਵਾਚਦਾ ਗਿਆ, ਮੈਂ ਪੁਸਤਕ ਦੀ ਗਹਿਰਾਈ ਦੇ ਵਿਚ ਅਬੋਲ ਹੁੰਦਾ ਐਨਾ ਗਹਿਰਾਈ ਵਿਚ ਚਲਿਆ ਗਿਆ ਕਿ ਵੀਹ ਮਿੰਟ ਵਾਸਤੇ ਮੇਰੀ ਗਗਨ ਮੰਡਲ ਵਿਚ ਅਫੁਰ ਸਮਾਧੀ ਲੱਗ ਕੇ ਚੁਗਿਰਦੇ ਨੂੰ ਬਿਲਕੁਲ ਭੁੱਲ ਗਿਆ। ਮੈਂ ਵੀਹ ਮਿੰਟ ਦੇ ਸਮੇਂ ਪਿਛੋਂ ਸਾਵਧਾਨ ਹੋਇਆ ਅਤੇ ਥੋੜ੍ਹਾ ਪੜ੍ਹਨ ਤੋਂ ਬਾਦ ਫਿਰ ਇਕ ਪ੍ਰਕਾਸ਼ ਦਾ ਲਹਿਰਾਂ ਮਾਰਦਾ ਸੰਗੀਤਕ ਧੱਕਾ ਖਾਧਾ ਅਤੇ ਅੱਧੇ ਘੰਟੇ ਵਾਸਤੇ ਮਹਿਸੂਸ ਕੀਤਾ ਕਿ ਮੇਰੀ ਸੁਰਤਿ ਪੂਰਨ ਤੌਰ ਵਿਚ ਅਨਹਤ ਸੁੰਨ ਵਿਚ ਪ੍ਰਵੇਸ਼ ਕਰ ਗਈ ਹੈ ਅਤੇ ਜਿਉਂਦੀ ਜਾਗਦੀ being (ਸਤਿ) ਦੀਆਂ ਝਰਨਾਟਾਂ ਦਿੰਦੀਆਂ ਤਰਬਾਂ ਦੀਆਂ ਮਹਾਨ ਰਸ ਭਰੀਆਂ ਝੁਣਝੁਣੀਆਂ ਮਹਿਸੂਸ ਕਰਦਾ ਪਰਮ ਨਾਦ ਵਿਚ ਲੀਨ ਹੋ ਗਿਆ।

ਮੈਂ ਹੈਰਾਨ ਹੋਇਆ ਕਿ ਇਸ ਪੁਸਤਕ ਦੇ ਸ਼ਬਦਾਂ ਵਿਚ ਕੀ ਕੋਈ ਸਚਮੁਚ ਹੀ ਬਿਜਲਈ ਲਹਿਰਾਂ ਦੀਆਂ ਤਰਬਾਂ ਭਰੀਆਂ ਹੋਈਆਂ ਹਨ। ਮੈਂ ਸਿਰਫ ਇਹੀ ਸਲਾਹ ਦੇ ਸਕਦਾ ਹਾਂ ਕਿ ਇਹ ਪੁਸਤਕ ਹਨ੍ਹੇਰਿਆਂ ਵਿਚ ਪ੍ਰਕਾਸ਼ਕ ਚਮਤਕਾਰੇ ਵਿਖਾਉਣ ਦੀ ਸਮਰਥਾ ਰੱਖਦੀ ਹੈ ਅਤੇ ਉਚ ਕੋਟੀ ਦੇ advanced ਜਗਿਆਸੂਆਂ ਦੇ ਭਰਮ ਦੇ ਪਏ ਹੋਏ ਬੰਧਨ ਤੋੜਨ ਦੀ ਸਮਰੱਥਾ ਰਖਦੀ ਹੈ।

# ਵਿਗਿਆਨ - ਸੰਚਾਰ

ਅਮਨਦੀਪ ਸਿੰਘ ਧਾਲੀਵਾਲ

ਤੇਜ਼ੀ ਨਾਲ ਵਿਗਿਆਨਕ ਉਨਤੀ ਕਰ ਰਹੇ ਇਸ ਯੁੱਗ ਨੇ ਕਈ ਨਵੇਂ ਖੇਤਰਾਂ ਵਿਚ ਹੈਰਾਨ ਕਰਨ ਵਾਲੀਆਂ ਮੱਲਾਂ ਮਾਰੀਆਂ ਹਨ। ਮਨੁੱਖੀ ਜੀਵਨ ਜਿੰਨਾਂ ਵਧੇਰੇ ਗੁੰਝਲਦਾਰ ਬਣਦਾ ਜਾ ਰਿਹਾ ਹੈ, ਉਨਾਂ ਹੀ ਇਸਨੂੰ ਸੌਖ ਵਾਲਾ ਤੇ ਅਨੰਦਦਾਇਕ ਬਣਾਉਣ ਲਈ ਅਨੇਕਾਂ ਤਰ੍ਹਾਂ ਦੇ ਜਤਨ ਕੀਤੇ ਜਾ ਰਹੇ ਹਨ। ਤਰ੍ਹਾਂ-ਤਰ੍ਹਾਂ ਦੀਆਂ ਵਿਗਿਆਨਕ ਕਾਢਾਂ ਕੱਢੀਆਂ ਜਾ ਰਹੀਆਂ ਹਨ। ਵਿਗਿਆਨੀ ਚਤੋ ਪਹਿਰ ਮਨੁਖ ਨੂੰ ਬਹੁਭਾਂਤੀ ਸਹੂਲਤਾਂ ਪਰਦਾਨ ਕਰਨ ਲਈ ਲਗਾਤਾਰ ਜੁਟੇ ਹੋਏ ਹਨ।

ਅੱਜ ਸਾਰਾ ਵਿਸ਼ਵ ਇਕ ਪਿੰਡ ਜਾਪਣ ਲੱਗ ਪਿਆ ਹੈ। ਜਿਵੇਂ ਪਿੰਡ ਦੇ ਲੋਕ ਆਪਸ ਵਿਚ ਇਕ ਦੂਜੇ ਨੂੰ ਨਿੱਤ ਮਿਲਦੇ-ਜੁਲਦੇ ਹਨ, ਇਕ ਦੂਜੇ ਦਾ ਹਾਲ-ਚਾਲ ਪੁੱਛਦੇ ਹਨ, ਇਕ ਦੂਜੇ ਦਾ ਦੁੱਖ-ਸੁੱਖ ਵੰਡਾਉਂਦੇ ਹਨ ਤੇ ਉਨ੍ਹਾਂ ਵਿਚ ਇਕ ਨਵੇਕਲੀ ਭਾਈਚਾਰਕ ਏਕਤਾ ਤੇ ਸਾਂਝ ਬਣੀ ਰਹਿੰਦੀ ਹੈ, ਇਵੇਂ ਹੀ ਹੁਣ ਸੰਸਾਰ ਦੇ ਵੱਖ-ਵੱਖ ਮੁਲਕਾਂ ਦੇ ਲੋਕ ਇਕ ਦੂਜੇ ਨਾਲ ਇਹੋ ਜਿਹੀ ਮਨੁੱਖੀ ਨੇੜਤਾ ਤੇ ਸਾਂਝ ਅਨੁਭਵ ਕਰਨ ਲਗ ਪਏ ਹਨ। ਕੀ ਹੋਇਆ ਜੇ ਅਜੇ ਸਿੱਧੇ ਤੌਰ ਤੇ ਇਕ ਦੂਜੇ ਨੂੰ ਆਹਮੋ-ਸਾਹਮਣੇ ਮਿਲਣਾ-ਜੁਲਣਾ ਇੰਨਾਂ ਸੰਭਵ ਨਹੀਂ ਹੋਇਆ ਪਰ ਸੰਚਾਰ ਸਾਧਨਾਂ ਦੇ ਖੇਤਰ ਵਿਚ ਹੋਈ ਤਰੱਕੀ ਨੇ ਉਹਨਾਂ ਨੂੰ ਆਪਣੇ ਘਰਾਂ ਵਿਚ ਬੈਠਿਆਂ, ਦਫਤਰਾਂ, ਕਾਰਖਾਨਿਆਂ ਜਾਂ ਖੇਤਾਂ ਵਿਚ ਕੰਮ ਕਰਦਿਆਂ, ਕਾਰਾਂ, ਮੋਟਰਾਂ ਤੇ ਸਫਰ ਕਰਦਿਆਂ ਇਕ ਦੂਜੇ ਨਾਲ ਗੱਲਬਾਤ ਕਰਨ ਦੇ ਅਵਸਰ ਤਾਂ ਪ੍ਰਦਾਨ ਕਰ ਹੀ ਦਿਤੇ ਹਨ।

ਪਿਛਲੇ ਦਸਾਂ ਸਾਲਾਂ ਵਿਚ ਤਾਂ ਦੂਰ-ਸੰਚਾਰ ਦੇ ਖੇਤਰ ਵਿਚ ਬੜੀਆਂ ਵੱਡੀਆਂ ਪੁਲਾਘਾਂ ਪੁੱਟੀਆਂ ਗਈਆਂ ਹਨ। ਦੂਰ-ਸੰਚਾਰ ਟੈਕਨਾਲੋਜੀ ਦੇ ਵਿਕਾਸ ਉਪਰ ਪਾਈ ਇਕ ਤਰਦੀ ਝਾਤ ਸਾਨੂੰ ਵਿਸ਼ਵ ਨਾਲ ਡੂੰਘੇਰੀ ਸਾਂਝ ਪਾਉਣ ਦੀ ਚੇਤਨਾ ਪ੍ਰਦਾਨ ਕਰਗੀ।

ਅਰੰਭਕ ਪੜਾਅ ਦਾ ਦੂਰ-ਸੰਚਾਰ ਮੁੱਖ ਤੌਰ ਤੇ ਟੈਲੀਗ੍ਰਾਫੀ ਤੇ ਆਧਾਰਤ ਸੀ। ਇਸ ਤੋਂ ਬਾਅਦ ਟੈਲੀਫੋਨੀ ਨੇ ਵਿਸ਼ੇਸ਼ ਸਥਾਨ ਹਾਸਲ ਕਰ ਲਿਆ, ਜੋ ਸੰਚਾਰ ਦਾ ਸਰਬ ਵਿਆਪਕ ਸਾਧਨ ਬਣ ਗਿਆ। ਹੁਣ ਤਾਂ ਨਾ ਕੇਵਲ ਇਹ ਟੈਕਨਾਲੋਜੀ ਦੇ ਵਿਕਾਸ ਦੀਆਂ ਨਵੀਆਂ ਸਿਖਰਾਂ ਵੱਲ ਵਧ ਰਿਹਾ ਹੈ, ਸਗੋਂ ਇਸਦੀ ਵਰਤੋਂ ਕਰਨ ਵਾਲਿਆਂ ਦਾ ਮਿੱਤਰ (user friendly) ਵੀ ਬਣਦਾ ਜਾ ਰਿਹਾ ਹੈ।

'ਜਾਣਕਾਰੀ' ਵਿਚ ਹੋਈ ਕ੍ਰਾਂਤੀਕਾਰੀ ਤਰੱਕੀ ਨੇ ਲਗ-ਭਗ ਕਿਸੇ ਵੀ ਮੁਲਕ ਨੂੰ ਆਪਣੇ ਘੇਰੇ 'ਚੋਂ ਬਾਹਰ ਨਹੀਂ ਰਹਿਣ ਦਿਤਾ। ਪਿਛਲੇ ਵਰ੍ਹਿਆਂ ਵਿਚ ਇਹ ਭਾਰਤ ਵਿਚ ਇਕ ਤੂਫਾਨੀ ਜੋਸ਼ ਨਾਲ ਪਰਵੇਸ਼ ਕਰ ਗਈ ਹੈ ਤੇ ਅੱਜ ਹਰ ਭਾਰਤੀ ਸਿੱਧੇ ਜਾਂ ਅਸਿੱਧੇ ਤੌਰ ਤੇ ਇਸ ਤੋਂ ਪ੍ਰਭਾਵਿਤ ਹੈ। ਸਾਡੀਆਂ ਹੱਦਾਂ ਮਿਟਦੀਆਂ ਜਾ ਰਹੀਆਂ ਹਨ।

ਸਨਅਤੀ ਰੁਝਾਨ ਦਸਦੇ ਹਨ ਕਿ ਬਿਜਲਈ ਵਿਗਿਆਨ (electronics) ਸੰਸਾਰ ਦੀ ਚੌਥੀ ਵੱਡੀ ਸੱਨਅਤ ਹੈ ਤੇ ਅਗਲੇ ਚੌਹਾਂ ਸਾਲਾਂ ਨੂੰ ਇਹ ਵਿਸ਼ਵ ਦੀ ਸਭ ਤੋਂ ਵੱਡੀ ਸੱਨਅਤ ਬਣ ਜਾਵੇਗੀ। ਇਥੇ 'ਸ਼ਕਤੀ' ਨਵੇਂ ਅਰਥਾਂ ਵਿਚ ਸਾਡੇ ਸਨਮੁਖ ਆਈ ਹੈ। ਸ਼ਕਤੀ ਉਹ ਸਮਰਥਾ ਹੈ ਜੋ ਦੂਜਿਆਂ ਦੇ ਕਾਰਜ ਨੂੰ ਪ੍ਰਭਾਵਿਤ ਕਰਦੀ ਹੈ। ਐਲਵਿਨ ਟੌਫਲਰ ਅਨੁਸਾਰ ਸ਼ਕਤੀ (power), ਹਿੰਸਾ ਤੋਂ ਧਨ ਤੇ ਧਨ ਤੋਂ ਤਕਨਾਲੋਜੀ ਵੱਲ ਸ਼ਿਫਟ ਹੋ ਗਈ ਹੈ। ਆਉਣ ਵਾਲੇ ਸਮਿਆਂ ਵਿਚ ਵਿਸ਼ਵ ਦੇ ਮੁਲਕਾਂ ਦੀ ਵੰਡ ਧਨ ਦੇ ਅਧਾਰ ਤੇ ਨਹੀਂ ਸਗੋਂ ਤੇਜ਼ ਤੇ ਸੁਸਤ ਜਾਂ ਢਿੱਲੜ ਮੁਲਕਾਂ ਵਜੋਂ ਕੀਤੀ ਜਾਵੇਗੀ। ਤੇਜ਼ ਮੁਲਕ ਉਹ ਹੋਵੇਗਾ ਜਿਸਦੀ ਦੂਰ ਸੰਚਾਰ ਵਿਵਸਥਾ ਪ੍ਰਣਾਲੀ ਤੇ ਸੇਵਾਵਾਂ, ਸੁਯੋਗ, ਨਿਪੁੰਨ ਤੇ ਖਾਮੀਆਂ ਰਹਿਤ ਹੋਣਗੀਆਂ। ਜੋ ਆਪਣੇ ਲੋਕਾਂ ਨੂੰ ਤੁਰਤ-ਫੁਰਤ ਜਾਣਕਾਰੀ ਪੁਚਾਉਣ ਤੇ ਤਬਦੀਲ ਕਰਨ ਵਿਚ ਸਭ ਤੋਂ ਅੱਗੇ ਆਉਣਗੀਆਂ। ਤੇਜ਼ੀ ਨਾਲ ਵਾਪਰ ਰਹੀਆਂ ਇਨ੍ਹਾਂ ਗਤੀਵਿਧੀਆਂ ਨੇ ਸਾਨੂੰ ਬਹੁਤ ਸਾਰੀ ਨਵੀਂ ਸ਼ਬਦਾਵਲੀ ਦਿਤੀ ਹੈ। ਨਵੀਆਂ ਪ੍ਰਣਾਲੀਆਂ ਦਿਤੀਆਂ ਹਨ। ਨਵੀਆਂ ਧਾਰਨਾਵਾਂ ਤੇ ਸੰਕਲਪ ਸਾਡੇ ਰੋਜ਼ਾਨਾ ਜੀਵਨ ਦਾ ਅਹਿਮ ਹਿੱਸਾ ਬਣਦੇ ਜਾ ਰਹੇ ਹਨ। ਇਨ੍ਹਾਂ ਬਾਰੇ ਮੁਢਲੀ ਤੇ ਸਧਾਰਨ ਜਾਣਕਾਰੀ ਤੋਂ ਬਿਨਾਂ ਅਸੀਂ ਆਪਣੇ ਆਪ ਨੂੰ ਮੇਲੇ ਵਿਚ ਗੁੰਮ ਹੋਏ ਬੱਚੇ ਵਾਂਗ ਮਹਿਸੂਸ ਕਰਾਂਗੇ। ਇਸ ਸਬੰਧ ਵਿਚ ਅਸੀਂ ਅਵੇਸਲੇ ਹੋ ਕੇ ਬੈਠੇ ਨਹੀਂ ਰਹਿ ਸਕਦੇ। ਇਸ ਸਾਰੇ ਵਰਤਾਰੇ ਤੋਂ ਅਸੀਂ ਅੱਖਾਂ ਨਹੀਂ ਮੀਟ ਸਕਦੇ। ਇਹ ਸਾਡੀ ਮਜ਼ਬੂਰੀ ਹੈ। ਸਾਨੂੰ ਇਸ ਸਭ ਕ੍ਰਾਂਤੀਕਾਰੀ ਪਸਾਰੇ ਦੀ ਕੰਨੀ ਫੜਨੀ ਹੀ ਹੋਵੇਗੀ; ਹੋਰ ਕੋਈ ਚਾਰਾ ਨਹੀਂ। ਨਹੀਂ ਤਾਂ ਅਸੀਂ ਫਹੁੜੀਆਂ ਨਾਲ ਚੱਲਣ ਵਾਲੇ ਅਪੰਗ ਵਿਅਕਤੀਆਂ ਦੀ ਤਰ੍ਹਾਂ ਹੋਵਾਂਗੇ।

---

ਪੰਨਾ ੧੭ ਦੀ ਬਾਕੀ

ਬਦੀ ਦੀਆਂ ਤਾਕਤਾਂ ਮਨੁੱਖ ਦੇ ਮੁੱਢਲੇ ਹੱਕਾਂ ਦੀ ਜੜ੍ਹ ਵੱਢਣ ਦੇ ਆਹਰ ਵਿਚ ਹਨ। ਗੁਰੂ ਨਾਨਕ ਦਾ ਘਰ, ਮੁੱਢ ਕਦੀਮ ਤੋਂ ਹੀ ਸੱਚ, ਪ੍ਰੇਮ, ਅਣਖ ਤੇ ਅਜ਼ਾਦੀ ਦਾ ਰਾਖਾ ਰਿਹਾ ਹੈ। ਜਨਤਾ ਨੂੰ ਬੰਧਨਾ ਤੋਂ ਛੁਡਾਉਣ ਦਾ ਕੰਮ ਸ਼ਾਂਤਮਈ ਢੰਗ ਨਾਲ ਕੀਤਾ ਜਾਵੇਗਾ ਪਰ ਹੁਣ ਸਮੇਂ ਘੋਰ ਆ ਗਏ ਹਨ। ਮੈਂ ਸ਼ਹਾਦਤ ਲਈ ਜਾਂਦਾ ਹਾਂ, ਸ਼ਾਇਦ ਤੁਰਕਾਂ ਦੀ ਆਤਮਾ ਜਾਗ ਪਏ ਪਰ ਅਜਿਹਾ ਨਾ ਹੋ ਸਕਿਆ ਤਾਂ ਆਪ ਸ਼ਸ਼ਤਰ ਪਹਿਨੋ......ਜ਼ੁਲਮ ਤੇ ਜ਼ਾਲਮ ਦੇ ਖਿਲਾਫ਼ ਡਟ ਜਾਉ।

ਗੁਰੂ ਅਰਜਨ ਦੇਵ ਜੀ ਤੋਂ ਬਾਦ ਭਗਤੀ ਨਾਲ ਸ਼ਕਤੀ ਦਾ ਸੰਚਾਰ ਹੋਇਆ। ਅਕਾਲ ਤਖ਼ਤ ਦੀ ਉਸਾਰੀ, ਯੋਧਿਆਂ ਦੀਆਂ ਵਾਰਾਂ ਦਾ ਗਾਉਣਾ, ਘੋੜੇ, ਸ਼ਸ਼ਤਰ ਤੇ ਸੂਰਮਿਆਂ ਦੀ ਭਰਤੀ ਇਸ ਗਲ ਦਾ ਪ੍ਰਤੀਕ ਹੈ ਕਿ ਸ਼ਕਤੀ ਦੀ ਵਰਤੋਂ ਡੀਫੈਂਸ ਵਿਚ ਕਰਨ ਨਾਲ ਸਵੈਮਾਨ, ਅਣਖ , ਇਜ਼ਤ, ਧਾਰਮਿਕ ਅਜ਼ਾਦੀ ਮੁੜ ਸਥਾਪਿਤ ਹੋ ਜਾਂਦੀ ਹੈ ਜੋ ਗੁਰੂ ਹਰਿਗੋਬਿੰਦ ਜੀ ਨੇ ਕੀਤਾ। ਇਹ ਸਾਰਾ ਸ਼ਹਾਦਤ ਦਾ ਹੀ ਪ੍ਰਭਾਵ ਸੀ।

30 ਜੂਨ 1606 ਈ. ਨੂੰ ਗੁਰੂ ਜੀ ਨੂੰ ਯਾਸਾ ਅਨੁਸਾਰ ਮੌਤ ਦੀ ਸਜ਼ਾ ਦਿਤੀ ਗਈ। ਇਸ ਸਜ਼ਾ ਅਨੁਸਾਰ ਮਨੁੱਖ ਨੂੰ ਜਾਂ ਤਾਂ ਅਗਨੀ ਵਿਚ ਸਾੜ ਦਿਤਾ ਜਾਂਦਾ ਹੈ ਜਾਂ ਪਾਣੀ ਵਿਚ ਡਬੋ ਕੇ ਖਤਮ ਕਰ ਦਿਤਾ ਜਾਂਦਾ ਹੈ।

# ਨਿਸ਼ਚਾ

ਡਾ. ਕੁਲਦੀਪ ਸਿੰਘ

ਨਿਸ਼ਚਾ ਸਾਡੀ ਖੰਡਿਤ ਤਾਕਤ (scattered energy) ਨੂੰ ਇਕ ਪਾਸੇ ਕੇਂਦ੍ਰਿਤ ਕਰਦਾ ਹੈ। ਬੱਚੇ ਦੇ ਪਹਿਲਾ ਕਦਮ ਪੁੱਟਣ ਤੋਂ, ਸਾਇੰਸਦਾਨ ਦੇ ਪੁਲਾੜ ਵਿਚ ਚੰਦ ਉਤੇ ਕਦਮ ਰੱਖਣ ਤੱਕ, ਨਿਸ਼ਚੇ ਦੀ ਲੋੜ ਹੈ। ਸਿਹਤ ਵਿਗਿਆਨ ਵਿਚ ਸ਼ਰੀਰਕ ਸੁੱਖ ਅਤੇ ਦੁਖ, ਜ਼ਿੰਦਗੀ ਅਤੇ ਮੌਤ ਵਿਚ ਸਿਰਫ ਨਿਸ਼ਚੇ ਦਾ ਫਰਕ ਹੈ। ਇਸ ਗੱਲ ਨੂੰ ਸਮਝਣ ਲਈ ਦੋ ਘਟਨਾਵਾਂ ਦਾ ਜ਼ਿਕਰ ਜ਼ਰੂਰੀ ਸਮਝਦੇ ਹਾਂ।

ਇਕ ਫੁਟਬਾਲ ਦੇ ਮੈਚ ਦੌਰਾਨ ਕੁਛ ਦਰਸ਼ਕਾਂ ਨੂੰ ਪੇਟ ਦਰਦ ਅਤੇ ਉਲਟੀਆਂ ਦੀ ਸ਼ਿਕਾਇਤ ਹੋ ਗਈ। ਲਾਊਡ ਸਪੀਕਰਾਂ ਵਿਚ ਐਲਾਨ ਹੋਇਆ ਕਿ ਕੋਲਡ ਡ੍ਰਿੰਕ ਦੀ ਡਿਸਪੈਂਸਿੰਗ ਮਸ਼ੀਨ ਵਿਚ ਖਰਾਬੀ ਕਾਰਣ ਤਕਲੀਫਾਂ ਹੋ ਰਹੀਆਂ ਹਨ ਅਤੇ ਲੋਕਾਂ ਨੂੰ ਕੋਲਡ ਡ੍ਰਿੰਕ ਪੀਣ ਤੋਂ ਵਰਜਿਆ। ਸੁਣਦੇ ਸਾਰ ਹੀ ਉਲਟੀਆਂ ਅਤੇ ਪੇਟ ਦਰਦ ਵਾਲਿਆਂ ਦੀ ਗਿਣਤੀ ਵਧ ਗਈ। ਮਰੀਜ਼ਾਂ ਨੂੰ ਸੰਭਾਲਣਾ ਔਖਾ ਹੋ ਗਿਆ ਅਤੇ ਹੈਰਾਨੀ ਦੀ ਗੱਲ ਇਹ ਹੋਈ ਕਿ ਜਿਨ੍ਹਾਂ ਨੇ ਕੋਲਡ ਡ੍ਰਿੰਕ ਨਹੀਂ ਵੀ ਸੀ ਪੀਤਾ, ਉਹ ਵੀ ਉਲਟੀਆਂ ਕਰਦੇ ਅਤੇ ਪੇਟ ਤੇ ਹੱਥ ਰੱਖਦੇ ਵੇਖੇ ਗਏ। ਸਟੇਡੀਅਮ ਦਾ ਵਿਗੜਦਾ ਮਾਹੌਲ ਦੇਖ ਇਕ ਸੂਝਵਾਨ ਦੇ ਕਹਿਣ ਤੇ ਐਲਾਨ ਹੋਇਆ ਕਿ ਮਸ਼ੀਨ ਵਿਚ ਕੋਈ ਨੁਕਸ ਨਹੀਂ ਮਿਲਿਆ, ਕਾਰਣ ਕੋਈ ਹੋਰ ਹੋ ਸਕਦਾ ਹੈ। ਸੁਣਦੇ ਸਾਰ ਮਰੀਜ਼ ਠੀਕ ਹੋਣੇ ਸ਼ੁਰੂ ਹੋ ਗਏ ਅਤੇ ਮੈਚ ਦਾ ਆਨੰਦ ਮਾਣਨ ਲੱਗੇ।

ਦੂਜੀ ਘਟਨਾ ਇਕ ਆਮ ਪਿੰਡ ਦੀ ਹੈ। ਸਵੇਰੇ ਰੋਟੀ ਖਾਣ ਵੇਲੇ ਇਕ ਬੀਬੀ ਨੇ ਲੱਸੀ ਪੀਣ ਲਗਿਆਂ ਚਾਟੀ ਵਿਚ ਮਰਿਆ ਸੱਪ ਵੇਖਿਆ ਅਤੇ ਘਬਰਾ ਕੇ ਆਪਣੇ ਪਤੀ ਅਤੇ ਪੁੱਤਰ ਨੂੰ ਖੇਤਾਂ ਵਿਚ ਦੇਖਣ ਗਈ ਜੋ ਥੋੜ੍ਹੀ ਦੇਰ ਪਹਿਲਾਂ ਰੋਟੀ-ਲੱਸੀ ਖਾ ਪੀ ਕੇ ਗਏ ਸਨ। ਘਬਰਾਈ ਹੋਈ ਬੀਬੀ ਨੇ ਉਨ੍ਹਾਂ ਨੂੰ ਪੁਛਿਆ, ਤੁਸੀਂ ਠੀਕ ਹੋ? ਲੱਸੀ ਵਿਚ ਸੱਪ ਮਰੇ ਹੋਣ ਦੀ ਗੱਲ ਦੱਸੀ। ਸੁਣਦੇ ਸਾਰ ਪਤੀ ਅਤੇ ਪੁੱਤਰ ਦਮ ਤੋੜ ਗਏ।

ਇਹੋ ਜਿਹੀਆਂ ਘਟਨਾਵਾਂ ਆਮ ਵਾਪਰਦੀਆਂ ਹਨ। ਪਹਿਲੀ ਘਟਨਾ ਵਿਚ ਚੜ੍ਹਦੀ ਕਲਾ ਦੇ ਨਿਸ਼ਚੇ ਨੇ ਸਰੀਰਕ ਦੁਖ ਨੂੰ ਸੁਖ ਵਿਚ ਬਦਲ ਦਿਤਾ ਅਤੇ ਦੂਜੀ ਘਟਨਾ ਵਿਚ ਢਹਿੰਦੀ ਕਲਾ ਦੇ ਨਿਸ਼ਚੇ ਨੇ ਜ਼ਿੰਦਗੀ ਨੂੰ ਮੌਤ ਵਿਚ ਤਬਦੀਲ ਕਰ ਦਿਤਾ।

ਅੱਜ ਦਾ ਮਰੀਜ਼ ਐਲੋਪੈਥਿਕ, ਆਯੁਰਵੈਦਿਕ ਅਤੇ ਹੋਮਿਓਪੈਥਿਕ ਡਾਕਟਰਾਂ ਕੋਲ ਦੌੜਾਂ ਲਗਾ ਕੇ ਸਾਹੋ-ਸਾਹ ਹੋਇਆ ਪਿਆ ਹੈ। ਰੰਗ-ਬਰੰਗੀਆਂ ਗੋਲੀਆਂ ਅਤੇ ਦਵਾਈਆਂ ਪੀ ਕੇ ਆਫਰ ਗਿਆ ਹੈ ਅਤੇ ਰੋਗਾਂ ਨੂੰ ਠੱਲ ਨਾ ਪੈਂਦੀ ਦੇਖ, ਡਾਵਾਂ-ਡੋਲ ਹੋਇਆ ਬੇ-ਬਸ, ਲਾਚਾਰ ਦੀ ਮੂਰਤ ਬਣ ਗਿਆ ਹੈ। ਮਰੀਜ਼ ਦੇ ਠੀਕ ਹੋਣ ਲਈ ਡਾਕਟਰ ਦੀ ਅਤੇ ਦਵਾਈ ਦੀ ਇਤਨੀ ਅਹਿਮੀਅਤ ਨਹੀਂ, ਜਿਤਨੀ ਮਰੀਜ਼ ਦੇ ਆਪਣੇ ਠੀਕ ਹੋਣ ਦੇ ਨਿਸ਼ਚੇ ਦੀ। ਇਸ ਗੱਲ ਨੂੰ ਸਾਡੇ ਡਾਕਟਰ ਜਾਣਦੇ ਹਨ ਅਤੇ ਮੈਡੀਕਲ ਸਾਇੰਸਦਾਨਾਂ ਨੇ ਇਸ ਬਾਰੇ ਬਹੁਤ ਤਜਰਬੇ ਵੀ ਕੀਤੇ ਹਨ। ਇਹੋ ਜਿਹੀ ਇਕ ਕ੍ਰਿਆ ਜਿਸਨੂੰ ਪਲੇਸਬੋ ( Placebo effect) ਕਹਿੰਦੇ ਹਾਂ, ਸਾਂਝੀ ਕਰੀਏ। ਇਸ ਤਜਰਬੇ ਅਧੀਨ ਸਿਰ ਦਰਦ ਦੇ ਮਰੀਜ਼ਾਂ ਦੇ ਦੋ ਗਰੁਪ ਬਣਾ ਲਏ। ਇਕ ਨੂੰ ਅਸਲੀ ਦਵਾਈ ਵਾਲੀ ਗੋਲੀ ਨਾਵਲਜੀਨ ਦਿਤੀ ਗਈ ਪਰ ਦੱਸਿਆ ਗਿਆ - ਫੋਕੀ ਸਟਾਰਚ ਦੀ ਗੋਲੀ, ਅਤੇ ਦੂਜੇ ਗਰੁਪ ਨੂੰ ਸਟਾਰਚ ਦੀ ਗੋਲੀ ਨਾਵਲਜੀਨ ਦੱਸ ਕੇ ਦਿਤੀ ਗਈ। ਇਕ ਘੰਟੇ ਬਾਦ ਅਸਲੀ ਗੋਲੀ ਖਾਣ ਵਾਲਿਆਂ ਦਾ ਸਿਰ ਦਰਦ ਠੀਕ ਨਾ ਹੋਇਆ ਪਰ ਫੋਕੀ ਸਟਾਰਚ ਦੀ ਗੋਲੀ ਵਾਲੇ ਸਿਰ ਦਰਦ ਤੋਂ ਮੁਕਤ ਸਨ।

ਮੈਡੀਕਲ ਪ੍ਰਣਾਲੀ ਵਿਚ ਨਿਸ਼ਚਾ ਦੋ ਤਰ੍ਹਾਂ ਦਾ ਹੁੰਦਾ ਹੈ, ਚੜ੍ਹਦੀ ਕਲਾ ਦੇ ਨਿਸ਼ਚੇ (Empowering conviction) ਜੋ ਜ਼ਿੰਦਗੀ ਵਿਚ ਤਰੱਕੀ ਵਾਲੇ ਪਾਸੇ ਲਿਜਾਂਦੇ ਹਨ ਅਤੇ ਆਦਮੀ ਆਪਣੀ ਨਿਸਚਿਤ ਕੀਤੀ ਮੰਜ਼ਿਲ ਪ੍ਰਾਪਤ ਕਰਕੇ ਸੁਖ, ਖੁਸ਼ੀ ਮਾਣਦਾ ਹੈ। ਦੂਜਾ ਢਹਿੰਦੀ ਕਲਾ (Disempowering conviction) ਦੇ ਨਿਸ਼ਚੇ ਇਨਸਾਨ ਨੂੰ ਗਿਰਾਵਟ ਵਾਲੇ ਪਾਸੇ ਲਿਜਾਂਦੇ ਹਨ, ਚਾਹੇ ਉਹ ਸਮਾਜਿਕ, ਆਰਥਿਕ ਜਾਂ ਸਦਾਚਾਰਕ ਪੱਧਰ ਦੀ ਕਿਉਂ ਨਾ ਹੋਵੇ।

ਕੋਈ ਵੀ ਖਿਆਲ, ਚੜ੍ਹਦੀ ਕਲਾ ਜਾਂ ਢਹਿੰਦੀ ਕਲਾ ਦਾ, ਪਹਿਲਾਂ ਡਾਵਾਂ-ਡੋਲ ਇਰਾਦੇ (Opinion) ਤੋਂ ਸ਼ੁਰੂ ਹੁੰਦਾ ਹੈ। ਹਾਲਾਤ ਅਤੇ ਅਨੁਭਵ ਮੁਤਾਬਿਕ ਡਾਵਾਂ-ਡੋਲ ਇਰਾਦਾ ਵਿਸ਼ਵਾਸ਼ (Belief) ਵਿਚ ਬਦਲਦਾ ਹੈ ਅਤੇ ਵਿਸ਼ਵਾਸ਼ ਬਾਰ-ਬਾਰ ਮਨ ਦੀ ਕਸੌਟੀ ਤੇ ਖਰਾ ਉਤਰ ਕੇ ਨਿਸ਼ਚਾ ਬਣਾਂਦਾ ਹੈ, ਜਿਸਨੂੰ ਬਦਲਣਾ ਔਖਾ ਹੁੰਦਾ ਹੈ।

ਨਿਸ਼ਚਾ ਨਾ ਬਣਨ ਦਾ ਕਾਰਣ, ਸਾਨੂੰ ਆਪਣੀ ਮੰਜ਼ਿਲ ਦਾ ਨਾ ਪਤਾ ਹੋਣਾ ਹੈ। ਮੰਜ਼ਿਲ ਇਸ ਲਈ ਗਿਆਤ ਨਹੀਂ ਕਿਉਂਕਿ ਇਸ ਬਾਰੇ ਅਸੀਂ ਕੋਈ ਪੱਕਾ ਫੈਸਲਾ ਗਿਆਨਵਸ, ਅਨੁਭਵ ਅਤੇ ਹੋਸ਼ੋਹਵਾਸ ਵਿਚ ਆ ਕੇ ਨਹੀਂ ਲਿਆ। ਸ਼ੁਰੂ ਵਿਚ ਸਾਡੀ ਜ਼ਿੰਦਗੀ ਦੀ ਮੰਜ਼ਿਲ ਮਾਂ ਬਾਪ ਰੱਖਦੇ ਹਨ ਅਤੇ ਉਹ ਵੀ ਅਗਿਆਨਤਾ ਵਸ। ਹਰ ਮਾਂ ਬਾਪ ਆਪਣੇ ਬੱਚੇ ਦੀ ਜ਼ਿੰਦਗੀ ਦੀ ਮੰਜ਼ਿਲ ਡਾਕਟਰ, ਇੰਜੀਨੀਅਰ, ਡੀ. ਸੀ. ਜਾਂ ਕੋਈ ਹੋਰ ਅਹੁਦਾ ਰੱਖ ਦਿੰਦਾ ਹੈ। ਕੋਈ ਵੀ ਮਾਂ ਬਾਪ ਬੱਚੇ ਨੂੰ ਚੰਗਾ ਇਨਸਾਨ ਬਣਾਉਣ ਦੀ ਮੰਜ਼ਿਲ ਨਾ ਰੱਖ ਕੇ ਉਸਨੂੰ ਦੁੱਖਾਂ ਵੱਲ ਧੱਕ ਦਿੰਦਾ ਹੈ। ਬੱਚਾ ਵੱਡਾ ਹੋ ਕੇ ਦੁਨੀਆਦਾਰ ਤਾਂ ਬਣ ਜਾਂਦਾ ਹੈ ਅਤੇ ਉਹ ਆਪਣੀ ਅਗਲੀ ਮੰਜ਼ਿਲ ਪੈਸਾ ਅਤੇ ਦੁਨਿਆਵੀ ਭੋਗਾਂ ਨੂੰ ਸਮਝ ਬੈਠਦਾ ਹੈ। ਚੰਗੇ ਮੰਦੇ ਕਰਮਾਂ ਦੀ ਜ਼ੰਜੀਰ ਆਪਣੇ ਦੁਆਲੇ ਲਪੇਟ ਲੈਂਦਾ ਹੈ। ਜ਼ਿੰਦਗੀ ਵਿਚ ਅਸਲੀ ਮੰਜ਼ਿਲ (ਜੀਵ ਆਤਮਾ ਦਾ ਪ੍ਰਮਾਤਮਾ ਮਿਲਣ) ਪ੍ਰਾਪਤ ਕੀਤੇ ਬਿਨਾਂ ਹੀਰੇ ਜੈਸੇ ਜਨਮ ਨੂੰ ਕੌਡੀਆਂ ਬਦਲੇ ਗਵਾ ਕੇ ਲੇਖੇ ਜੋਖੇ ਵਿਚ ਪਿਆ ਰਹਿੰਦਾ ਹੈ-

***ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥***
***................ਮਨਿ ਅੰਧੈ ਜਨਮੁ ਗਵਾਇਆ॥ ਪੰਨਾ - 464***

ਇਸਦੀ ਆਰਥਿਕ ਹਾਲਤ ਚੰਗੀ ਹੁੰਦੇ ਹੋਏ ਵੀ ਸਰੀਰਕ ਰੋਗ ਅਤੇ ਫਿਕਰ ਘੇਰੀ ਰੱਖਦੇ ਹਨ।

***ਵਡੇ ਵਡੇ ਜੋ ਦੀਸਹਿ ਲੋਗ ॥ ਤਿਨ ਕਉ ਬਿਆਪੈ ਚਿੰਤਾ ਰੋਗ॥***

ਜੇ ਇਨਸਾਨ ਪੈਸੇ ਵਲੋਂ ਗਰੀਬ ਰਹਿ ਗਿਆ ਤਾਂ ਉਹ ਆਪਣੀ ਝੂਠੇ ਲਾਲਚ ਲੋਭ ਪੈਸੇ ਨੂੰ ਆਪਣੀ ਮੰਜ਼ਿਲ ਸਮਝ ਕੇ ਛਲ ਕਪਟ ਨਾਲ ਇਕੱਠਾ ਕਰਨ ਵਿਚ ਜ਼ਿੰਦਗੀ ਖਰਾਬ ਕਰ ਦਿੰਦਾ ਹੈ। ਉਸਦੀ ਆਸਾ ਅਤੇ ਮਨਸਾ ਸਰੀਰਕ ਰੋਗ ਦਾ ਕਾਰਨ ਬਣਦੀ ਹੈ। ਅਗਿਆਨਤਾ ਕਾਰਨ ਜ਼ਿੰਦਗੀ ਵਿਚ ਦੁਨਿਆਵੀ ਮੰਜ਼ਿਲਾਂ ਤੇ ਮੰਜ਼ਿਲਾਂ ਮਿੱਥ ਕੇ ਹਉਮੈ ਦੀ ਝਖਣਾ-ਝਾਖ ਵਿਚ ਆਪਣੀ ਤਾਕਤ ਨੂੰ ਬਖੇਰੀ ਰੱਖ ਕੇ ਆਤਮਿਕ ਪੱਧਰ ਤੇ ਕਮਜ਼ੋਰ ਹੁੰਦਾ ਚਲਾ ਜਾਂਦਾ ਹੈ। ਨਤੀਜੇ ਵਜੋਂ ਵਿਕਾਰ ਤੱਕੜੇ ਹੋ ਕੇ ਮਨ ਤੇ ਸਰੀਰਕ ਰੋਗ ਪੈਦਾ ਕਰਦੇ ਹਨ।

ਲੜੀ ਜੋੜਨ ਲਈ ਦੇਖੋ,
ਮਈ ਅੰਕ, ਪੰਨਾ - 47

# ਸਿਹਤ ਵਿਗਿਆਨ

**ਅਫਾਰ** -1. ਅਫਿਰ, ਅਮੋੜ "ਚਲੇ ਹੁਕਮ ਅਫਾਰ"। ਅਜੇਹਾ ਹੁਕਮ ਜਿਸ ਨੂੰ ਕੋਈ ਰੋਕ ਨਹੀਂ ਸਕਦਾ। "ਬਿਨ ਗੁਰੂ ਕਾਲ ਅਫਾਰ" ਅਫਿਰ (ਅਮੋਟ) ਹੈ। "ਕਰਿਆ ਹੁਕਮ ਅਫਾਰਾ" 2. ਵਿਸਤਾਰ ਸਹਿਤ, ਫੈਲਿਆ ਹੋਇਆ 3. ਚੌੜਾ 4. ਵੱਡਾ "ਮੋਲ ਅਫਾਰਾ ਸਚ ਅਫਾਰਾ" "ਤਾ ਕੇ ਭਾਰ ਅਫਾਰ" 5. ਤੁੰਦ ਤੇਜ਼ "ਬਰਤਹਿ ਹੋਇ ਅਫਾਰ" 6. ਆਧਮਾਨ ਰੋਗ ਨਫ਼ਖ ਸ਼ਿਕਮ flatulence ਨਾ ਪਚਣ ਵਾਲੀ ਚੀਜ਼ਾਂ ਦਾ ਖਾਣਾ, ਬਾਦੀ ਦਾ ਜ਼ਿਆਦਾ ਹੋਣਾ, ਖੁਲ੍ਹਕੇ ਮੈਲ ਨਾ ਝੜਨੀ, ਮੇਦੇ ਅਤੇ ਜਿਗਰ ਵਿਚ ਕੋਈ ਖਰਾਬੀ ਹੋਣੀ ਆਦਿਕ ਕਾਰਣਾਂ ਤੋਂ ਇਹ ਰੋਗ ਹੁੰਦਾ ਹੈ। ਪੇਟ ਮਸ਼ਕ ਦੀ ਤਰ੍ਹਾਂ ਫੁਲ ਜਾਂਦਾ ਹੈ, ਸਾਹ ਔਖਾ ਆਉਂਦਾ ਹੈ। ਢਿੱਡ ਵਿਚ ਕਦੇ ਮੁਸਮੁਸੀ ਹੁੰਦੀ ਹੈ, ਜੀ ਮਤਲਾਉਂਦਾ ਹੈ ਜੋ ਅੱਖ ਦੀਆਂ ਵਿਚ ਲਿਖੀ ਦਵਾਈਆਂ ਵਰਤਣੀਆਂ ਚਾਹੀਏ। ਜੇ ਅਫਾਰਾ ਵਾਰ-ਵਾਰ ਹੋਵੇ ਅਤੇ ਕਈ-ਕਈ ਦਿਨ ਰਹੇ, ਤਦ ਹੇਠ ਲਿਖੀ ਗੋਲੀਆਂ ਸੇਵਨ ਕਰਨੀਆਂ ਲੋੜੀਏ -

ਨਿਸੋਤ ਦੋ ਹਿੱਸੇ, ਮਘਾਂ ਚਾਰ ਹਿੱਸੇ, ਹਰੜ ਪੰਜ ਹਿੱਸੇ, ਇਨ੍ਹਾਂ ਦਾ ਕੁੱਟ ਛਾਣ ਕੇ ਚੂਰਣ ਬਣਾ ਕੇ, ਸਭ ਦੇ ਸਮਾਨ ਗੁੜ ਮਿਲਾ ਕੇ, ਦੋ ਮਾਸੇ ਦੀਆਂ ਗੋਲੀਆਂ ਕਰ ਲੈਣੀਆਂ। ਸਵੇਰ ਵੇਲੇ ਜਲ ਨਾਲ ਇਕ ਜਾਂ ਦੋ ਗੋਲੀਆਂ ਲੈਣ ਤੇ ਅਫਾਰਾ ਜਾਂਦਾ ਰਹਿੰਦਾ ਹੈ।

ਮਸਤਗੀ ਰੂਮੀ ਤਿੰਨ ਮਾਸੇ ਪੀਸ ਕੇ, ਇਕ ਤੋਲਾ ਗੁਲਕੰਦ ਵਿਚ ਮਿਲਾ ਕੇ ਖਾਣੀ ਅਤੇ ਸੌਂਫ ਪੋਦੀਨੇ ਦਾ ਅਰਕ ਪੀਣਾ ਲਾਭਦਾਇਕ ਹੈ। ਅਭਿਮਾਨ ਨਾਲ ਆਦਮੀ ਦਾ ਫੂਲਣਾ, ਖ਼ੁੱਦੀ ਨਾਲ ਆਫਰਨਾ, ਹੰਕਾਰ ਨਾਲ ਆਕੜਨਾ, "ਏਕ ਮਹਲਿ ਤੂੰ ਹੋਹਿ ਅਫਾਰੋ, ਏਕ ਮਹਲਿ ਨਿਮਾਨੋ" "ਆਕੀ ਮਰਹਿ ਅਫਾਰੀ।"

**ਆਂਤਰੋਗ** - ਅੰਤੜੀ (ਆਂਤਰ) ਦੀ ਬੀਮਾਰੀ, ਜਿਸ ਨੂੰ ਛਿਦ੍ਰੋਦਰ ਜਾਂ ਬੱਧਗੁਦੋਦਰ ਭੀ ਆਖਦੇ ਹਨ। ਵਰਮ ਰੋਦਹ phlebitis ਵੈਦਯਕ ਗ੍ਰੰਥਾਂ ਵਿਚ ਲਿਖਿਆ ਹੈ ਕਿ ਜੋ ਅਹਾਰ ਨਾਲ ਬਾਲੂ ਰੇਤਾ, ਤਿਨਕਾ, ਕੰਡਾ, ਹੱਡੀ, ਲੱਕੜ ਦੀ ਕਰੜੀ ਛਿੱਲ ਆਦਿ ਅੰਦਰ ਜਾਣ ਤੋਂ ਆਂਦ ਛਿੱਲੀ ਜਾਵੇ ਅਥਵਾ ਪੌਣ ਦੇ ਜੋਰ ਨਾਲ ਆਂਤ ਪਾਟ ਜਾਵੇ ਤਾਂ ਛਿਦ੍ਰ ਦਵਾਰਾ ਆਂਤ ਵਿਚੋਂ ਪਾਕਰਸ ਬਾਹਰ ਨਿਕਲਣ ਲਗ ਜਾਂਦਾ ਹੈ। ਇਸ ਦੇ ਕਾਰਣ ਕਦੇ ਕਦੇ ਛਿਦ੍ਰੋਦਕ (ਜਲੋਦਰ) ਰੋਗ ਭੀ ਹੋ ਜਾਂਦਾ ਹੈ।

ਇਸ ਤੋਂ ਬਿਨਾਂ, ਆਂਤ ਵਿਚ ਬਲ ਪੈ ਜਾਣਾ ਅਥਵਾ ਵਾਤ ਰੋਗ ਨਾਲ ਆਂਦਰਾਂ ਫੁਲ ਜਾਣੀਆਂ ਆਦਿਕ ਅਨੇਕ ਆਂਤ ਰੋਗ ਹਨ। ਇਨ੍ਹਾਂ ਰੋਗਾਂ ਦਾ ਬਹੁਤ ਛੇਤੀ ਕਿਸੇ ਸਿਆਣੇ ਹਕੀਮ, ਡਾਕਟਰ ਅਥਵਾ ਵੈਦ ਤੋਂ ਇਲਾਜ ਕਰਾਉਣਾ ਚਾਹੀਏ। ਆਂਤ ਦੇ ਰੋਗੀ ਨੂੰ ਕਰੜੀ ਅਤੇ ਭਾਰੀ ਚੀਜ਼ਾਂ ਨਹੀਂ ਖਾਣੀਆਂ ਚਾਹੀਦੀਆਂ ਅਤੇ ਜਿਸ ਤੋਂ ਮੈਲ ਆਂਤ ਵਿਚ ਜਮਾ ਨ ਰਹੇ, ਉਹ ਉਪਾਉ ਕਰਨਾ ਲੋੜੀਏ। "ਕੇਤੇ ਆਂਤ ਰੋਗ ਤੇ ਟਰੇ।"

**ਆਮਪਾਤ** - ਆਮ (ਕੱਚੇ) ਗਰਭ ਦਾ ਪਾਤ (ਡਿਗਣਾ)। 2. ਆਂਉ ਦੇ ਡਿਗਣ ਨੂੰ ਭੀ ਆਮਪਾਤ ਆਖਦੇ ਹਨ। ਜਠਰਾਗਿਨ ਦੇ ਨਿਰਬਲ ਹੋਣ ਤੋਂ ਅਨਪਚ ਦੇ ਕਾਰਣ ਅੰਨ ਦਾ ਕੱਚਾ ਰਸ ਵਿਕਾਰੀ ਹੋ ਜਾਂਦਾ ਹੈ। ਇਹੀ ਆਂਉਂ ਦੀ ਸ਼ਕਲ ਹੋ ਕੇ ਅੰਤੜੀ ਤੋਂ ਬਾਹਰ ਆਉਂਦਾ ਹੈ। ਆਂਉ ਵਿਚ ਬਹੁਤ ਦੁਰਗੰਧ ਹੁੰਦੀ ਹੈ ਅਰ ਪਾਣੀ ਵਿਚ ਡੁੱਬ ਜਾਂਦੀ ਹੈ। ਇਸ ਰੋਗ ਵਿਚ ਚਾਵਲ, ਸਾਬੂਦਾਨਾ ਆਦਿਕ ਨਰਮ ਗਿਜ਼ਾ ਖਾਣੀ ਚਾਹੀਏ, ਭਾਰੀ ਅਤੇ ਕਰੜੇ ਭੋਜਨ ਦੁਖਦਾਈ ਹਨ। ਜੇ ਅੰਤੜੀ ਵਿਚ ਜ਼ਖਮ ਹੋ ਜਾਵੇ ਅਤੇ ਆਂਉਂ ਨਾਲ ਲਹੂ ਆਵੇ ਅਤੇ ਮੈਲ ਦਰਦ ਨਾਲ ਝੜੇ, ਤਦ ਇਸ ਨੂੰ ਮਰੋੜਾ ਅਥਵਾ ਪੇਚਿਸ ਆਖਦੇ ਹਨ।

ਆਂਉਂ ਦੇ ਰੋਗੀ ਨੂੰ ਹਾਊਬੇਰ, ਅਦਰਕ, ਮੋਥਾ, ਅਤੇ ਪਿੱਤ ਪਾਪੜਾ ਉਬਾਲ ਕੇ ਪਿਆਉਣਾ ਗੁਣਕਾਰੀ ਹੈ। ਬਿੱਲ ਦਾ ਗੁੱਦਾ ਗੁੜ ਨਾਲ ਮਿਲਾ ਕੇ ਖਾਣਾ ਜਾਂ ਚਾਹ ਦੀ ਤਰ੍ਹਾਂ ਪੀਣਾ ਚੰਗਾ ਹੈ। ਸੁੰਢ, ਚਿੱਟਾ ਜੀਰਾ, ਸੇਂਧਾ ਲੂਣ, ਹਿੰਗ, ਜਾਇਫਲ, ਅੰਬ ਦੀ ਗੁਠਲੀ, ਬਿੱਲ, ਕੱਥ ਅਤੇ ਭੜਿੰਗੀ ਦਾ ਚੂਰਣ ਦਹੀਂ ਨਾਲ ਫੱਕਣਾ ਬਹੁਤ ਹੱਛਾ ਅਸਰ ਕਰਦਾ ਹੈ। "ਆਮਪਾਤ ਅਰੁ ਸ਼ੋਣਤ ਪਾਤਾ।"

**ਅੰਡ ਵ੍ਰਿਧਿ** - ਅੰਡ (ਫੋਤਿਆਂ) ਵਿਚ ਪਾਣੀ ਉਤਰਨਾ ਅਤੇ ਉਨ੍ਹਾਂ ਦਾ ਵਧ ਜਾਣਾ। ਕੀਲਾਏ ਮਾਯਹ, ਬਾਦੀ ਵਾਲੀ ਚੀਜ਼ਾਂ ਖਾਣ, ਬਾਦੀ ਵਾਲੇ ਦੇਸ਼ ਰਹਿਣ, ਮਲ ਮੂਤ ਰੋਕ ਕੇ ਵਿਸ਼ੇ ਭੋਗ ਕਰਨ, ਤਾੜੀ ਦੀ ਸ਼ਰਾਬ ਬਹੁਤ ਪੀਣ ਤੋਂ ਇਹ ਰੋਗ ਹੁੰਦਾ ਹੈ। ਵੈਦਕ ਵਿਚ ਵਾਤਜ, ਪਿੱਤਜ, ਰਕਤਜ ਆਦਿ ਇਸ ਦੇ ਸੱਤ ਭੇਦ ਲਿਖੇ ਹਨ। ਰੋਗੀ ਨੂੰ ਚਾਹੀਏ ਕਿ ਕਿਸੇ ਸਿਆਣੇ ਵੈਦ ਅਥਵਾ ਡਾਕਟਰ ਤੋਂ ਇਲਾਜ ਕਰਾਵੇ। ਇਸ ਵਿਚ ਲੇਪ ਮਾਲਿਸ਼ ਅਤੇ ਖਾਣ ਦੀਆਂ ਦਵਾਈਆਂ ਤਜਰਬੇਕਾਰ ਹਕੀਮ ਦੀਆਂ ਵਰਤਣੀਆਂ ਲੋੜੀਏ, ਕਿਉਂਕਿ ਜਿਸ ਕਾਰਣ ਤੋਂ ਅੰਡ ਵ੍ਰਿਧਿ ਹੋਈ ਹੈ ਉਸੇ ਅਨੁਸਾਰ ਇਲਾਜ ਹੋਣਾ ਠੀਕ ਹੈ। ਹੇਠ ਲਿਖੀ ਦਵਾ ਖਾਣੀ ਲਾਭਦਾਇਕ ਸਿੱਧ ਹੋਈ ਹੈ - ਵੱਡੀ ਹਰੜ ਦੀ ਛਿੱਲ, ਜੰਗ ਹਰੜਾਂ, ਚਰਾਇਤਾ, ਧਨੀਆਂ ਦੋ-ਦੋ ਤੋਲੇ, ਲੌਂਗ ਇਕ ਤੋਲਾ, ਸਨਾ ਚਾਰ ਤੋਲੇ - ਸਭ ਦਾ ਚੂਰਣ ਕਪੜ ਛਾਣ ਕਰਕੇ ਚੂਰਣ ਤੋਂ ਡਿਊਢੀ ਖੰਡ ਅਤੇ ਖੰਡ ਦੇ ਬਰਾਬਰ ਸ਼ਹਿਦ ਮਿਲਾ ਕੇ ਮਿੱਟੀ ਦੇ ਭਾਂਡੇ ਵਿਚ ਰੱਖੋ। ਉਮਰ ਅਤੇ ਬਲ ਅਨੁਸਾਰ ਇਹ ਚਟਨੀ, ਜਲ ਨਾਲ ਨਿੱਤ ਖਾਵੋ।

ਇਕ ਤੋਲਾ ਸੁੱਕੀ ਭੰਗ ਗੁੜ ਵਿਚ ਮਿਲਾ ਕੇ ਫੋਤਿਆਂ ਤੇ ਬੰਨ੍ਹਣੀ ਅਥਵਾ ਕੇਸੂ ਭਿਉਂ ਕੇ ਅਤੇ ਘੀ ਵਿਚ ਝੱਸ ਕੇ ਬੰਨ੍ਹਣੇ ਗੁਣਕਾਰੀ ਹਨ।

- ਚਲਦਾ -

**(ਮਹਾਨ ਕੋਸ਼ ਵਿੱਚੋ ਧੰਨਵਾਦ ਸਹਿਤ)**

# ਸਮਾਗਮ ਅਤੇ ਸਰਗਰਮੀਆਂ

ਪੰਜ ਪਿਆਰਿਆਂ ਦੇ ਮੁਖੀ ਜਥੇਦਾਰ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਦੀ ਸੰਪ੍ਰਦਾਇ ਵਿਚ ਕਰਨੀ ਕਮਾਈ ਵਾਲੇ ਮਹਾਂਪੁਰਸ਼ ਹੋਏ ਹਨ। ਅਜੋਕੇ ਸਮੇਂ ਪਰਮ ਪੂਜ ਸਤਿਕਾਰ ਯੋਗ ਮਹਾਂਪੁਰਸ਼ (ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ) ਬਾਨੀ ਤੇ ਮੁਖੀ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ ਚੰਡੀਗੜ੍ਹ ਰਤਵਾੜਾ ਸਾਹਿਬ ਵਾਲਿਆਂ ਦਾ ਇਸ ਸੰਪ੍ਰਦਾਇ ਵਿਚ ਨਿਵੇਕਲਾ ਸਥਾਨ ਹੈ। ਇਸ ਮਿਸ਼ਨ ਵਲੋਂ ਅਜੋਕੇ ਸਾਇੰਸ ਦੇ ਜੁਗ ਵਿਚ ਅਤਿ ਆਧੁਨਿਕ ਢੰਗਾਂ ਦੀ ਵਰਤੋਂ ਕਰਕੇ ਰੂਹਾਨੀ ਪ੍ਰਚਾਰ ਹੋ ਰਿਹਾ ਹੈ। ਗੁਰਬਾਣੀ ਦੇ ਅਲੱਗ-ਅਲੱਗ ਵਿਸ਼ਿਆਂ ਤੇ ਅਧਾਰਿਤ 515 ਵੀਡੀਓ ਫਿਲਮਾਂ ਮਹਾਂਪੁਰਸ਼ਾਂ ਦੇ ਕੀਰਤਨ ਵਿਖਿਆਨ ਦੀਆਂ ਹੁਣ ਤਕ ਬਣ ਚੁੱਕੀਆਂ ਹਨ। ਇਨ੍ਹਾਂ ਫਿਲਮਾਂ ਰਾਹੀਂ ਦੇਸ਼ਾਂ-ਵਿਦੇਸ਼ਾਂ ਦੇ ਵਿਚ ਪ੍ਰਚਾਰ ਹੋ ਰਿਹਾ ਹੈ। ਨਾਮ ਜਪਣ ਵਾਲੇ ਜਗਿਆਸੂਆਂ ਨੂੰ ਇਨ੍ਹਾਂ ਫਿਲਮਾਂ ਤੋਂ ਸਹੀ ਸੇਧ ਮਿਲ ਰਹੀ ਹੈ। ਮਿਸ਼ਨ ਦੇ 17 T.V. & V.C.P. ਸੈਟਾਂ ਰਾਹੀਂ ਪਿੰਡਾਂ ਦੇ ਵਿਚ ਗੁਰਮਤਿ ਪ੍ਰਚਾਰ ਦੀ ਨਿਸ਼ਕਾਮ ਸੇਵਾ ਹੋ ਰਹੀ ਹੈ।

**ਜਨ ਸਿਹਤ ਸੇਵਾ**

- ਰਤਵਾੜਾ ਸਾਹਿਬ ਹਰ ਰੋਜ਼ ਸਵੇਰੇ 9.00 ਵਜੇ ਤੋਂ ਦੁਪਿਹਰ 2.00 ਵਜੇ ਤਕ ਡਾਕਟਰ ਮਰੀਜ਼ਾਂ ਦਾ ਮੁਆਇਨਾ ਕਰਕੇ ਦਵਾਈਆਂ ਦਿੰਦੇ ਹਨ।
- ਹਰੇਕ ਬੁੱਧਵਾਰ ਨੂੰ ਰਤਵਾੜਾ ਸਾਹਿਬ ਹੋਮਿਓਪੈਥੀ ਦੇ ਡਾਕਟਰ ਆ ਕੇ ਦਵਾਈ ਦਿੰਦੇ ਹਨ।
- ਰਤਵਾੜਾ ਸਾਹਿਬ ਵਿਖੇ ਹਰ ਪੂਰਨਮਾਸ਼ੀ ਅਤੇ ਸੰਗਰਾਂਦ ਦੇ ਸਮਾਗਮ ਸਮੇਂ ਹੱਡੀਆਂ ਦੇ ਮਾਹਿਰ ਡਾਕਟਰ ਫਰੀ ਇਲਾਜ ਕਰਦੇ ਹਨ।

**ਮਹਾਂਪੁਰਸ਼ਾਂ (ਸੰਤ ਬਾਬਾ ਵਰਿਆਮ ਸਿੰਘ ਜੀ) ਦੇ ਰੁਝੇਵੇਂ**

- ਹਰ ਰੋਜ਼ ਮਹਾਂਪੁਰਸ਼ ਸਵੇਰੇ 9.00 ਤੋਂ 10.00 ਵਜੇ ਤਕ ਅਤੇ ਰਾਤ ਨੂੰ 8.00 ਤੋਂ 9.00 ਵਜੇ ਤਕ ਸੰਗਤਾਂ ਦੇ ਰੂਹਾਨੀ ਸ਼ੰਕੇ ਨਵਿਰਤ ਕਰਦੇ ਹਨ।
- ਅੰਮ੍ਰਿਤ ਵੇਲੇ ਸ਼ਹਿਰ ਵਿਚ ਮਿਸ਼ਨ ਦੇ ਦੋ ਬੀਬੀਆਂ ਦੇ ਜੱਥਿਆਂ ਦੇ ਆਸਾ ਦੀ ਵਾਰ ਦੇ ਪ੍ਰੋਗਰਾਮਾਂ ਤੇ ਵੀ ਪਹੁੰਚਦੇ ਹਨ।

**ਮਹਾਂਪੁਰਸ਼ਾਂ ਦੇ ਹੇਠ ਲਿਖੇ ਪ੍ਰੋਗਰਾਮ ਪੱਕੇ ਤੌਰ ਤੇ ਹੁੰਦੇ ਹਨ**

**ਪੂਰਨਮਾਸ਼ੀ ਅਤੇ ਸੰਗਰਾਂਦ** - ਰਤਵਾੜਾ ਸਾਹਿਬ ਵਿਖੇ 11.00 ਵਜੇ ਤੋਂ ਬਾਦ ਦੁਪਿਹਰ 3.00 ਵਜੇ ਤਕ।

**ਮੱਸਿਆ** - ਗੁਰਦੁਆਰਾ ਈਸ਼ਰ ਪ੍ਰਕਾਸ਼ ਬਨੂੜ ਵਿਖੇ ਅਤੇ **ਦਸਮੀ** - ਗੁਰਦੁਆਰਾ ਯਾਦਗਰ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਦੇ ਅਸਥਾਨ ਰਾਜਪੁਰਾ ਵਿਖੇ ਰਾਤ ਦੇ ਸਮੇਂ 8.00 ਤੋਂ 11 ਵਜੇ ਤਕ।

**ਐਤਵਾਰ** - 781, 3ਬੀ-1, ਮੋਹਾਲੀ ਵਿਖੇ 11.00 ਵਜੇ ਤੋਂ ਦੁਪਿਹਰ 3.00 ਵਜੇ ਤਕ।

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

## ਆਤਮ ਮਾਰਗ ਮੈਗਜ਼ੀਨ ਪ੍ਰਾਪਤ ਕਰਨ ਵਾਸਤੇ ਕੇਂਦਰ

**ਨਾਂ ਤੇ ਪੂਰਾ ਪਤਾ**

1. ਬੀਬੀ ਦਵਿੰਦਰ ਕੌਰ ਸੈਕਟਰੀ
   ਕੋਠੀ ਨੰ: 1704, ਸੈਕਟਰ 33-ਬੀ, ਚੰਡੀਗੜ੍ਹ।
2. ਬੀਬੀ ਚਰਨਜੀਤ ਕੌਰ
   ਮਕਾਨ ਨੰ: 2921, ਸੈਕਟਰ 20-ਬੀ, ਚੰਡੀਗੜ੍ਹ।
3. ਭਾਈ ਕੁਲਬੀਰ ਸਿੰਘ
   781, 3 ਬੀ 1, ਸੈਕਟਰ 60, ਮੋਹਾਲੀ
4. ਭਾਈ ਦਵਿੰਦਰ ਸਿੰਘ
   ਸੀਤਲ ਡੀਪਾਰਟਮੈਂਟਲ ਸਟੋਰ,
   ਐਸ. ਸੀ. ਐਫ. 36, 3ਬੀ2 , ਮੋਹਾਲੀ
5. ਭਾਈ ਗੁਰਦੀਪ ਸਿੰਘ (ਰਤਵਾੜਾ ਸਾਹਿਬ)
6. ਭਾਈ ਬਰਜਿੰਦਰ ਸਿੰਘ ਮੋਟੇ ਮਾਜਰੇ ਵਾਲੇ
   ਲਾਇਲਪੁਰੀਆਂ ਦੀ ਮਠਿਆਈ ਦੀ ਪ੍ਰਸਿੱਧ ਦੁਕਾਨ
   ਜੀ. ਟੀ. ਰੋਡ ਬਨੂੜ।
7. ਮਾਸਟਰ ਲਾਭ ਸਿੰਘ
   ਪਿੰਡ : ਧਮੋਲੀਆਂ, ਰਾਜਪੁਰਾ
8. ਬਲਦੇਵ ਸਿੰਘ ਸਾਹਨੀ
   ਸਾਹਨੀ ਫਰੂਟ ਐਂਡ ਜੂਸ ਸ਼ਾਪ
   ਰਾਜਪੁਰਾ ਟਾਊਨ
9. ਭਾਈ ਨਿਰਮਲ ਸਿੰਘ ਹਵੇਲੀ
10. ਭਾਈ ਭੁਪਿੰਦਰ ਸਿੰਘ ਚੱਕੀ ਵਾਲੇ, ਕੋਟਲਾ ਨਿਹੰਗ
11. ਭਾਈ ਇੰਦਰਜੀਤ ਸਿੰਘ ਪਿੰਡ ਸੈਫਲਪੁਰ
12. ਮਾਸਟਰ ਸੁਰਿੰਦਰ ਸਿੰਘ, ਪਿੰਡ ਝੱਲੀਆਂ
13. ਇੰਜ: ਜਸਵੰਤ ਸਿੰਘ
    67 Type 4, ਦਸ਼ਮੇਸ਼ ਥਰਮਲ ਪਲਾਂਟ ਕਲੋਨੀ,
    ਰੋਪੜ

**ਗੌਰਮਿੰਟ ਕਾਲਜ ਆਫ ਐਜੂਕੇਸ਼ਨ ਦੀ 38ਵੀਂ ਕਨਵੋਕੇਸ਼ਨ**

ਗੌਰਮਿੰਟ ਕਾਲਜ ਆਫ ਐਜੂਕੇਸ਼ਨ, ਸੈਕਟਰ 20 ਚੰਡੀਗੜ੍ਹ ਵਿਖੇ, ਸੰਤ ਬਾਬਾ ਵਰਿਆਮ ਸਿੰਘ ਜੀ ਦਾ ਕਾਲਜ ਦੀ 38ਵੀਂ ਕਨਵੋਕੇਸ਼ਨ ਨੂੰ ਸੰਬੋਧਨ ਦਾ ਤਸਵੀਰਾਂ ਰਾਹੀਂ ਚਿਤਰਨ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਲੋਂ ਛਾਪੀ ਗਈ ਰਿਪੋਰਟ।

# GOVERNMENT COLLEGE OF EDUCATION, SECTOR 20-D, CHANDIGARH


## ANNUAL CONVOCATION

Sant Waryam Singh Ji, Chairman and Founder Head, Vishav Roohani Mission, stressed the urgent need to have 'Pra-Vidya' alongwith 'Apra Vidya' for the realization of self at the 38th convocational address of the college on 9th April, 1993.

Addressing the teacher graduates, he wished for the restoration of the lost Ancient Indian tradition and glory of the 'Guru' (teacher). He also stressed the need for practising 'Dharma' in its most wider sense which transcends all the narrow domains of religion.

He listed non-violence, forgiveness, truthful living reliability, all-round purity as the outstanding features of a teacher. He reminded the would be teachers of the great task of nation-building entrusted to them and coaxed them to carry out teaching profession as their religion. He told that carrying out one's assigned duty with utmost devotion and perfection is the greatest religion in the world. He asked them to perceive this whole world as one unit and educate the pupils for building up such universe as based on mutual faith and love.


Dr. (Mrs.) Tejinder Malhotra, Principal of the college read out the annual report and distributed degrees among more than 200 teacher graduates.



Sant Waryam Singh ji deliverling the Convocation address



Bibi Ranjit Kaur ji & Sant Waryam Singh ji sitting on the dias alongwith the principal Dr. (Mrs.) Tejinder Malhotra and Members of the faculty are sitting on their back side



Bibi Ranjit Kaur ji giving away the prize to an outstanding teacher graduate

With Best Compliments From

# *Prestigious Departmental Store (Centrally Air-Conditioned)*

*Opening Shortly*

in

**City Beautiful**

of

*International Standards*

## happy to welcome you



**Sital Departmental Stores Pvt. Ltd.**

S C F - 36, PHASE - 3B2, SAS NAGAR (MOHALI)

PHONES - 674745, 676449

*(Various Consumer Goods available under one roof)*